Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।



RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 837, 15 to 21 Jan., 2025, Ph: 916-320-9444, E-mail: punjabmailusa@yahoo.com, Web: punjabmailusa.com

# ਕੈਲੀਫੋਰਨੀਆ ਦਾ ਸ਼ਹਿਰ ਲਾਸ ਏਂਜਲਸ ਅੱਗ ਦੇ ਘੇਰੇ 'ਚ

- ਹੁਣ ਤੱਕ 30 ਦੇ ਕਰੀਬ ਮੌਤਾਂ, 15 ਹਜ਼ਾਰ ਬਿਲਡਿੰਗਾਂ ਸੜ ਕੇ ਸੁਆਹ
- 60 ਹਜ਼ਾਰ ਸੁਕੇਅਰ ਮੀਲ 'ਚ ਫੈਲੀ ਅੱਗ; ਅੱਗਾਂ ਹਾਲੇ ਵੀ ਜਾਰੀ





ਫਾਇਰ ਬ੍ਰਿਗੇਡ ਦਾ ਮੁਲਾਜ਼ਮ ਜੰਗਲ 'ਚ ਲੱਗੀ ਅੱਗ ਬੁਝਾਉਂਦਾ ਹੋਇਆ। (ਇਨਸੇਟ) ਲਾਸ ਏਂਜਲਸ ਖੇਤਰ 'ਚ ਫੈਲੀ ਭਿਆਨਕ ਅੱਗ ਨੂੰ ਦਰਸਾਉਂਦਾ ਨਕਸ਼ਾ।





**ਲਾਸ ਏਂਜਲਸ (ਅਮਰੀਕਾ) (ਪੰਜਾਬ ਮੇਲ)**- ਲਾਸ ਏਂਜਲਸ ਦੇ ਇਤਿਹਾਸ ਦੀ ਸਭ ਤੋਂ ਭਿਆਨਕ ਜੰਗਲ ਦੀ ਅੱਗ ਸ਼ਹਿਰ ਭਰ ਵਿਚ ਫੈਲ ਗਈ ਹੈ। ਕੈਲੀਫੋਰਨੀਆ ਦੇ ਲਾਸ ਏਂਜਲਸ ਖੇਤਰ 'ਚ ਫੈਲੀ ਇਸ ਭਿਆਨਕ ਅੱਗ 'ਚ ਮਰਨ ਵਾਲਿਆਂ ਦੀ ਗਿਣਤੀ 30 ਦੇ ਕਰੀਬ ਹੋ ਗਈ ਹੈ ਅਤੇ 15 ਹਜ਼ਾਰ ਤੋਂ ਵੱਧ ਘਰ ਅਤੇ ਕਾਰੋਬਾਰ ਤਬਾਹ ਹੋ ਗਏ ਹਨ। ਰਿਪੋਰਟਾਂ ਅਨੁਸਾਰ ਇਹ ਅੱਗ 60 ਹਜ਼ਾਰ ਸੁਕੇਅਰ ਮੀਲ ਇਲਾਕੇ ਵਿਚ ਫੈਲੀ ਹੋਈ ਹੈ ਅਤੇ ਤੇਜ਼ ਹਵਾਵਾਂ ਕਾਰਨ ਹਾਲੇ ਵੀ ਅੱਗੇ ਵੱਧ ਰਹੀ ਹੈ। ਸਰਕਾਰੀ ਸੂਤਰਾਂ ਅਨੁਸਾਰ 95 ਹਜ਼ਾਰ ਲੋਕਾਂ ਨੂੰ ਅੱਗ ਦੇ ਘੇਰੇ ਵਿਚੋਂ ਬਾਹਰ ਕੱਢਿਆ ਜਾ ਚੁੱਕਾ ਹੈ। ਜਿੱਥੇ ਸਥਾਨਕ ਸਰਕਾਰ ਪ੍ਰਭਾਵਿਤ ਲੋਕਾਂ ਦੀ ਮਦਦ ਕਰ ਰਹੀ ਹੈ, ਉਥੇ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਵੀ ਉਨ੍ਹਾਂ ਦੀ ਮਦਦ ਲਈ ਉਥੇ ਪਹੁੰਚ ਗਈਆਂ ਹਨ।

ਅਮਰੀਕੀ ਫਿਲਮ ਇੰਡਸਟਰੀ ਦਾ ਮਸ਼ਹੂਰ ਗੜ੍ਹ ਵੀ ਇਸ ਤੋਂ ਬਚ ਨਹੀਂ ਸਕਿਆ। ਅੱਗ ਵਿਚ ਫਿਲਮੀ ਸਿਤਾਰਿਆਂ ਅਤੇ ਮਸ਼ਹੂਰ ਹਸਤੀਆਂ ਦੇ ਘਰ ਵੀ ਤਬਾਹ ਹੋ ਗਏ। ਇਸ ਅੱਗ ਵਿਚ ਆਸਟ੍ਰੇਲੀਆਈ ਟੀ.ਵੀ. ਅਦਾਕਾਰ ਰੋਰੀ ਸਾਈਕਸ ਦੀ ਵੀ ਮੌਤ ਹੋ ਗਈ। ਅਦਾਕਾਰ ਦੀ ਮਾਂ ਸ਼ੈਲੀ ਸਾਈਕਸ ਨੇ ਇਸਦੀ ਪੁਸ਼ਟੀ ਕੀਤੀ ਹੈ। ਰਿਪੋਰਟਾਂ ਅਨੁਸਾਰ ਲਾਸ ਏਂਜਲਸ ਵਿਚ ਲੱਗੀ ਅੱਗ ਕਾਰਨ ਹੁਣ ਤੱਕ 13 ਲੱਖ ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਣ ਦਾ ਅਨੁਮਾਨ ਹੈ। ਲਾਸ ਏਂਜਲਸ ਕਾਉਂਟੀ ਦੇ ਡੇਢ ਲੱਖ ਲੋਕਾਂ ਨੂੰ ਇਲਾਕਾ ਛੱਡਣ ਦੇ ਹੁਕਮ ਦਿੱਤੇ ਗਏ ਹਨ। ਕੈਲੀਫੋਰਨੀਆ ਅਤੇ ਹੋਰ ਰਾਜਾਂ ਤੋਂ ਭਾਰੀ ਗਿਣਤੀ ਵਿਚ ਫਾਇਰ ਇੰਜਣ, ਹਵਾਈ ਜਹਾਜ਼ ਅਤੇ 14 ਹਜ਼ਾਰ ਤੋਂ ਵੱਧ ਮੁਲਾਜ਼ਮ ਅੱਗ ਬੁਝਾਉਣ ਲਈ ਸੱਦੇ ਗਏ ਹਨ। ਅੱਗ ਬੁਝਾਉਣ ਵਿਚ ਅਮਰੀਕਾ ਦੀ ਮਦਦ ਲਈ ਮੈਕਸੀਕੋ ਤੋਂ ਫਾਇਰਫਾਈਟਰ ਪਹੁੰਚ ਗਏ ਹਨ। ਮੌਸਮ ਵਿਗਿਆਨੀਆਂ ਨੇ ਭਵਿੱਖਬਾਣੀ ਕੀਤੀ ਹੈ ਕਿ ਇਸ ਹਫ਼ਤੇ ਹਵਾਵਾਂ ਤੇਜ਼ ਹੋਣਗੀਆਂ, ਜਿਸ ਦੇ ਮੱਦੇਨਜ਼ਰ ਫਾਇਰ ਬ੍ਰਿਗੇਡ ਨੇ ਅੱਗ ਬੁਝਾਉਣ ਦੀਆਂ ਕੋਸ਼ਿਸ਼ਾਂ ਹੋਰ ਤੇਜ਼ ਕਰ ਦਿੱਤੀਆਂ ਹਨ। ਅਧਿਕਾਰੀਆਂ ਨੇ ਕਿਹਾ ਕਿ ਘੱਟੋ-ਘੱਟ 24 ਲੋਕ ਲਾਪਤਾ ਹਨ ਅਤੇ ਇਹ ਗਿਣਤੀ ਵੱਧ ਸਕਦੀ ਹੈ।

ਰਾਸ਼ਟਰੀ ਮੌਸਮ ਸੇਵਾ ਨੇ ਭਿਆਨਕ ਅੱਗ ਦੀਆਂ ਸਥਿਤੀਆਂ ਲਈ ਇੱਕ ਉੱਚ-ਦਰਜੇ ਦੀ ਚਿਤਾਵਨੀ ਜਾਰੀ ਕੀਤੀ ਹੈ। ਰਾਸ਼ਟਰੀ ਮੌਸਮ ਸੇਵਾ ਨੇ ਖੇਤਰ ਵਿਚ 80 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲਣ ਦੀ ਭਵਿੱਖਬਾਣੀ ਕੀਤੀ ਹੈ, ਜਦੋਂਕਿ ਪਹਾੜੀ ਖੇਤਰਾਂ ਵਿਚ 113 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲਣ ਦੀ ਸੰਭਾਵਨਾ ਹੈ। ਮੌਸਮ ਵਿਗਿਆਨੀ ਅਨੁਸਾਰ ਅੱਗ ਹੋਰ ਤੇਜ਼ ਹੋਣ ਦੀ ਉਮੀਦ ਹੈ। ਇਸ ਦੇ ਨਾਲ ਹੀ ਲੋਕਾਂ ਨੂੰ ਮਾਸਕ ਪਹਿਨਣ ਦੀ ਅਪੀਲ ਕੀਤੀ ਜਾ ਰਹੀ ਹੈ।

ਲਾਸ ਏਂਜਲਸ ਕਾਉਂਟੀ ਸ਼ੈਰਿਫ ਰੌਬਰਟ ਲੂਨਾ ਨੇ ਕਿਹਾ ਕਿ ਈਟਨ-ਖੇਤਰ ਦੀ ਅੱਗ ਵਿਚ ਕਈ ਲੋਕ ਲਾਪਤਾ ਦੱਸੇ ਗਏ ਹਨ। ਕਈ ਹੋਰ ਲੋਕਾਂ ਦੇ ਲਾਪਤਾ ਹੋਣ ਦੀ ਸੰਭਾਵਨਾ ਹੈ ਅਤੇ ਅਧਿਕਾਰੀ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਹੁਣ ਤੱਕ ਮਰਨ ਵਾਲਿਆਂ ਵਿਚੋਂ ਕਿੰਨੇ ਲੋਕ ਲਾਪਤਾ ਦੱਸੇ ਗਏ ਲੋਕਾਂ ਵਿਚ ਸ਼ਾਮਲ ਸਨ। ਅਧਿਕਾਰੀਆਂ ਨੇ ਖਦਸ਼ਾ ਪ੍ਰਗਟ ਕੀਤਾ ਹੈ ਕਿ ਮੌਤਾਂ ਦੀ ਗਿਣਤੀ ਵਧ ਸਕਦੀ ਹੈ। ਅਧਿਕਾਰੀਆਂ ਨੇ ਇੱਕ ਕੇਂਦਰ ਸਥਾਪਤ ਕੀਤਾ ਹੈ, ਜਿੱਥੇ ਲਾਪਤਾ ਲੋਕਾਂ ਬਾਰੇ ਜਾਣਕਾਰੀ ਦਰਜ ਕੀਤੀ ਜਾ ਸਕਦੀ ਹੈ। ਅਧਿਕਾਰੀ ਅੱਗ ਨਾਲ ਨੁਕਸਾਨੇ ਗਏ ਜਾਂ ਤਬਾਹ ਹੋਏ ਘਰਾਂ ਦੀ ਇੱਕ ਆਨਲਾਈਨ ਸੂਚੀ ਤਿਆਰ ਕਰ ਰਹੇ ਹਨ। ਸੁਰੱਖਿਆ ਅਧਿਕਾਰੀ ਨੇ ਸ਼ੱਕ ਦੇ ਆਧਾਰ 'ਤੇ ਇਕ ਵਿਅਕਤੀ ਨੂੰ ਹਿਰਾਸਤ 'ਚ ਲਿਆ ਹੈ।

■ ਸਬੰਧਤ ਫੋਟੋਆਂ ਸਫਾ 12 'ਤੇ ਦੇਖੋ।

# ਧੀਆਂ ਦੇ 29ਵੇਂ ਲੋਹੜੀ ਮੇਲੇ ਨੇ ਸੱਭਿਆਚਾਰ ਦੇ ਖੇਤਰ 'ਚ ਵਿਲੱਖਣ ਇਤਿਹਾਸ ਸਿਰਜਿਆ

## ■ 125 ਨੰਨ੍ਹੀਆਂ ਬੱਚੀਆਂ ਦੇ ਨਾਲ ਗੁਰਜਤਿੰਦਰ ਰੰਧਾਵਾ, ਕਥੂਰੀਆ, ਮਾਨ, ਭੌਰਾ, ਸੋਢੀਆਂ, ਰੌਣੀ, ਭਿੰਡਰ, ਕਿਰਨ, ਮੋਹਨਜੀਤ, ਹਿਸੋਵਾਲ, ਮਣੀ ਦਾ ਬਾਵਾ ਵੱਲੋਂ ਵਿਸ਼ੇਸ਼ ਸਨਮਾਨ



ਧੀਆਂ ਦੇ 29ਵੇਂ ਲੋਹੜੀ ਮੇਲੇ ਦੌਰਾਨ ਸਨਮਾਨਤ ਸ਼ਖਸੀਅਤਾਂ ਅਤੇ ਜਾਣਕਾਰੀ ਦਿੰਦੇ ਹੋਏ ਮੰਚ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ।

**ਲੁਧਿਆਣਾ, (ਪੰਜਾਬ ਮੇਲ)**- ਮਾਲਵਾ ਸੱਭਿਆਚਾਰਕ ਮੰਚ ਪੰਜਾਬ ਵੱਲੋਂ ਗੁਰੂ ਨਾਨਕ ਭਵਨ ਲੁਧਿਆਣਾ ਦੇ ਹਾਲ ਵਿਚ ਲਗਾਇਆ ਧੀਆਂ ਦਾ 29ਵਾਂ ਲੋਹੜੀ ਮੇਲਾ ਸੱਭਿਆਚਾਰਕ ਖੇਤਰ ਵਿਚ ਵਿਲੱਖਣ ਇਤਿਹਾਸ ਰਚ ਗਿਆ। ਇਹ ਮੇਲਾ ਮੰਚ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ, ਪ੍ਰਧਾਨ ਜਸਵੀਰ ਸਿੰਘ ਰਾਣਾ ਝਾਂਡੇ, ਚੇਅਰਪਰਸਨ ਸਿੰਮੀ ਕਵਾਤਰਾ, ਮਹਿਲਾ ਵਿੰਗ ਦੀ ਪ੍ਰਧਾਨ ਇੰਦਰਜੀਤ ਕੌਰ ਉਬਰਾਏ, ਕਨਵੀਨਰ ਰਣਜੀਤ ਸਿੰਘ ਸਰਪੰਚ, ਮਲਕੀਤ ਦਾਖਾ, ਵਾਈਸ ਚੇਅਰਮੈਨ ਸੁਖਵਿੰਦਰ ਸਿੰਘ ਬਸੈਮੀ, ਵਾਈਸ ਪ੍ਰਧਾਨ ਰਵਿੰਦਰ ਸਿਆਣ ਕੈਨੇਡਾ, ਨਿਰਮਲ ਜੌੜਾ, ਜਸਵੰਤ ਛਾਪਾ, ਰਛਪਾਲ ਸਿੰਘ ਤਲਵਾੜਾ ਅਤੇ ਸਰਬਜੀਤ ਮਨੂੰ ਦੀ ਸਰਪ੍ਰਸਤੀ ਹੇਠ ਆਯੋਜਿਤ ਕੀਤਾ ਗਿਆ। ਮੇਲੇ ਵਿਚ 125 ਨੰਨੀਆਂ ਬੱਚੀਆਂ ਨੂੰ ਸ਼ਗਨ, ਸੂਟ, ਖਿਡਾਉਣੇ, ਮਠਿਆਈ ਅਤੇ ਉਨ੍ਹਾਂ ਦੀਆਂ ਮਾਵਾਂ ਨੂੰ ਸ਼ਾਲ ਭੇਂਟ ਕੀਤੇ ਗਏ।

ਮੇਲੇ ਵਿਚ ਵੱਖ-ਵੱਖ ਖੇਤਰ ਵਿਚ ਵੱਡਮੁੱਲਾ ਯੋਗਦਾਨ ਪਾਉਣ ਲਈ ਜਿਨ੍ਹਾਂ ਸ਼ਖਸੀਅਤਾਂ ਨੂੰ ਸਨਮਾਨ ਦਿੱਤੇ ਗਏ, ਉਨ੍ਹਾਂ ਵਿਚ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਸੋਹਣ ਸਿੰਘ ਭਕਨਾ ਯਾਦਗਾਰੀ ਪੁਰਸਕਾਰ, ਐੱਸ. ਅਸ਼ੋਕ ਭੌਰਾ ਨੂੰ ਜਗਦੇਵ ਸਿੰਘ ਜੱਸੋਵਾਲ ਯਾਦਗਾਰੀ ਪੁਰਸਕਾਰ, ਦਲਬੀਰ ਸਿੰਘ ਕਥੂਰੀਆ ਨੂੰ ਸੰਤ ਸਿੰਘ ਸੇਖੋਂ ਯਾਦਗਾਰੀ ਪੁਰਸਕਾਰ, ਜਗਦੇਵ ਮਾਨ ਨੂੰ ਦੇਵ ਥਰੀਕੇ ਯਾਦਗਾਰੀ ਪੁਰਸਕਾਰ, ਪ੍ਰਿੰਸੀਪਲ ਮਨਜੀਤ ਕੌਰ ਸੋਢੀਆਂ ਨੂੰ ਡਾ. ਰਾਧਾ ਕ੍ਰਿਸ਼ਨਨ ਯਾਦਗਾਰੀ ਐਵਾਰਡ, ਰਣਜੀਤ ਮਣੀ ਨੂੰ ਕੁਲਦੀਪ ਮਾਣਕ ਯਾਦਗਾਰੀ ਪੁਰਸਕਾਰ, ਅਮਰੀਕ ਰੌਣੀ ਨੂੰ ਵਰਿੰਦਰ ਯਾਦਗਾਰੀ ਪੁਰਸਕਾਰ, ਜਦਕਿ ਇੰਦਰਜੀਤ ਪਾਲ ਕੌਰ ਭਿੰਡਰ ਨੂੰ ਦਲੀਪ ਕੌਰ ਟਿਵਾਣਾ ਪੁਰਸਕਾਰ, ਕਿਰਨ ਧਾਲੀਵਾਲ ਯੂ.ਐੱਸ.ਏ. ਨੂੰ ਮਦਰ ਟੈਰੀਸਾ ਯਾਦਗਾਰੀ ਪੁਰਸਕਾਰ, ਡਾ. ਮੋਹਨਜੀਤ ਕੌਰ ਨੂੰ ਮਿਸ ਬਰਾਊਨ ਯਾਦਗਾਰੀ ਪੁਰਸਕਾਰ, ਦਲਜੀਤ ਸਿੰਘ ਹਿਸੋਵਾਲ ਯੂ.ਐੱਸ.ਏ. ਨੂੰ ਜਗਦੇਵ ਸਿੰਘ ਜੱਸੋਵਾਲ ਯਾਦਗਾਰੀ ਪੁਰਸਕਾਰ ਦਿੱਤੇ ਗਏ। ਸਭ ਸਨਮਾਨਤ ਸ਼ਖਸੀਅਤਾਂ ਨੇ ਮੰਚ ਵੱਲੋਂ 28 ਸਾਲ ਤੋਂ ਧੀਆਂ ਦੀ ਲੋਹੜੀ ਮਨਾਉਣ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਬਾਵਾ ਰਾਣਾ ਝਾਂਡੇ ਦੀ ਮਿਹਨਤ ਦੀ ਸਰਾਹਣਾ ਕੀਤੀ। ਇਸ ਸਮੇਂ ਨੰਨੀਆਂ ਬੱਚੀਆਂ ਲਈ ਮਨੀ ਖੀਵਾ ਵੱਲੋਂ ਦੁੱਧ ਦੀਆਂ ਬੋਤਲਾਂ, ਰਾਹੁਲ ਜਿੰਦਲ ਹੰਬੜਾਂ ਵੱਲੋਂ 125 ਮਠਿਆਈ ਦੇ ਡੱਬੇ, ਅਸ਼ੋਕ ਵਰਮਾਨੀ ਵੱਲੋਂ ਬੱਚਿਆਂ ਲਈ ਖਿਡਾਉਣੇ, ਜਦਕਿ ਸਿੰਮੀ ਕਵਾਤਰਾ ਨੇ ਸਭ ਬੱਚਿਆਂ ਨੂੰ ਸੂਟ ਦਿੱਤੇ।

■ ਬਾਕੀ ਖਬਰ ਅਤੇ ਫੋਟੋਆਂ ਸਫਾ 5 'ਤੇ ਦੇਖੋ।




ਸਮੂਹ ਜਗਤ ਨੂੰ
ਲੋਹੜੀ
ਦੀਆਂ ਲੱਖ-ਲੱਖ ਵਧਾਈਆਂ
RE/MAX
RE/MAX
Outstanding Agents
Outstanding Results
DRE Lic. # 01215931
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com



ਸਮੂਹ ਜਗਤ ਨੂੰ
ਨਵੇਂ ਸਾਲ ਅਤੇ ਲੋਹੜੀ
ਦੀਆਂ ਲੱਖ-ਲੱਖ ਵਧਾਈਆਂ
ਵਾਹਿਗੁਰੂ ਅੱਗੇ ਅਰਦਾਸ ਹੈ ਕਿ ਨਵਾਂ ਵਰ੍ਹਾ ਸਭਨਾਂ ਲਈ ਖੁਸ਼ੀਆਂ, ਖੇੜੇ ਅਤੇ ਖੁਸ਼ਹਾਲੀ ਲੈ ਕੇ ਆਵੇ
Designed By Punjab Mail USA
ਚਰਨਜੀਤ ਸਿੰਘ ਬਾਠ
ਸੌਗੀ ਦੇ ਬਾਦਸ਼ਾਹ
Designed By Punjab Mail USA
CHARANJIT SINGH BATTH
RAISIN, GRAPE AND ALMOND GROWER
5434 W. KAMM AVENUE, CARUTHERS, CALIFORNIA 93609

ੴ ਸਤਿਗੁਰ ਪ੍ਰਸਾਦਿ॥
ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥ ਘਲੇ ਆਵੇ ਨਾਨਕਾ ਸਦੇ ਉਠੀ ਜਾਹਿ॥

# ਸਿਕੰਦਰ ਸਿੰਘ ਗਰੇਵਾਲ ਨਹੀਂ ਰਹੇ



ਸਿਕੰਦਰ ਗਰੇਵਾਲ
05/30/1968 - 01/04/2025

**FUNERAL SERVICE**
WEDNESDAY JANUARY 15TH, 2025
FUNERAL : 10 AM
Twin Chapels Mortuary, 1100
Tennessee St Vallejo, CA 94590
ANTIM ARDAS: 1.00PM
FAIRFIELD GURDWARA 2948
ROCKVILLE RD, FAIRFIELD CA 94534

ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਅਮਰੀਕੀ ਭਾਈਚਾਰੇ ਦੀ ਜਾਣੀ ਪਹਿਚਾਣੀ ਸ਼ਖਸੀਅਤ ਸਿਕੰਦਰ ਗਰੇਵਾਲ ਪਿਛਲੇ ਦਿਨੀਂ ਪ੍ਰਮਾਤਮਾ ਵੱਲੋਂ ਬਖਸ਼ੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ ਹਨ। ਉਹ 57 ਵਰ੍ਹਿਆਂ ਦੇ ਸਨ। ਉਹ ਲੰਮੇ ਸਮੇਂ ਤੋਂ ਅਮਰੀਕਾ ਰਹਿ ਰਹੇ ਸਨ। ਉਹ ਆਪਣੇ ਪਿੱਛੇ ਭਰੇ-ਪੂਰੇ ਪਰਿਵਾਰ ਨੂੰ ਰੌਂਦਿਆਂ-ਕੁਰਲਾਉਂਦਿਆਂ ਛੱਡ ਗਏ ਹਨ। ਉਨ੍ਹਾਂ ਦਾ ਅੰਤਿਮ ਸਸਕਾਰ 15 ਜਨਵਰੀ, 2025 ਨੂੰ ਸਵੇਰੇ 10 ਵਜੇ Twin Chapels Mortuary, 1100 Tennessee St Vallejo, CA 94590 ਵਿਖੇ ਹੋਵੇਗਾ। ਉਪਰੰਤ 1 ਵਜੇ ਗੁਰਦੁਆਰਾ ਸਾਹਿਬ ਫੇਅਰਫੀਲਡ 2948 Rockville Rd, Fairfield CA 94534 ਵਿਖੇ ਅੰਤਿਮ ਅਰਦਾਸ ਹੋਵੇਗੀ।

Copyright@ Punjab Mail USA

ਸਿਕੰਦਰ ਸਿੰਘ ਗਰੇਵਾਲ ਦੇ ਅਕਾਲ ਚਲਾਣੇ 'ਤੇ ਉਨ੍ਹਾਂ ਦੇ ਨਜ਼ਦੀਕੀ ਸਾਥੀ ਸਤਿੰਦਰ ਹੇਅਰ, ਹਰਜਿੰਦਰ ਧਾਮੀ, ਸੁਰਿੰਦਰ ਪਾਲੀ ਹੇਅਰ, ਸ਼ਸ਼ੀਪਾਲ, ਹੁਸ਼ਿਆਰ ਸਿੰਘ, ਕਰਨਜੀਤ ਔਲਖ, ਕੁਲਵੰਤ ਬੈਂਸ, ਗੁਰਪਾਲ ਡਡਵਾਲ, ਕੁਲਵਿੰਦਰ ਬੈਂਸ, ਜਸਪਾਲ ਡਡਵਾਲ, ਅਮਿਤ ਪਾਲ, ਸੁਰਜੀਤ ਰੱਤੂ, ਸਿਮਰਜੀਤ ਜਵੰਦਾ, ਪਰਮਦੀਪ ਕੁਕਰੇਜਾ, ਦੇਸ਼ਦੀਪ ਤੱਖਰ, ਰਾਜੇਸ਼ ਮਲਹੋਤਰਾ, ਗੁਰਿੰਦਰ ਸਿੰਘ, ਪਰਮਿੰਦਰ ਬੈਦਵਾਨ ਵੱਲੋਂ ਅਫਸੋਸ ਪ੍ਰਗਟ ਕੀਤਾ ਗਿਆ।

*Space sponsored by*
**Punjab Mail USA TV Channel**
Gurjatinder S. Randhawa
916-320-9444

# ਧੀਆਂ ਦੇ 29ਵੇਂ ਲੋਹੜੀ ਮੇਲੇ ਨੇ ਸੱਭਿਆਚਾਰ ਦੇ ਖੇਤਰ 'ਚ ਵਿਲੱਖਣ ਇਤਿਹਾਸ ਸਿਰਜਿਆ




























■ **ਸਫਾ 1 ਦਾ ਬਾਕੀ** : ਇਸ ਸਮੇਂ ਮਾਤਾਵਾਂ ਨੂੰ ਸ਼ਾਲਾਂ ਰਾਣਾ ਝਾਂਡੇ ਜੀ ਦੀ ਮਾਤਾ ਸੁੰਦਰ ਕੌਰ ਜੀ ਨੇ ਭੇਜੀਆਂ ਅਤੇ ਬੱਚਿਆਂ ਨੂੰ ਸ਼ਗਨ ਦੇਣ ਲਈ ਫੈਲੋਥਰੈਪੀ ਕਲੱਬ ਨੇ ਲਖਵਿੰਦਰ ਕੌਰ ਅਤੇ ਸੋਨੀਆ ਦੀ ਅਗਵਾਈ ਵਿਚ ਯੋਗਦਾਨ ਪਾਇਆ, ਜਦਕਿ ਕਰਮਜੀਤ ਕੌਰ ਛੰਦੜਾਂ ਨੇ ਵੀ ਨੰਨੀਆਂ ਬੱਚਿਆਂ ਨੂੰ ਸ਼ਗਨ ਦਿੱਤੇ।

'ਮੇਲਾ ਧੀਆਂ ਦਾ' ਗੀਤ ਗਾ ਕੇ ਹਰ ਸਾਲ ਦੀ ਤਰ੍ਹਾਂ ਪਾਲੀ ਦੇਤਵਾਲੀਆ ਨੇ ਸ਼ੁਰੂ ਕੀਤਾ ਅਤੇ ਨਵੇਂ ਪੁਰਾਣੇ ਗੀਤਾਂ ਨਾਲ ਮੇਲੇ ਨੂੰ ਅੱਗੇ ਤੋਰਿਆ। ਮੇਲੇ ਵਿਚ ਜਸਵੰਤ ਸੰਧੀਲਾ ਨੇ ਵੱਖਰੇ ਰੰਗ ਭਰੇ। ਸਰਬਜੀਤ ਮਾਂਗਟ ਨੇ ਨੂੰਹ ਸੱਸ ਦਾ ਗਿੱਧਾ ਅਤੇ ਗਿੱਧੇ ਦੀ ਆਈ ਟੀਮ ਨੇ ਮੇਲੇ ਵਿਚ ਵੱਖਰੀ ਛਾਪ ਛੱਡੀ, ਜਦਕਿ ਸੁਖਵਿੰਦਰ ਸੁੱਖੀ ਨੇ 'ਜੀਵਨ ਦੀਆਂ ਸੱਚਾਈਆਂ' ਗੀਤ ਰਾਹੀਂ ਗਾ ਕੇ ਸਰੋਤਿਆਂ ਦੀ ਵਾਹ-ਵਾਹ ਖੱਟੀ। ਸੂਫੀ ਬਲਵੀਰ ਆਪਣੇ ਹੀ ਵੱਖਰੇ ਅੰਦਾਜ਼ ਵਿਚ ਆਪਣੀ ਪਹਿਚਾਣ ਮੇਲੇ ਵਿਚ ਛੱਡ ਗਿਆ। ਰਣਜੀਤ ਮਣੀ ਨੇ 'ਮੇਰੇ ਰਾਂਝੇ ਦਾ ਪ੍ਰਿੰਸੀਪਲ ਜੀ, ਕੱਟੀਓ ਨਾ ਕਾਲਜ ਵਿਚੋ ਨਾਂਅ' ਅਤੇ 'ਮਾਂ ਦਾ ਪਿਆਰ' ਗੀਤ ਗਾ ਕੇ ਸਭ ਸਰੋਤਿਆਂ ਤੋਂ ਤਾੜੀਆਂ ਵਜਵਾ ਦਿੱਤੀਆਂ। ਇਸ ਸਮੇਂ ਮੁਹੰਮਦ ਸਦੀਕ ਅਤੇ ਗੁਰਭਜਨ ਗਿੱਲ ਨੇ ਮਾਲਵਾ ਟੀ.ਵੀ. 'ਤੇ ਲਾਈਵ ਦੇਖ ਕੇ ਮਾਲਵਾ ਸੱਭਿਆਚਾਰਕ ਮੰਚ ਦੀ ਪੂਰੀ ਟੀਮ ਨੂੰ ਵਧਾਈ ਦਿੱਤੀ। ਰਾਜ ਧਾਲੀਵਾਲ ਦਾ ਗਿੱਧਾ ਆਪਣੇ ਆਪ ਵਿਚ ਹੀ ਮਿਸਾਲ ਸੀ, ਜਦਕਿ ਨਵਜੋਤ ਜਰਗ ਦੀ ਕਵੀਸ਼ਰੀ ਜੱਥੇ ਨੇ ਇਤਿਹਾਸ ਨਾਲ ਤੰਦਾਂ ਜੋੜੀਆਂ। ਮੇਲੇ 'ਚ ਹੁਸਨਪ੍ਰੀਤ ਕੌਰ ਅਤੇ ਸ਼ਾਲੀਨੀ ਨੇ ਧੀਆਂ ਦੇ ਗੀਤ ਗਾ ਕੇ ਮੇਲਾ ਆਪਣੇ ਨਾਮ ਕੀਤਾ।

ਮੇਲੇ ਵਿਚ ਭਾਰਤ ਦੀਆਂ ਮਹਾਨ ਸ਼ਖਸੀਅਤਾਂ ਡਾ. ਮਨਮੋਹਨ ਸਿੰਘ, ਅਬਦੁਲ ਕਲਾਮ, ਰਤਨ ਟਾਟਾ, ਸਰ ਗੰਗਾ ਰਾਮ, ਸ਼੍ਰੀ ਓ.ਪੀ. ਮੁੰਜਾਲ (ਹੀਰੋ), ਹੰਸਰਾਜ ਪਾਹਵਾ (ਏਵਨ), ਰੋਸ਼ਨ ਲਾਲ ਗੁਪਤਾ (ਆਰ.ਐੱਨ. ਗੁਪਤਾ), ਰਤਨ ਚੰਦ ਗੋਇਲ ਉੱਘੇ ਸਨਅਤਕਾਰ, ਵਿਦਿਆ ਸਾਗਰ ਰਾਮਪਾਲ, ਤਾਰਾ ਸਿੰਘ ਵਿਸ਼ਵਕਰਮਾ ਅਤੇ ਸੱਭਿਆਚਾਰ ਦੇ ਪਿਤਾਮਾ ਜਗਦੇਵ ਸਿੰਘ ਜੱਸੋਵਾਲ, ਸੰਤ ਸਿੰਘ ਸੇਖੋਂ, ਸੁਰਜੀਤ ਪਾਤਰ, ਯਮਲਾ ਜੱਟ, ਨਰਿੰਦਰ ਬੀਬਾ, ਕੁਲਦੀਪ ਮਾਣਕ, ਸੁਰਿੰਦਰ ਛਿੰਦਾ ਅਤੇ ਜਗਮੋਹਣ ਕੌਰ ਨੂੰ ਵੀ ਯਾਦ ਕੀਤਾ ਗਿਆ।

ਮੇਲੇ ਵਿਚ ਪ੍ਰਬੰਧਕ ਸਕੱਤਰ ਰੇਸ਼ਮ ਸਿੰਘ ਸੱਗੂ, ਪ੍ਰੈੱਸ ਇੰਚਾਰਜ ਗੌਰਵ ਮਹਿੰਦਰੂ, ਰਣਵੀਰ ਹੰਬੜਾਂ, ਲਖਵਿੰਦਰ ਸਿੰਘ, ਪ੍ਰੋ. ਗੁਰਸ਼ਰਨ ਕੌਰ, ਉੱਘੇ ਸਨੱਅਤਕਾਰ ਚਰਨਜੀਤ ਸਿੰਘ ਵਿਸ਼ਵਕਰਮਾ, ਇੰਦਰਜੀਤ ਸਿੰਘ ਨਵਯੁਗ, ਰਜਿੰਦਰ ਸਰਹਾਲੀ, ਹਰਜੀਤ ਸਿੰਘ ਸੈਣੀ, ਪ੍ਰਗਟ ਸਿੰਘ ਗਰੇਵਾਲ, ਕਰਨਲ ਭੰਬ, ਸੋਨੀਆ ਅਲੱਗ, ਰਿੰਪੀ ਜੌਹਰ, ਦਵਿੰਦਰ ਬਸੰਤ, ਸਵਰਨ ਕੌਰ ਸੱਗੂ ਆਦਿ ਹਾਜ਼ਰ ਸਨ।

ਇਸ ਸਮੇਂ ਉਮਰਾਓ ਸਿੰਘ ਉੱਘੇ ਸਮਾਜਸੇਵੀ ਹਿਮਾਚਲ ਤੋਂ ਆਏ ਅਤੇ ਪੋਤਰੀ ਦੀ ਲੋਹੜੀ ਦੇ ਲੱਡੂ ਵੰਡ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ। ਨਵੇਂ ਵਿਆਹੇ ਜੋੜਿਆਂ ਵਿਚ ਅਰਜੁਨ ਬਾਵਾ ਅਤੇ ਮਨਜੋਤ ਬਾਵਾ ਨੂੰ ਸ਼ਾਲ ਪਾ ਕੇ ਸਨਮਾਨਿਤ ਕੀਤਾ ਗਿਆ। ਮੇਲੇ ਦੇ ਆਰੰਭ ਵਿਚ ਗੁਰਪ੍ਰੀਤ ਗੋਗੀ ਵਿਧਾਇਕ ਦੀ ਅਚਾਨਕ ਮੌਤ 'ਤੇ ਫੋਟੋ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। ਇਸ ਤੋਂ ਪਹਿਲਾਂ ਸਮੁੱਚੀ ਮੰਚ ਦੀ ਟੀਮ ਨੇ ਉਨ੍ਹਾਂ ਦੇ ਘਰ ਜਾ ਕੇ ਅਫਸੋਸ ਕੀਤਾ, ਜਦਕਿ ਮੇਲੇ ਦਾ ਉਦਘਾਟਨ ਤਿੰਨ ਮਹੀਨੇ ਦੀ ਨੰਨੀ ਬੱਚੀ ਸੋਨੂੰ ਨੇ ਕੀਤਾ। ਕੇ.ਕੇ. ਬਾਵਾ ਨੇ ਸਰੋਤਿਆਂ ਨੂੰ ਲੋਹੜੀ ਦਾ ਗੁੜ, ਮੂੰਗਫਲੀ, ਗੱਚਕ, ਭੁੱਗੇ ਦੀਆਂ ਪਿੰਨੀਆਂ ਵੰਡ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ। ਮੇਲੇ ਵਿਚ ਆਈਆਂ ਸ਼ਖਸੀਅਤਾਂ ਦੇ ਗਲਾਂ ਵਿਚ ਬੇਟੀ ਦਿਲਰੋਜ਼ ਦੀ ਫੋਟੋ ਵਾਲੇ ਮੈਡਲ ਪਾਏ ਗਏ ਅਤੇ ਸਵੇਰ ਤੋਂ ਚਾਹ ਟੋਸਟ ਅਤੇ ਲੰਗਰ ਅਤੁੱਟ ਵਰਤਾਇਆ ਗਿਆ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit Saini
Ishu Hallan
Vijay
Surbhi Sharma
Sanjeev Khanna



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : ww.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਸ. ਜਗਦੇਵ ਸਿੰਘ ਜੱਸੋਵਾਲ ਦੀ ਯਾਦ ਵਿਚ ਲੁਧਿਆਣਾ 'ਚ ਹੋਇਆ ਸੈਮੀਨਾਰ

## ਹੁਣ ਹਰ ਸਾਲ ਹੋਵੇਗਾ ਇਹ ਸੈਮੀਨਾਰ : ਕੇ.ਕੇ. ਬਾਵਾ





**ਲੁਧਿਆਣਾ, (ਪੰਜਾਬ ਮੇਲ)-** ਪੰਜਾਬੀ ਸੱਭਿਆਚਾਰ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਸ. ਜਗਦੇਵ ਸਿੰਘ ਜੱਸੋਵਾਲ ਦੀ ਯਾਦ ਵਿਚ ਲੁਧਿਆਣਾ ਦੇ ਪੰਜਾਬੀ ਭਵਨ ਵਿਖੇ ਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਮਾਲਵਾ ਸੱਭਿਆਚਾਰਕ ਮੰਚ ਦੇ ਕਰਤਾ-ਧਰਤਾ ਅਤੇ ਕੇ.ਕੇ. ਬਾਵਾ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸੈਮੀਨਾਰ ਵਿਚ ਅਮਰੀਕਾ ਤੋਂ ਗੁਰਜਤਿੰਦਰ ਸਿੰਘ ਰੰਧਾਵਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਹੋਰਨਾਂ ਸ਼ਖਸੀਅਤਾਂ ਵਿਚ ਜਸਬੀਰ ਸਿੰਘ ਰਾਣਾ ਝਾਂਡੇ, ਗੁਰਭਜਨ ਗਿੱਲ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਰਸ਼ਪਾਲ ਸਿੰਘ ਤਲਵਾੜਾ, ਦਰਸ਼ਨ ਸਿੰਘ ਸ਼ੰਕਰ, ਜਗਰੂਪ ਸਿੰਘ ਜਰਖੜ, ਸੁਖਵਿੰਦਰ ਸਿੰਘ ਬਸਹਿਮੀ, ਇੰਦਰਜੀਤ ਕੌਰ ਓਬਰਾਏ, ਨਿੱਕੀ ਕੋਹਲੀ, ਰੇਸ਼ਮ ਸੱਗੂ, ਨਰਿੰਦਰ ਮਹਿੰਦਰੂ ਗੌਰਵ, ਸ਼ਾਲਿਨੀ, ਸਿਮੀ ਕਵਾਤਰਾ, ਸੋਨੀਆ ਅਲੱਗ, ਲਖਵਿੰਦਰ ਸਿੰਘ, ਅਰਜਨ ਬਾਵਾ, ਦਿਲਜੀਤ ਸਿੰਘ ਭੱਠਲ ਅਤੇ ਹਰਬਰਿੰਦਰ ਸਿੰਘ ਸੰਧੂ ਵੀ ਹਾਜ਼ਰ ਸਨ।

ਇਸ ਮੌਕੇ ਮੰਚ ਦੇ ਚੇਅਰਮੈਨ ਕੇ.ਕੇ. ਬਾਵਾ ਨੇ ਬੋਲਦਿਆਂ ਕਿਹਾ ਕਿ ਸ. ਜਗਦੇਵ ਸਿੰਘ ਜੱਸੋਵਾਲ ਇਕ ਅਜਿਹੀ ਸ਼ਖਸੀਅਤ ਸਨ, ਜਿਹੜੇ ਕਿ ਪੰਜਾਬ ਵਿਚ ਸੱਭਿਆਚਾਰ ਨੂੰ ਫੈਲਾਉਣ ਵਿਚ ਵੱਡਾ ਮਾਅਰਕਾ ਮਾਰ ਗਏ। ਉਨ੍ਹਾਂ ਦੀ ਦੇਣ ਕਦੇ ਭੁਲਾਈ ਨਹੀਂ ਜਾ ਸਕਦੀ। ਉਨ੍ਹਾਂ ਕਿਹਾ ਕਿ ਇਹ ਸੈਮੀਨਾਰ ਹੁਣ ਹਰ ਸਾਲ ਕਰਵਾਇਆ ਜਾਵੇਗਾ। ਪ੍ਰੋ. ਗੁਰਭਜਨ ਗਿੱਲ ਨੇ ਬੋਲਦਿਆਂ ਕਿਹਾ ਕਿ ਸ. ਜਗੇਦਵ ਸਿੰਘ ਜੱਸੋਵਾਲ ਸਿਰਫ ਸਿਆਸਤਦਾਨ ਹੀ ਨਹੀਂ ਸਨ, ਸਗੋਂ ਉਹ ਤ੍ਰੈਕਾਲ ਦਰਸ਼ੀ ਸੱਭਿਆਚਾਰਕ ਆਗੂ ਸਨ। ਉਨ੍ਹਾਂ ਵੱਲੋਂ ਪ੍ਰੋਫੈਸਰ ਮੋਹਨ ਸਿੰਘ ਮੇਲਾ ਲਾਉਣਾ ਸਮੂਹ ਪੰਜਾਬੀਆਂ ਲਈ ਇਕ ਮਿਸਾਲ ਪੈਦਾ ਕਰ ਗਿਆ।

ਅਮਰੀਕਾ ਤੋਂ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿਚ ਹਿੱਸਾ ਲੈਣ ਲਈ ਪਹੁੰਚੇ ਗੁਰਜਤਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਸ. ਜੱਸੋਵਾਲ ਸੱਭਿਆਚਾਰ ਦੇ ਥੰਮ੍ਹ ਸਨ। ਪੰਜਾਬੀ ਸੱਭਿਆਚਾਰ ਨੂੰ ਮੁੜ ਪ੍ਰਫੁਲਿਤ ਕਰਨ ਲਈ ਉਨ੍ਹਾਂ ਵੱਲੋਂ ਪਾਏ ਯੋਗਦਾਨ ਸਾਨੂੰ ਕਦੇ ਵੀ ਭੁੱਲ ਨਹੀਂ ਸਕਦਾ। ਸ. ਰੰਧਾਵਾ ਨੇ ਸੁਝਾਅ ਦਿੱਤਾ ਕਿ ਜਗਦੇਵ ਸਿੰਘ ਜੱਸੋਵਾਲ ਨੇ ਤਕਰੀਬਨ ਪੰਜਾਬ ਦੇ ਹਰ ਪਿੰਡ ਵਿਚ ਸੱਭਿਆਚਾਰਕ ਮੇਲਿਆਂ ਦਾ ਆਯੋਜਨ ਕੀਤਾ ਸੀ। ਸਾਨੂੰ ਚਾਹੀਦਾ ਹੈ ਕਿ ਉਨ੍ਹਾਂ ਦੀ ਯਾਦ ਵਿਚ ਵੀ ਇਕ ਸਾਲਾਨਾ ਮੇਲਾ ਸ਼ੁਰੂ ਕੀਤਾ ਜਾਵੇ, ਤਾਂ ਕਿ ਅਸੀਂ ਉਨ੍ਹਾਂ ਦੀ ਯਾਦ ਨੂੰ ਜੀਵਤ ਰੱਖ ਸਕੀਏ।

ਇਸ ਦੌਰਾਨ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਨੇ ਕਿਹਾ ਕਿ ਜਗਦੇਵ ਸਿੰਘ ਜੱਸੋਵਾਲ ਸਾਡੇ ਸਭ ਲਈ ਰਾਹ ਦਸੇਰਾ ਅਤੇ ਸੰਕਟਮੋਚਨ ਸਨ। ਉਨ੍ਹਾਂ ਦੀ ਦੂਰ-ਦ੍ਰਿਸ਼ਟੀ ਕਾਰਨ ਹੀ ਬਹੁਤ ਸਾਰੇ ਕਲਾਕਾਰ, ਸਾਹਿਤਕਾਰ, ਪੱਤਰਕਾਰ ਆਪੋ-ਆਪਣੇ ਖੇਤਰ 'ਚ ਪ੍ਰਸਿੱਧੀ ਪ੍ਰਾਪਤ ਕਰਦੇ ਰਹੇ ਹਨ।

ਇਸ ਦੌਰਾਨ ਸ. ਜਗਦੇਵ ਸਿੰਘ ਜੱਸੋਵਾਲ ਦੇ ਪੋਤਰੇ ਅਮਰਿੰਦਰ ਸਿੰਘ ਜੱਸੋਵਾਲ, ਡਾ. ਸਤੀਸ਼ ਕੁਮਾਰ ਸ਼ਰਮਾ, ਡਾ. ਗੁਰਇਕਬਾਲ ਸਿੰਘ, ਸਤਬੀਰ ਸਿੰਘ ਸਿੱਧੂ, ਤਰਲੋਚਨ ਲੋਚੀ, ਡਾ. ਗੁਲਜ਼ਾਰ ਪੰਧੇਰ, ਅਮਰਜੀਤ ਸ਼ੇਰਪੁਰੀ, ਰਵਿੰਦਰ ਸਿਆਨ, ਡਾ. ਜਗਤਾਰ ਸਿੰਘ ਨੇ ਵੀ ਸ. ਜੱਸੋਵਾਲ ਨਾਲ ਬਿਤਾਏ ਪਲਾਂ ਨੂੰ ਸਾਂਝੇ ਕੀਤਾ।

# ਅਮਰੀਕੀ ਡਾਲਰ ਮੁਕਾਬਲੇ ਭਾਰਤੀ ਕਰੰਸੀ 'ਚ ਰਿਕਾਰਡ ਗਿਰਾਵਟ




**ਮੁੰਬਈ, (ਪੰਜਾਬ ਮੇਲ)-** ਰੁਪਏ ਦਾ ਗਿਰਾਵਟ ਵਾਲਾ ਰੁਝਾਨ ਸੋਮਵਾਰ ਨੂੰ ਦੂਜੇ ਲਗਾਤਾਰ ਸੈਸ਼ਨ ਸੈਸ਼ਨ ਤੱਕ ਜਾਰੀ ਰਿਹਾ ਅਤੇ ਇਸ ਨੂੰ ਅਸਥਿਰ ਗਲੋਬਲ ਸੰਕੇਤਾਂ ਦੇ ਵਿਚਕਾਰ ਯੂ.ਐੱਸ. ਦੀ ਮਜ਼ਬੂਤ ਮੁਦਰਾ ਕਾਰਨ ਇਹ 27 ਪੈਸੇ ਟੁੱਟ ਕੇ 86.31 ਪ੍ਰਤੀ ਡਾਲਰ 'ਤੇ ਆ ਗਿਆ। ਵਿਦੇਸ਼ੀ ਮੁਦਰਾ ਕਾਰੋਬਾਰੀਆਂ ਨੇ ਕਿਹਾ ਕਿ ਕੱਚੇ ਤੇਲ ਦੀਆਂ ਕੀਮਤਾਂ 'ਚ ਰਿਕਾਰਡ ਵਾਧਾ, ਵਿਦੇਸ਼ੀ ਪੂੰਜੀ ਦੀ ਲਗਾਤਾਰ ਨਿਕਾਸੀ ਅਤੇ ਘਰੇਲੂ ਸ਼ੇਅਰ ਬਾਜ਼ਾਰਾਂ 'ਚ ਨਕਾਰਾਤਮਕ ਰੁਝਾਨ ਕਾਰਨ ਸਥਾਨਕ ਮੁਦਰਾ ਵੀ ਦਬਾਅ 'ਚ ਹੈ।

ਅੰਤਰਬੈਂਕ ਵਿਦੇਸ਼ੀ ਮੁਦਰਾ ਬਾਜ਼ਾਰ 'ਚ ਰੁਪਿਆ 86.12 ਪ੍ਰਤੀ ਡਾਲਰ 'ਤੇ ਖੁੱਲ੍ਹਿਆ। ਸ਼ੁਰੂਆਤੀ ਸੌਦਿਆਂ ਤੋਂ ਬਾਅਦ ਇਹ ਡਾਲਰ ਦੇ ਮੁਕਾਬਲੇ 86.31 ਦੇ ਸਭ ਤੋਂ ਹੇਠਲੇ ਪੱਧਰ ਨੂੰ ਛੂਹ ਗਿਆ, ਜੋ ਇਸਦੇ ਪਿਛਲੇ ਬੰਦ ਦੇ ਮੁਕਾਬਲੇ 27 ਪੈਸੇ ਦੀ ਵੱਡੀ ਗਿਰਾਵਟ ਨੂੰ ਦਰਸਾਉਂਦਾ ਹੈ। ਸ਼ੁੱਕਰਵਾਰ ਨੂੰ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ 18 ਪੈਸੇ ਟੁੱਟ ਕੇ 86.04 ਦੇ ਪੱਧਰ 'ਤੇ ਬੰਦ ਹੋਇਆ। ਇਸ ਦੌਰਾਨ 6 ਪ੍ਰਮੁੱਖ ਮੁਦਰਾਵਾਂ ਦੇ ਮੁਕਾਬਲੇ ਅਮਰੀਕੀ ਡਾਲਰ ਦੀ ਸਥਿਤੀ ਨੂੰ ਮਾਪਦਾ ਡਾਲਰ ਸੂਚਕਾਂਕ 0.22 ਪ੍ਰਤੀਸ਼ਤ ਦੇ ਵਾਧੇ ਨਾਲ 109.72 'ਤੇ ਰਿਹਾ। 10 ਸਾਲ ਦੇ ਯੂ.ਐੱਸ. ਬਾਂਡਾਂ 'ਤੇ ਯੀਲਡ ਵੀ ਅਕਤੂਬਰ 2023 ਦੇ 4.76 ਪ੍ਰਤੀਸ਼ਤ ਦੇ ਪੱਧਰ 'ਤੇ ਪਹੁੰਚ ਗਈ। ਅੰਤਰਰਾਸ਼ਟਰੀ ਸਟੈਂਡਰਡ ਬ੍ਰੈਂਟ ਕਰੂਡ 1.44 ਫੀਸਦੀ ਦੇ ਵਾਧੇ ਨਾਲ 80.91 ਡਾਲਰ ਪ੍ਰਤੀ ਬੈਰਲ 'ਤੇ ਰਿਹਾ। ਸਟਾਕ ਮਾਰਕੀਟ ਦੇ ਅੰਕੜਿਆਂ ਅਨੁਸਾਰ, ਵਿਦੇਸ਼ੀ ਸੰਸਥਾਗਤ ਨਿਵੇਸ਼ਕ (ਐੱਫ.ਆਈ.ਆਈ.) ਸ਼ੁੱਕਰਵਾਰ ਨੂੰ ਵਿਕਰੇਤਾ ਸਨ ਅਤੇ ਉਨ੍ਹਾਂ ਨੇ ਸ਼ੁੱਧ 2,254.68 ਕਰੋੜ ਰੁਪਏ ਦੇ ਸ਼ੇਅਰ ਵੇਚੇ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# 2024 ਦੇ ਸਿਖਰ ਦੇ 50 ਸਾਫਟਵੇਅਰ ਲੀਡਰਾਂ ਦੀ ਸੂਚੀ 'ਚ 10 ਭਾਰਤੀ ਸ਼ਾਮਲ



ਨਿਊਯਾਰਕ, (ਪੰਜਾਬ ਮੇਲ)- ਨਿਊਯਾਰਕ ਸਥਿਤ ਮਾਰਕੀਟ ਰਿਸਰਚ ਫਰਮ 'ਦਿ ਸਾਫਟਵੇਅਰ ਰਿਪੋਰਟ' ਨੇ ਆਪਣੀ ਸਾਲਾਨਾ ਸੂਚੀ 'ਟੌਪ 50 ਸਾਫਟਵੇਅਰ ਸੀ.ਈ.ਓਜ਼' ਜਾਰੀ ਕੀਤੀ ਹੈ, ਜਿਸ ਵਿਚ 10 ਭਾਰਤੀ ਮੂਲ ਦੇ ਸੀ.ਈ.ਓਜ਼ ਨੂੰ ਪ੍ਰਮੁੱਖ ਸਥਾਨ ਦਿੱਤਾ ਗਿਆ ਹੈ। ਇਹ ਸੀ.ਈ.ਓ. ਗਲੋਬਲ ਟੈਕਨਾਲੋਜੀ ਸੈਕਟਰ ਵਿਚ ਨਵੀਨਤਾ ਅਤੇ ਤਬਦੀਲੀ ਨੂੰ ਚਲਾ ਰਹੇ ਹਨ।

ਇਹ ਆਗੂ ਵਿਭਿੰਨ ਖੇਤਰਾਂ ਤੋਂ ਆਉਂਦੇ ਹਨ, ਜਿਵੇਂ ਕਿ ਏ.ਆਈ., ਡੇਟਾ ਸੁਰੱਖਿਆ ਅਤੇ ਐਂਟਰਪ੍ਰਾਈਜ਼ ਸਾਫਟਵੇਅਰ ਅਤੇ ਆਪਣੀ ਰਣਨੀਤਕ ਦ੍ਰਿਸ਼ਟੀ ਅਤੇ ਲੀਡਰਸ਼ਿਪ ਨਾਲ ਤਕਨੀਕੀ ਭਵਿੱਖ ਨੂੰ ਆਕਾਰ ਦੇ ਰਹੇ ਹਨ।

ਰੇਗੀ ਅਗਰਵਾਲ, ਸੀ.ਈ.ਓ. ਅਤੇ ਸੀਵੈਂਟ ਦੇ ਸੰਸਥਾਪਕ, 5000 ਕਰਮਚਾਰੀਆਂ ਦੀ ਇੱਕ ਟੀਮ ਦੀ ਅਗਵਾਈ ਕਰਦੇ ਹਨ ਅਤੇ ਮੀਟਿੰਗਾਂ ਅਤੇ ਸਮਾਗਮਾਂ ਦੇ ਸਾਫਟਵੇਅਰ ਪ੍ਰਦਾਨ ਕਰਦੇ ਹਨ। ਉਸਦੀ ਕੰਪਨੀ ਦੁਨੀਆਂ ਭਰ ਵਿਚ 22,000 ਤੋਂ ਵੱਧ ਗਾਹਕਾਂ ਦੀ ਸੇਵਾ ਕਰਦੀ ਹੈ।

ਬਿਪੁਲ ਸਿਨਹਾ, ਰੁਬਰਿਕ ਦੇ ਸੀ.ਈ.ਓ., ਡੇਟਾ ਸੁਰੱਖਿਆ ਵਿਚ ਜ਼ੀਰੋ ਟਰੱਸਟ ਹੱਲ ਪੇਸ਼ ਕਰ ਰਹੇ ਹਨ, ਜੋ ਸਾਈਬਰ ਖਤਰਿਆਂ ਤੋਂ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹਨ।

ਗੈਨਸਾਈਟ ਦੇ ਸੀ.ਈ.ਓ. ਨਿਕ ਮਹਿਤਾ ਨੇ ਆਪਣੀ ਕੰਪਨੀ ਨੂੰ ਗਾਹਕਾਂ ਦੀ ਸਫਲਤਾ ਦੇ ਖੇਤਰ 'ਚ ਇੱਕ ਮੋਹਰੀ ਬਣਾਇਆ ਹੈ। ਲਗਭਗ 200 ਜਨਤਕ ਕੰਪਨੀਆਂ ਆਪਣੇ ਪਲੇਟਫਾਰਮ ਦੀ ਵਰਤੋਂ ਕਰਦੀਆਂ ਹਨ।

ਆਸ਼ੂਤੋਸ਼ ਗਰਗ, **Eightfold** ਏ.ਆਈ. ਦੇ ਸਹਿ-ਸੰਸਥਾਪਕ, ਮਸ਼ੀਨ ਸਿਖਲਾਈ ਦੀ ਵਰਤੋਂ ਕਰਕੇ ਪ੍ਰਤਿਭਾ ਪ੍ਰਬੰਧਨ ਨੂੰ ਬਦਲ ਰਹੇ ਹਨ। ਉਨ੍ਹਾਂ ਦੀ ਤਕਨਾਲੋਜੀ 155 ਦੇਸ਼ਾਂ ਵਿਚ ਵਿਭਿੰਨਤਾ ਅਤੇ ਕਾਰਜਬਲ ਤਬਦੀਲੀ ਦਾ ਸਮਰਥਨ ਕਰਦੀ ਹੈ।

**Simplr** ਦੇ ਸੰਸਥਾਪਕ ਧੀਰਜ ਸ਼ਰਮਾ, ਇੱਕ ਏ.ਆਈ.-ਅਧਾਰਿਤ ਪਲੇਟਫਾਰਮ ਰਾਹੀਂ ਕਰਮਚਾਰੀਆਂ ਦੀ ਸ਼ਮੂਲੀਅਤ ਨੂੰ ਸੁਧਾਰ ਰਹੇ ਹਨ।

**CData** ਸਾਫਟਵੇਅਰ ਦੇ ਸੀ.ਈ.ਓ. ਅਮਿਤ ਸ਼ਰਮਾ, ਡੇਟਾ ਕਨੈਕਟੀਵਿਟੀ ਹੱਲ ਦੇ ਖੇਤਰ ਵਿਚ ਆਪਣੀ ਕੰਪਨੀ ਦੀ ਅਗਵਾਈ ਕਰ ਰਹੇ ਹਨ।

ਬਾਲਾਜੀ ਸ਼੍ਰੀਨਿਵਾਸਨ, ਜੋ ਔਰੀਗੋ ਸਾਫਟਵੇਅਰ ਦੀ ਅਗਵਾਈ ਕਰਦੇ ਹਨ, ਉਹ ਕਲਾਉਡ ਤਕਨਾਲੋਜੀ ਦੁਆਰਾ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦੇ ਪ੍ਰਬੰਧਨ ਨੂੰ ਸਰਲ ਬਣਾ ਰਹੇ ਹਨ।

**ReverseLogix** ਦੇ ਸੰਸਥਾਪਕ, ਗੌਰਵ ਸਰਨ, ਈਕੋ-ਅਨੁਕੂਲ ਰਿਟਰਨ ਮੈਨੇਜਮੈਂਟ ਹੱਲਾਂ ਰਾਹੀਂ ਸਥਿਰਤਾ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ। ਉਨ੍ਹਾਂ ਦੀ ਕੰਪਨੀ **FedEx** ਅਤੇ **Samsonite** ਵਰਗੀਆਂ ਵੱਡੀਆਂ ਕੰਪਨੀਆਂ ਦੀ ਸੇਵਾ ਕਰਦੀ ਹੈ।

**Prophecy.io** ਦੇ ਸੀ.ਈ.ਓ. ਰਾਜ ਬੈਂਸ, ਡਾਟਾ ਪਰਿਵਰਤਨ ਨੂੰ ਮੁੜ ਪਰਿਭਾਸ਼ਿਤ ਕਰ ਰਹੇ ਹਨ। ਉਨ੍ਹਾਂ ਦੀ ਕੰਪਨੀ ਦਾ ਪਲੇਟਫਾਰਮ ਫਾਰਚੂਨ 50 ਕੰਪਨੀਆਂ ਦੁਆਰਾ ਵਰਤਿਆ ਜਾਂਦਾ ਹੈ।

ਅੰਤ ਵਿਚ ਰਾਹੁਲ ਪੋਨਾਲਾ, ਜੋ **Granica.AI** ਦੇ ਸੀ.ਈ.ਓ. ਹਨ, ਏ.ਆਈ. ਐਪਲੀਕੇਸ਼ਨਾਂ ਲਈ ਐਂਟਰਪ੍ਰਾਈਜ਼ ਡੇਟਾ ਤਿਆਰ ਕਰਨ ਲਈ ਕੰਮ ਕਰ ਰਹੇ ਹਨ, ਜਿਸ ਨਾਲ ਕੰਪਨੀਆਂ ਆਪਣੇ ਏ.ਆਈ. ਪ੍ਰੋਜੈਕਟਾਂ ਨੂੰ ਬਿਹਤਰ ਢੰਗ ਨਾਲ ਸਕੇਲ ਕਰ ਸਕਦੀਆਂ ਹਨ।

ਇਹ ਸਾਰੇ ਆਗੂ ਭਾਰਤੀ ਮੂਲ ਦੇ ਹਨ ਅਤੇ ਤਕਨਾਲੋਜੀ ਖੇਤਰ ਵਿਚ ਅਹਿਮ ਯੋਗਦਾਨ ਪਾ ਰਹੇ ਹਨ। ਉਹ ਦੁਨੀਆਂ ਭਰ ਵਿਚ ਤਰੱਕੀ, ਸਹਿਯੋਗ ਨੂੰ ਵਧਾ ਰਹੇ ਹਨ, ਅਤੇ ਪ੍ਰੇਰਨਾਦਾਇਕ ਨਵੀਨਤਾ ਨੂੰ ਚਲਾ ਰਹੇ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

# ਕੈਨੇਡਾ 'ਚ ਪੀ.ਆਰ. ਅਰਜ਼ੀਆਂ 'ਤੇ ਪਾਬੰਦੀ ਵਿਚਕਾਰ 'ਸੁਪਰ ਵੀਜ਼ਾ' ਦੀ ਮੰਗ ਵਧੀ



ਓਟਾਵਾ, (ਪੰਜਾਬ ਮੇਲ)- ਕੈਨੇਡਾ ਨੇ ਹਾਲ ਹੀ ਵਿਚ ਮਾਪਿਆਂ ਅਤੇ ਦਾਦਾ-ਦਾਦੀ ਲਈ ਸਥਾਈ ਨਿਵਾਸ (ਪੀ.ਆਰ.) ਲਈ ਨਵੀਆਂ ਅਰਜ਼ੀਆਂ ਸਵੀਕਾਰ ਕਰਨਾ ਬੰਦ ਕਰ ਦਿੱਤਾ ਹੈ। ਇਹ ਪਾਬੰਦੀ ਪਰਿਵਾਰਕ ਸ਼੍ਰੇਣੀ ਧਾਰਾ (Family Class Stream) ਤਹਿਤ ਲਗਾਈ ਗਈ ਹੈ। ਇਸ ਕਦਮ ਦਾ ਸਿੱਧਾ ਅਸਰ ਭਾਰਤੀਆਂ ਸਮੇਤ ਸਾਰੇ ਵਿਦੇਸ਼ੀਆਂ 'ਤੇ ਪਿਆ ਹੈ। ਇਸ ਦੇ ਨਾਲ ਹੀ ਮਾਪਿਆਂ ਅਤੇ ਦਾਦਾ-ਦਾਦੀ ਲਈ ਪੀ.ਆਰ ਪ੍ਰਾਪਤ ਕਰਨ ਦਾ ਰਸਤਾ ਮੁਸ਼ਕਲ ਹੋਣ ਤੋਂ ਬਾਅਦ ਲੋਕ 'ਸੁਪਰ ਵੀਜ਼ਾ' ਵੱਲ ਦੇਖ ਰਹੇ ਹਨ। ਇਸ ਵੀਜ਼ੇ ਨਾਲ ਲੋਕ ਪੀ.ਆਰ ਲਈ ਲੰਮਾ ਇੰਤਜ਼ਾਰ ਕੀਤੇ ਬਿਨਾਂ ਆਪਣੇ ਪਰਿਵਾਰਾਂ ਨਾਲ ਲੰਬੇ ਸਮੇਂ ਲਈ ਰਹਿ ਸਕਦੇ ਹਨ। ਕੈਨੇਡਾ ਵਿਚ ਰਹਿਣ ਵਾਲੇ ਭਾਰਤੀ ਮੂਲ ਦੇ ਲੋਕ ਇਸਨੂੰ ਪੀ.ਆਰ ਦੇ ਵਿਕਲਪ ਵਜੋਂ ਅਜ਼ਮਾ ਰਹੇ ਹਨ।

ਰਿਪੋਰਟ ਅਨੁਸਾਰ ਸੁਪਰ ਵੀਜ਼ਾ ਇੱਕ ਮਲਟੀਪਲ-ਐਂਟਰੀ ਵੀਜ਼ਾ ਹੈ। ਇਸ ਨਾਲ ਮਾਪੇ ਅਤੇ ਦਾਦਾ-ਦਾਦੀ ਲੰਬੇ ਸਮੇਂ ਤੱਕ ਕੈਨੇਡਾ ਵਿਚ ਰਹਿ ਸਕਦੇ ਹਨ, ਜੋ ਕਿਸੇ ਕੈਨੇਡੀਅਨ ਨਾਗਰਿਕ ਦੇ ਰਿਸ਼ਤੇਦਾਰ ਹਨ। ਹਾਲਾਂਕਿ ਕੈਨੇਡਾ ਦੇ ਵੀਜ਼ਾ ਨਿਯਮਾਂ ਵਿਚ ਬਦਲਾਅ ਕਾਰਨ ਲੋਕਾਂ ਵਿਚ ਚਿੰਤਾ ਵੀ ਹੈ। ਲੋਕਾਂ ਵਿਚ ਡਰ ਹੈ ਕਿ ਭਵਿੱਖ ਵਿਚ ਸੁਪਰ ਵੀਜ਼ਾ ਵੀ ਬੰਦ ਕੀਤਾ ਜਾ ਸਕਦਾ ਹੈ। ਵੀਜ਼ਾ ਪ੍ਰੋਸੈਸਿੰਗ ਵਿਚ ਲੱਗਣ ਵਾਲਾ ਸਮਾਂ ਅਤੇ ਪਾਬੰਦੀਆਂ ਵੀ ਲੋਕਾਂ ਨੂੰ ਪਰੇਸ਼ਾਨ ਕਰ ਰਹੀਆਂ ਹਨ।

ਕੈਨੇਡਾ ਨੇ ਹਾਲ ਹੀ ਵਿਚ ਆਪਣੇ ਵੀਜ਼ਾ ਨਿਯਮਾਂ ਵਿਚ ਬਦਲਾਅ ਕੀਤਾ ਹੈ। ਪਹਿਲਾਂ 10 ਸਾਲਾਂ ਦਾ ਮਲਟੀਪਲ-ਐਂਟਰੀ ਵੀਜ਼ਾ ਪ੍ਰਾਪਤ ਕਰਨਾ ਆਮ ਗੱਲ ਸੀ ਪਰ ਹੁਣ ਅਜਿਹਾ ਨਹੀਂ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਸੁਪਰ ਵੀਜ਼ਾ ਲਈ ਯੋਗਤਾ ਪੂਰੀ ਕਰਨ ਵਾਲੇ ਮਾਪੇ ਜਾਂ ਦਾਦਾ-ਦਾਦੀ ਚਿੰਤਾ ਵਿਚ ਹਨ। ਹਾਲੀਆ ਤਬਦੀਲੀਆਂ ਕਾਰਨ ਉਨ੍ਹਾਂ ਨੂੰ ਡਰ ਹੈ ਕਿ ਕੈਨੇਡਾ ਭਵਿੱਖ ਵਿਚ ਇਸ ਸਹੂਲਤ ਨੂੰ ਬੰਦ ਕਰ ਸਕਦਾ ਹੈ। ਮਾਪਿਆਂ ਅਤੇ ਦਾਦਾ-ਦਾਦੀ ਲਈ ਪੀ.ਆਰ ਅਤੇ ਸੁਪਰ ਵੀਜ਼ਾ ਵਿਚ ਬਹੁਤ ਅੰਤਰ ਹੈ। ਇਸ ਨਾਲ ਠਹਿਰਨ ਦੇ ਸਮੇਂ ਅਤੇ ਪ੍ਰਾਪਤ ਲਾਭਾਂ ਵਿਚ ਵੀ ਫ਼ਰਕ ਪੈਂਦਾ ਹੈ। ਕੈਨੇਡਾ ਦੇ ਇਕ ਇਮੀਗ੍ਰੇਸ਼ਨ ਮਾਹਿਰ ਨੇ ਕਿਹਾ, 'ਸੁਪਰ ਵੀਜ਼ਾ ਨਾਲ ਮਾਪੇ ਅਤੇ ਦਾਦਾ-ਦਾਦੀ ਇੱਕ ਵਾਰ ਵਿਚ ਪੰਜ ਸਾਲ ਲਈ ਕੈਨੇਡਾ ਵਿਚ ਰਹਿ ਸਕਦੇ ਹਨ।' ਜੇਕਰ ਤੁਸੀਂ ਚਾਹੋ ਤਾਂ ਤੁਸੀਂ ਦੋ ਸਾਲ ਦਾ ਐਕਸਟੈਂਸ਼ਨ ਵੀ ਲੈ ਸਕਦੇ ਹੋ। ਦੂਜੇ ਪਾਸੇ ਜੇਕਰ ਤੁਹਾਨੂੰ ਪੀ.ਆਰ ਮਿਲਦੀ ਹੈ, ਤਾਂ ਤੁਸੀਂ ਕੈਨੇਡਾ ਵਿਚ ਅਣਮਿੱਥੇ ਸਮੇਂ ਲਈ ਰਹਿ ਸਕਦੇ ਹੋ। ਮਾਹਿਰ ਅਨੁਸਾਰ ਸੁਪਰ ਵੀਜ਼ਾ ਵਾਲੇ ਲੋਕਾਂ ਨੂੰ ਪੀ.ਆਰ ਵਾਲੇ ਲੋਕਾਂ ਵਾਂਗ ਲਾਭ ਨਹੀਂ ਮਿਲਦੇ। ਜਿਨ੍ਹਾਂ ਕੋਲ ਪੀ.ਆਰ ਹੈ, ਉਨ੍ਹਾਂ ਨੂੰ ਕੈਨੇਡਾ ਦੇ ਜਨਤਕ ਸਿਹਤ ਸੰਭਾਲ ਪ੍ਰਣਾਲੀ ਦਾ ਪੂਰਾ ਲਾਭ ਮਿਲਦਾ ਹੈ।




# 15 ਜਨਵਰੀ ਨੂੰ ਅਮਰੀਕੀ ਰਾਸ਼ਟਰਪਤੀ ਵਜੋਂ ਆਪਣਾ ਆਖਰੀ ਭਾਸ਼ਣ ਦੇਣਗੇ ਜੋਅ ਬਾਇਡਨ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਹੁੰ ਚੁੱਕ ਸਮਾਗਮ ਤੋਂ 5 ਦਿਨ ਪਹਿਲਾਂ ਬੁੱਧਵਾਰ ਨੂੰ ਓਵਲ ਦਫ਼ਤਰ ਤੋਂ ਵਿਦਾਇਗੀ ਭਾਸ਼ਣ ਦੇਣਗੇ। 20 ਜਨਵਰੀ ਨੂੰ ਅਹੁਦਾ ਛੱਡਣ ਤੋਂ ਪਹਿਲਾਂ ਇਹ ਰਾਸ਼ਟਰਪਤੀ ਵਜੋਂ ਅਮਰੀਕੀਆਂ ਅਤੇ ਦੁਨੀਆਂ ਭਰ ਦੇ ਲੋਕਾਂ ਲਈ ਬਾਇਡਨ ਦਾ ਆਖਰੀ ਭਾਸ਼ਣ ਹੋਵੇਗਾ, ਜੋ ਕਿ ਰਾਤ 8 ਵਜੇ ਸ਼ੁਰੂ ਹੋਵੇਗਾ। ਉਹ ਸੋਮਵਾਰ ਨੂੰ ਵਿਦੇਸ਼ ਮੰਤਰਾਲਾ ਵਿਚ ਆਪਣੇ ਕਾਰਜਕਾਲ ਦੀ ਵਿਦੇਸ਼ ਨੀਤੀ ’ਤੇ ਕੇਂਦ੍ਰਿਤ ਭਾਸ਼ਣ ਦੇਣਗੇ।



ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੇਰਨ ਜੀਨ-ਪੀਅਰੇ ਨੇ ਸ਼ੁੱਕਰਵਾਰ ਨੂੰ ਪੱਤਰਕਾਰਾਂ ਨੂੰ ਦੱਸਿਆ ਕਿ ਬਾਇਡਨ ਸੋਮਵਾਰ ਨੂੰ ਆਪਣੇ ਭਾਸ਼ਣ ਵਿਚ "ਆਪਣੇ 50 ਸਾਲਾਂ ਤੋਂ ਵੱਧ ਦੇ ਜਨਤਕ ਜੀਵਨ" ’ਤੇ ਗੱਲ ਕਰਨਗੇ। ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰਾਂ ਵਿਚਕਾਰ ਹੋਈ ‘ਡਿਬੇਟ’ ਵਿਚ ਬਾਇਡਨ (82) ਦਾ ਪ੍ਰਦਰਸ਼ਨ ਕੁੱਝ ਖਾਸ ਨਹੀਂ ਸੀ, ਜਿਸ ਤੋਂ ਬਾਅਦ ਹੀ ਉਨ੍ਹਾਂ ਦੀ ਪਾਰਟੀ ਦੇ ਮੈਂਬਰ ਬਾਇਡਨ ਦੇ ਇਸ ਅਹੁਦੇ ਦੀ ਦੌੜ ਤੋਂ ਹਟਣ ਦੀ ਗੱਲ ਕਰਨ ਲੱਗੇ ਸਨ ਅਤੇ ਅੰਤ ਵਿਚ ਬਾਈਡੇਨ ਨੇ ਟਰੰਪ ਦੇ ਖਿਲਾਫ ਅਮਰੀਕੀ ਰਾਸ਼ਟਰਪਤੀ ਦੀ ਦੌੜ ਤੋਂ ਪਿੱਛੇ ਹਟਣ ਦਾ ਫੈਸਲਾ ਕੀਤਾ ਸੀ। ਬਾਇਡਨ ਦੀ ਥਾਂ ’ਤੇ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨੂੰ ਡੈਮੋਕ੍ਰੇਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ ਬਣਾਇਆ ਗਿਆ ਸੀ। ਹਾਲਾਂਕਿ, ਉਨ੍ਹਾਂ ਨੂੰ ਟਰੰਪ ਦੇ ਹੱਥੋਂ ਹਾਰ ਦਾ ਸਾਹਮਣਾ ਕਰਨਾ ਪਿਆ।

# ਜਾਹਨਵੀ ਕੰਦੂਲਾ ’ਤੇ ਗੱਡੀ ਚੜ੍ਹਾਉਣ ਵਾਲਾ ਪੁਲਿਸ ਅਧਿਕਾਰੀ ਨੌਕਰੀ ਤੋਂ ਬਰਖ਼ਾਸਤ

ਨਿਊਯਾਰਕ, (ਪੰਜਾਬ ਮੇਲ)- ਸਿਆਟਲ ਦਾ ਪੁਲਿਸ ਅਧਿਕਾਰੀ, ਜਿਸ ਨੇ ਜਨਵਰੀ 2023 ’ਚ ਭਾਰਤੀ ਵਿਦਿਆਰਥਣ ਜਾਹਨਵੀ ਕੰਦੂਲਾ ਨੂੰ ਗਸ਼ਤੀ ਵਾਹਨ ਨਾਲ ਟੱਕਰ ਮਾਰ ਕੇ ਮਾਰ ਦਿੱਤਾ ਸੀ, ਨੂੰ ਪੁਲਿਸ ਵਿਭਾਗ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਆਂਧਰਾ ਪ੍ਰਦੇਸ਼ ਦੀ 23 ਸਾਲਾ ਕੰਦੂਲਾ ਨੂੰ 23 ਜਨਵਰੀ, 2023 ਨੂੰ



ਸਿਆਟਲ ’ਚ ਇਕ ਸੜਕ ਪਾਰ ਕਰਨ ਵੇਲੇ ਪੁਲਿਸ ਅਧਿਕਾਰੀ ਕੇਵਿਨ ਡੇਵ ਵੱਲੋਂ ਚਲਾਏ ਜਾ ਰਹੇ ਪੁਲਿਸ ਵਾਹਨ ਨੇ ਟੱਕਰ ਮਾਰ ਦਿੱਤੀ ਸੀ। ‘ਡਰੱਗ ਓਵਰਡੋਜ਼’ ਦੀ ਕਾਲ ਮਿਲਣ ’ਤੇ ਕੇਵਿਨ ਪੁਲਿਸ ਦੇ ਗਸ਼ਤੀ ਵਾਹਨ ਨੂੰ ਤੇਜ਼ ਰਫ਼ਤਾਰ ਨਾਲ ਚਲਾ ਰਿਹਾ ਸੀ, ਜਿਸ ਨੇ ਕੰਦੂਲਾ ਨੂੰ 100 ਫੁੱਟ ਤੱਕ ਘੜੀਸਿਆ ਸੀ।

## ਕੈਨੇਡਾ ’ਚ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ ’ਚ ਮੌਤ

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ’ਚ ਵਾਪਰੇ ਇਕ ਸੜਕ ਹਾਦਸੇ ਦੌਰਾਨ ਪੰਜਾਬੀ ਨੌਜਵਾਨ ਦੀ ਮੌਤ ਹੋ ਜਾਣ ਦਾ ਦੁੱਖਦ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਦੀ ਪਛਾਣ ਹਰਸ਼ਪ੍ਰੀਤ ਸਿੰਘ (20) ਵਜੋਂ ਹੋਈ ਹੈ, ਜੋਕਿ ਪੰਜਾਬ ਦੇ ਨਵਾਂਸ਼ਹਿਰ ਦੇ ਪਿੰਡ ਮਜ਼ਾਰਾ ਨੌ ਆਬਾਦ ਦਾ ਰਹਿਣ ਵਾਲਾ ਸੀ। ਹਰਸ਼ਪ੍ਰੀਤ ਸਿੰਘ ਸਿਰਫ਼ ਦੋ ਸਾਲ ਪਹਿਲਾਂ ਹੀ ਸਟੱਡੀ ਵੀਜ਼ੇ ’ਤੇ ਕੈਨੇਡਾ ਗਿਆ ਸੀ।




ਮਿਲੀ ਜਾਣਕਾਰੀ ਮੁਤਾਬਕ ਹਰਸ਼ਪ੍ਰੀਤ ਟੋਰਾਂਟੋ ਤੋਂ ਸਟ੍ਰੀਥ ਰਾਏ ਸਿਟੀ ਜਾ ਰਿਹਾ ਸੀ। ਇਸ ਦੌਰਾਨ ਰਸਤੇ ਵਿਚ ਉਸ ਨਾਲ ਸੜਕ ਹਾਦਸਾ ਹੋ ਗਿਆ, ਜਿਸ ਤੋਂ ਬਾਅਦ ਉਸ ਨੂੰ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।

ਉਧਰ ਘਟਨਾ ਦਾ ਪਤਾ ਲੱਗਦੇ ਹੀ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੈ ਅਤੇ ਇਲਾਕੇ ਵਿਚ ਸੋਗ ਦੀ ਲਹਿਰ ਦੌੜ ਗਈ ਹੈ। ਪਰਿਵਾਰ ਵਾਲਿਆਂ ਦਾ ਕਹਿਣਾ ਹੈ ਕਿ ਜਿਸ ਬੇਟੇ ਨੂੰ ਉਨ੍ਹਾਂ ਨੇ ਚਾਵਾਂ ਨਾਲ ਕੈਨੇਡਾ ਪੜ੍ਹਨ ਲਈ ਭੇਜਿਆ ਸੀ, ਉਨ੍ਹਾਂ ਨੇ ਕਦੇ ਸੋਚਿਆ ਨਹੀਂ ਸੀ, ਉਸ ਨਾਲ ਅਜਿਹਾ ਭਾਣਾ ਵਾਪਰ ਜਾਵੇਗਾ। ਪਰਿਵਾਰਕ ਮੈਂਬਰਾਂ ਨੇ ਸਰਕਾਰ ਨੂੰ ਮ੍ਰਿਤਕ ਦੇਹ ਭਾਰਤ ਵਾਪਸ ਲਿਆਉਣ ਦੀ ਮੰਗ ਕੀਤੀ ਹੈ।

# ਪ੍ਰਸਿੱਧ ਸਮਾਜ ਸੇਵੀ ਤੇ ਸਿੱਖ ਆਗੂ ਡਾ. ਅਮਰਜੀਤ ਸਿੰਘ ਮਰਵਾਹਾ ਦਾ 99 ਸਾਲ ਦੀ ਉਮਰ ’ਚ ਦਿਹਾਂਤ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਪ੍ਰਸਿੱਧ ਸਮਾਜ ਸੇਵੀ ਡਾ. ਅਮਰਜੀਤ ਸਿੰਘ ਮਰਵਾਹਾ ਦਾ 99 ਸਾਲ ਦੀ ਉਮਰ ਵਿਚ ਦੁੱਖਦਾਈ ਦਿਹਾਂਤ ਹੋ ਜਾਣ ਦੀ ਖਬਰ ਹੈ। ਉਹ ਸਿੱਖਾਂ ਤੇ ਹੋਰ ਭਾਈਚਾਰਿਆਂ ਵਿਚ ਜਾਣੇ ਪਛਾਣੇ ਆਗੂ ਸਨ। ਡਾ. ਮਰਵਾਹਾ ਨੇ ਕਲਾ, ਸੱਭਿਆਚਾਰ, ਸਿੱਖਿਆ ਤੇ ਮਨੁੱਖੀ ਭਲਾਈ ਦੇ ਖੇਤਰ ’ਚ ਵਰਣਨਯੋਗ ਕੰਮ ਕੀਤਾ। ਡਾ. ਮਰਵਾਹਾ ਲਾਸ ਦੀ ਏਂਜਲਸ ਯਾਤਰਾ 1950 ਵਿਚ ਉਦੋਂ ਸ਼ੁਰੂ ਹੋਈ ਸੀ, ਜਦੋਂ ਉਹ ਸਕਾਲਰਸ਼ਿੱਪ ’ਤੇ ਅਮਰੀਕਾ ਆਏ ਸਨ। 1962 ’ਚ ਉਹ ਪੱਕੇ ਤੌਰ ’ਤੇ ਕੈਲੀਫੋਰਨੀਆ ਵਿਚ ਵੱਸ ਗਏ, ਜਿਥੇ ਉਨ੍ਹਾਂ ਨੇ ਦੰਦਾਂ ਦੇ ਡਾਕਟਰ ਵਜੋਂ ਸੇਵਾਵਾਂ ਨਿਭਾਈਆਂ। ਉਨ੍ਹਾਂ ਦੀ ਪ੍ਰਸਿੱਧੀ ਦਾ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਲਾਸ ਏਂਜਲਸ ਵਿਚ ਵਰਮਾਊਂਟ ਐਵਨਿਊ ਤੇ ਫਿਨਲੇਅ ਸਟਰੀਟ ਚੌਰਾਹੇ ਦਾ ਨਾਂ ਡਾ. ਅਮਰਜੀਤ ਸਿੰਘ ਮਰਵਾਹਾ ਚੌਕ ਰੱਖਿਆ ਗਿਆ ਹੈ। ਇਹ ਚੌਕ ਉਨ੍ਹਾਂ ਦੇ ਜਨਮ ਦਿਨ ਤੋਂ ਇਕ ਦਿਨ



ਡਾ. ਅਮਰਜੀਤ ਸਿੰਘ ਮਰਵਾਹਾ।

ਪਹਿਲਾਂ 3 ਫਰਵਰੀ 2019 ਨੂੰ ਸਿਟੀ ਆਫ ਲਾਸ ਏਂਜਲਸ ਦੁਆਰਾ ਉਨ੍ਹਾਂ ਨੂੰ ਸਮਰਪਿਤ ਕੀਤਾ ਗਿਆ ਸੀ। ਡਾ. ਮਰਵਾਹਾ ਨੂੰ ਹੋਰ ਲੋਕ ਭਲਾਈ ਕੰਮਾਂ ਤੋਂ ਇਲਾਵਾ 1969 ’ਚ ਹਾਲੀਵੁੱਡ ਸਿੱਖ ਗੁਰਦੁਆਰਾ ਬਣਾਉਣ ਵਿਚ ਨਿਭਾਈ ਪ੍ਰਮੁੱਖ ਭੂਮਿਕਾ ਲਈ ਵੀ ਯਾਦ ਕੀਤਾ ਜਾਂਦਾ ਰਹੇਗਾ। ਅਮਰੀਕਾ ਵਿਚ ਬਣਿਆ ਇਹ ਪਹਿਲਾ ਗੁਰੂ ਘਰ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**




# ਵਰਜੀਨੀਆ ਰਾਜ ਵਿਧਾਨ ਸਭਾਵਾਂ ਲਈ ਚੁਣੇ ਗਏ 2 ਭਾਰਤੀ-ਅਮਰੀਕੀ

**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ ਵਿਖੇ ਵਰਜੀਨੀਆ ਦੀਆਂ ਵਿਧਾਨ ਸਭਾਵਾਂ ਦੀਆਂ ਵਿਸ਼ੇਸ਼ ਚੋਣਾਂ ਵਿਚ ਦੋ ਭਾਰਤੀ ਅਮਰੀਕੀ ਚੁਣੇ ਗਏ। ਇਸ ਚੋਣ ਨਾਲ ਭਾਈਚਾਰੇ ਦਾ ਮਾਣ ਵਧਿਆ ਹੈ। ਕੰਨਨ ਸ੍ਰੀਨਿਵਾਸਨ ਨੂੰ ਸਟੇਟ ਸੈਨੇਟ ਲਈ ਚੁਣਿਆ ਗਿਆ ਅਤੇ ਜੇ.ਜੇ. ਸਿੰਘ ਨੂੰ ਸਟੇਟ ਹਾਊਸ ਆਫ ਡੈਲੀਗੇਟਸ ਚੁਣਿਆ ਗਿਆ।



ਇੱਥੇ ਦੱਸ ਦਈਏ ਕਿ ਜੇ.ਜੇ. ਸਿੰਘ ਨੇ ਸਦਨ ਵਿਚ ਸ਼੍ਰੀਨਿਵਾਸਨ ਦੀ ਸੀਟ ਲਈ ਹੈ, ਜੋ ਬਦਲੇ ਵਿਚ ਸੁਹਾਸ ਸੁਬਰਾਮਣੀਅਮ ਦੀ ਥਾਂ ਲੈਣਗੇ, ਜਿਸਨੇ ਰਾਜ ਦੀ ਸੈਨੇਟ ਸੀਟ ਤੋਂ ਅਸਤੀਫ਼ਾ ਦੇ ਦਿੱਤਾ ਸੀ ਅਤੇ ਨਵੰਬਰ ਵਿਚ ਕਾਂਗਰਸ ਲਈ ਚੁਣਿਆ ਗਿਆ ਸੀ। ਰੇਸ ਵਿਚ ਇੱਕ ਹੋਰ ਭਾਰਤੀ ਅਮਰੀਕੀ, ਰਿਪਬਲਿਕਨ ਰਾਮ ਵੈਂਕਟਚਲਮ ਵੀ ਸ਼ਾਮਲ ਸਨ, ਜੋ ਜੇ.ਜੇ. ਸਿੰਘ ਤੋਂ ਹਾਰ ਗਏ ਸਨ।

ਸ੍ਰੀਨਿਵਾਸਨ ਸਟੇਟ ਸੈਨੇਟ ਵਿਚ ਇੱਕ ਹੋਰ ਭਾਰਤੀ ਅਮਰੀਕੀ, ਹੈਦਰਾਬਾਦ ਵਿਚ ਜਨਮੇ ਗ਼ਜ਼ਾਲਾ ਹਾਸ਼ਮੀ ਸ਼ਾਮਲ ਹੋਣਗੇ। ਉਹ ਤਾਮਿਲਨਾਡੂ ਵਿਚ ਵੱਡਾ ਹੋਇਆ ਅਤੇ ਅਮਰੀਕਾ ਜਾਣ ਤੋਂ ਪਹਿਲਾਂ ਭਾਰਤ ਵਿਚ ਇੱਕ ਚਾਰਟਰਡ ਅਕਾਊਂਟੈਂਟ ਸੀ, ਜਿੱਥੇ ਉਸਨੇ ਵਪਾਰ ਅਤੇ ਵਿੱਤ ਵਿਚ 30 ਸਾਲਾਂ ਦਾ ਕਰੀਅਰ ਬਣਾਇਆ। ਸ੍ਰੀਨਿਵਾਸਨ 2023 ਵਿਚ ਵਰਜੀਨੀਆ ਹਾਊਸ ਲਈ ਚੁਣੇ ਗਏ ਸਨ। ਜੇ.ਜੇ. ਵਰਜੀਨੀਆ ਵਿਚ ਪੈਦਾ ਹੋਏ ਸਿੰਘ ਸ਼ਾਇਦ ਅਮਰੀਕਾ ਵਿਚ ਦਸਤਾਰ ਸਜਾਉਣ ਵਾਲੇ ਪਹਿਲੇ ਵਿਧਾਇਕ ਹੋਣਗੇ, ਹਾਲਾਂਕਿ ਹੋਰ ਸਿੱਖ ਚੁਣੇ ਗਏ ਹਨ। ਜੇ.ਜੇ. ਸਿੰਘ ਨੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਅਧੀਨ ਵਾਈਟ ਹਾਊਸ ਆਫਿਸ ਆਫ ਮੈਨੇਜਮੈਂਟ ਐਂਡ ਬਜਟ ਵਿਚ ਕੰਮ ਕੀਤਾ। ਉਸਨੇ ਪਹਿਲਾਂ ਬੋਲੀਵੀਆ ਵਿਚ ਪੀਸ ਕੋਰ ਵਾਲੰਟੀਅਰ ਅਤੇ ਅਮਰੀਕੀ ਸੈਨੇਟ ਦੇ ਸੀਨੀਅਰ ਸਲਾਹਕਾਰ ਵਜੋਂ ਸੇਵਾ ਕੀਤੀ ਸੀ। ਚੋਣਾਂ ਡੈਮੋਕ੍ਰੇਟਸ ਲਈ ਮਹੱਤਵਪੂਰਨ ਹਨ।

## ਟਰੂਡੋ ਸਰਕਾਰ ਦੇ ਮੰਤਰੀ ਚੋਣਾਂ ਲੜਨ ਤੋਂ ਵੱਟਣ ਲੱਗੇ ਪਾਸਾ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੀ ਲਿਬਰਲ ਪਾਰਟੀ ਦੇ ਆਗੂ ਜਸਟਿਨ ਟਰੂਡੋ ਦੀ ਸਰਕਾਰ 'ਚ ਕੁਝ ਮੌਜੂਦਾ ਅਤੇ ਸਾਬਕਾ ਮੰਤਰੀਆਂ ਵੱਲੋਂ ਆਗਾਮੀ ਚੋਣਾਂ ਲੜਨ ਤੋਂ ਕੀਤੀ ਜਾ ਰਹੀ ਨਾਂਹ ਇਸ ਗੱਲ ਦਾ ਸੰਕੇਤ ਬਣ ਰਹੀ ਹੈ ਕਿ ਉਨ੍ਹਾਂ ਨੂੰ ਲੋਕਾਂ ਦੇ ਪਾਰਟੀ ਤੋਂ ਉੱਠੇ ਵਿਸ਼ਵਾਸ ਦੀ ਭਿਣਕ ਪੈ ਗਈ ਹੈ। ਬੀਤੇ ਦਿਨੀਂ ਵਿਦੇਸ਼ ਮੰਤਰੀ ਮਿਲੇਨੀ ਜੌਲੀ ਨੇ ਚੋਣਾਂ ਤੋਂ ਪਾਸਾ ਵੱਟਣ ਦਾ ਐਲਾਨ ਕੀਤਾ ਸੀ ਅਤੇ ਹੁਣ ਟਰਾਂਸਪੋਰਟ ਮੰਤਰੀ ਅਨੀਤਾ ਆਨੰਦ ਨੇ ਅਗਲੀ ਚੋਣ ਲੜਨ ਦੀ ਥਾਂ ਮੁੜ ਆਪਣੇ ਅਧਿਆਪਨ ਖੋਜ ਕਿੱਤੇ ਨਾਲ ਜੁੜਨ ਦੀ ਇੱਛਾ ਜਤਾਈ ਹੈ। ਕੁਝ ਦਿਨ ਪਹਿਲਾਂ ਤੱਕ ਉਹ ਪਾਰਟੀ ਦਾ ਅਗਲਾ ਆਗੂ ਬਣਨ ਵਾਲੇ ਉਮੀਦਵਾਰਾਂ ਵਿਚ ਸ਼ਾਮਲ ਸੀ।



## ਗ੍ਰੀਨਲੈਂਡ 'ਤੇ ਟਰੰਪ ਦੀ ਧਮਕੀ ਤੋਂ ਬਾਅਦ ਜਰਮਨੀ ਤੇ ਫਰਾਂਸ ਵੱਲੋਂ ਚਿਤਾਵਨੀ

**ਜਲੰਧਰ, (ਪੰਜਾਬ ਮੇਲ)-** ਨਵ-ਨਿਯੁਕਤ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਗ੍ਰੀਨਲੈਂਡ ਨੂੰ ਲੈ ਕੇ ਦਿੱਤੀ ਗਈ ਧਮਕੀ ਤੋਂ ਬਾਅਦ ਹੁਣ ਨਾਟੋ ਦੇ 2 ਪ੍ਰਮੁੱਖ ਦੇਸ਼ਾਂ ਜਰਮਨੀ ਅਤੇ ਫਰਾਂਸ ਨੇ ਪਹਿਲੀ ਵਾਰ ਇਸ ਨੂੰ ਲੈ ਕੇ ਬਿਆਨ ਦਿੱਤਾ ਹੈ, ਜਿਸ 'ਚ ਗ੍ਰੀਨਲੈਂਡ ਦੇ ਮੁੱਦੇ 'ਤੇ ਅਮਰੀਕਾ ਨੂੰ ਯੂਰਪੀਅਨ ਏਕਤਾ ਦਾ ਸੰਦੇਸ਼ ਦਿੱਤਾ ਗਿਆ ਹੈ। ਜਰਮਨੀ ਦੇ ਚਾਂਸਲਰ ਓਲਾਫ ਸਕੋਲਜ਼ ਨੇ ਗ੍ਰੀਨਲੈਂਡ ਨੂੰ ਲੈ ਕੇ ਟਰੰਪ ਦੀ ਧਮਕੀ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਹੈ ਕਿ ਸਰਹੱਦਾਂ ਦੀ ਅਖੰਡਤਾ ਦਾ ਸਿਧਾਂਤ ਹਰ ਦੇਸ਼ 'ਤੇ ਲਾਗੂ ਹੁੰਦਾ ਹੈ, ਭਾਵੇਂ ਉਹ ਬਹੁਤ ਛੋਟਾ ਹੋਵੇ ਜਾਂ ਬਹੁਤ ਸ਼ਕਤੀਸ਼ਾਲੀ। ਉਥੇ ਹੀ ਫਰਾਂਸ ਦੇ ਵਿਦੇਸ਼ ਮੰਤਰੀ ਜੀਨ-ਨੋਇਲ ਬੈਰੋਟ ਨੇ ਕਿਹਾ ਕਿ ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਯੂਰਪੀਅਨ ਯੂਨੀਅਨ ਦੂਜੇ ਦੇਸ਼ਾਂ ਨੂੰ ਆਪਣੀ ਪ੍ਰਭੂਸੱਤਾ ਵਾਲੀਆਂ ਸਰਹੱਦਾਂ 'ਤੇ ਹਮਲਾ ਨਹੀਂ ਕਰਨ ਦੇਵੇਗੀ।

ਇਸ ਤੋਂ ਪਹਿਲਾਂ ਡੋਨਾਲਡ ਟਰੰਪ ਨੇ ਗ੍ਰੀਨਲੈਂਡ ਨੂੰ ਹਾਸਲ ਕਰਨ ਦੀ ਆਪਣੀ ਇੱਛਾ ਫਿਰ ਦੁਹਰਾਈ ਸੀ। ਟਰੰਪ ਨੇ ਕਿਹਾ ਸੀ ਕਿ ਆਰਕਟਿਕ ਟਾਪੂ ਅਮਰੀਕਾ ਦੀ ਰਾਸ਼ਟਰੀ ਅਤੇ ਆਰਥਿਕ ਸੁਰੱਖਿਆ ਲਈ ਮਹੱਤਵਪੂਰਨ ਹਨ। ਡੋਨਾਲਡ ਟਰੰਪ ਗ੍ਰੀਨਲੈਂਡ ਅਤੇ ਅਮਰੀਕਾ ਨੂੰ ਲੈ ਕੇ ਕਈ ਵਾਰ ਬਿਆਨ ਦੇ ਚੁੱਕੇ ਹਨ। ਉੱਤਰੀ ਅਮਰੀਕਾ ਅਤੇ ਯੂਰਪ ਦੇ ਸਭ ਤੋਂ ਛੋਟੇ ਸਮੁੰਦਰੀ ਰਸਤੇ 'ਤੇ ਸਥਿਤ ਗ੍ਰੀਨਲੈਂਡ ਅਮਰੀਕਾ ਦਾ ਲੰਬੇ ਸਮੇਂ ਤੋਂ ਸਹਿਯੋਗੀ ਡੈਨਮਾਰਕ ਦਾ ਖੁਦਮੁਖਤਿਆਰ ਖੇਤਰ ਹੈ।

ਡੈਨਮਾਰਕ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਗ੍ਰੀਨਲੈਂਡ ਕਿਸੇ ਨੂੰ ਦੇਣ ਲਈ ਨਹੀਂ ਹੈ, ਸਗੋਂ ਇਹ ਉਸਦੇ ਵਾਸੀਆਂ ਦਾ ਹੈ। ਗ੍ਰੀਨਲੈਂਡ ਦੇ ਪ੍ਰਧਾਨ ਮੰਤਰੀ ਮਯੂਟ ਏਗੇਡੇ ਡੈਨਮਾਰਕ ਤੋਂ ਆਜ਼ਾਦੀ ਲਈ ਜ਼ੋਰ ਦੇ ਰਹੇ ਹਨ ਪਰ ਉਨ੍ਹਾਂ ਨੇ ਵੀ ਟਰੰਪ ਦੇ ਬਿਆਨ ਤੋਂ ਬਾਅਦ ਕਿਹਾ ਕਿ ਇਹ ਖੇਤਰ ਵਿਕਰੀ ਲਈ ਨਹੀਂ ਹੈ। ਇਸ ਦੌਰਾਨ ਜਰਮਨੀ ਦੇ ਚਾਂਸਲਰ ਸਕੋਲਜ਼ ਨੇ ਕਿਹਾ ਕਿ ਅਮਰੀਕੀ ਪ੍ਰਸ਼ਾਸਨ ਵੱਲੋਂ ਆ ਰਹੇ ਬਿਆਨਾਂ ਬਾਰੇ ਕੁਝ ਗਲਤਫਹਿਮੀ ਹੈ। ਸਰਹੱਦਾਂ ਦੀ ਅਖੰਡਤਾ ਦਾ ਸਿਧਾਂਤ ਹਰ ਦੇਸ਼ 'ਤੇ ਲਾਗੂ ਹੁੰਦਾ ਹੈ, ਭਾਵੇਂ ਪੂਰਬ 'ਚ ਹੋਣ ਜਾਂ ਪੱਛਮ 'ਚ।

## ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਅਰ ਸਟਾਰਮਰ 'ਤੇ ਅਮਰੀਕੀ ਰਾਸ਼ਟਰਪਤੀ ਚੋਣ 'ਚ ਦਖਲ ਦੇਣ ਦੇ ਲੱਗੇ ਦੋਸ਼

**ਲੰਡਨ, (ਪੰਜਾਬ ਮੇਲ)-** ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਇਨ੍ਹੀਂ ਦਿਨੀਂ ਸੁਰਖੀਆਂ ਵਿਚ ਬਣੇ ਹੋਏ ਹਨ। ਪਹਿਲਾਂ ਜਿਮੀ ਸੈਵਿਲ ਦੇ ਮਾਮਲੇ ਵਿਚ ਬ੍ਰਿਟਿਸ਼ ਪ੍ਰਧਾਨ ਮੰਤਰੀ ਦਾ ਨਾਂ ਸਾਹਮਣੇ ਆਇਆ। ਅਰਬਪਤੀ ਤੇ ਟੈਸਲਾ ਦੇ ਫਾਊਂਡਰ ਐਲੋਨ ਮਸਕ ਨੇ ਸਿੱਧੇ ਤੌਰ ਉੱਤੇ ਕੀਅਰ ਨੂੰ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚ ਕੁਝ ਨਾ ਕਰਨ ਦੇ ਮਾਮਲੇ ਵਿਚ ਕਸੂਰਵਾਰ ਦੱਸਿਆ ਤੇ ਹੁਣ ਉਨ੍ਹਾਂ ਦਾ ਨਾਂ ਇਕ ਹੋਰ ਮਾਮਲੇ ਵਿਚ ਸਾਹਮਣੇ ਆ ਰਿਹਾ ਹੈ।



ਹੁਣ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਦਾ ਨਾਂ ਅਮਰੀਕਾ 'ਚ ਹੋਈਆਂ ਰਾਸ਼ਟਰਪਤੀ ਚੋਣਾਂ ਨਾਲ ਜੋੜਿਆ ਗਿਆ ਹੈ ਤੇ ਉਨ੍ਹਾਂ ਉੱਤੇ ਗੰਭੀਰ ਦੋਸ਼ ਲਾਏ ਗਏ ਹਨ। ਇਸ ਦੌਰਾਨ ਸਿਟੀਜ਼ਨ ਜਰਨਲਿਜ਼ਮ ਨੈੱਟਵਰਕ ਦੇ ਹੋਸਟ ਮਾਰੀਓ ਨਾਫਾਲ ਨੇ ਬ੍ਰਿਟੇਨ ਦੇ ਸੋਸ਼ਲ ਮੀਡੀਆ ਇਨਫਲੂਏਂਸਰ ਤੇ ਰਿਫੋਰਮ ਯੂ.ਕੇ. ਨਾਂ ਦੀ ਪਾਰਟੀ ਨਾਲ ਸਬੰਧਿਤ ਜਿਮ ਫੇਰਗੋਸਨ ਦਾ ਹਵਾਲਾ ਦਿੰਦਿਆਂ ਕਿਹਾ ਕਿ 2024 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਦਖਲ ਲਈ ਯੂ.ਕੇ. ਦੇ ਕੀਅਰ ਸਟਾਰਮਰ ਦੇਸ਼ ਧਰੋਹ ਦੇ ਦੋਸ਼ੀ ਹਨ। ਇਸ ਦੌਰਾਨ ਉਸ ਨੇ ਕਿਹਾ ਕਿ ਇਨ੍ਹਾਂ ਵਿਸਫੋਟਕ ਦੋਸ਼ਾਂ 'ਚ ਦਾਅਵਾ ਕੀਤਾ ਗਿਆ ਹੈ ਕਿ ਯੂ.ਕੇ. ਲੇਬਰ ਨੇਤਾ ਕੀਅਰ ਸਟਾਰਮਰ ਨੇ 2024 ਦੀਆਂ ਅਮਰੀਕੀ ਚੋਣਾਂ ਦੌਰਾਨ ਕਮਲਾ ਹੈਰਿਸ ਦੀ ਮੁਹਿੰਮ ਦਾ ਸਮਰਥਨ ਕਰਨ ਅਤੇ ਟਰੰਪ ਨੂੰ ਕਮਜ਼ੋਰ ਕਰਨ ਲਈ ਗੁਪਤ ਤੌਰ 'ਤੇ 100 ਕਾਰਕੁਨਾਂ ਨੂੰ ਤਾਇਨਾਤ ਕੀਤਾ ਸੀ। ਰਿਪੋਰਟਾਂ 'ਚ ਸੁਝਾਅ ਦਿੱਤਾ ਗਿਆ ਹੈ ਕਿ ਇਸ ਗੁਪਤ ਟੀਮ ਨੇ ਟਰੰਪ ਦੇ ਵਿਰੁੱਧ ਪੈਮਾਨੇ ਨੂੰ ਟਿਪ ਕਰਨ ਲਈ ਤਿਆਰ ਕੀਤੇ ਗਏ ਡੇਟਾ ਓਪਸ, ਮੈਸੇਜਿੰਗ ਮੁਹਿੰਮਾਂ ਅਤੇ ਵੋਟਰ ਪਹੁੰਚ ਨਾਲ ਮੁੱਖ ਚੋਣ ਦੇ ਮੈਦਾਨ ਵਾਲੇ ਰਾਜਾਂ ਨੂੰ ਨਿਸ਼ਾਨਾ ਬਣਾਇਆ। ਟਰੰਪ ਦੇ ਕਰੀਬੀ ਲੋਕ ਇਸਨੂੰ "ਦੇਸ਼ਧ੍ਰੋਹ" ਦਾ ਲੇਬਲ ਲਗਾ ਰਹੇ ਹਨ ਤੇ ਕਥਿਤ ਤੌਰ 'ਤੇ ਬਦਲਾ ਲੈਣ ਵਾਲੇ ਉਪਾਵਾਂ ਦੀ ਯੋਜਨਾ ਬਣਾ ਰਹੇ ਹਨ, ਜਿਸ 'ਚ ਆਰਥਿਕ ਪਾਬੰਦੀਆਂ, ਅੰਤਰਰਾਸ਼ਟਰੀ ਟ੍ਰਿਬਿਊਨਲ ਅਤੇ ਸਟਾਰਮਰ ਅਤੇ ਉਸਦੇ ਸਹਿਯੋਗੀਆਂ ਦੇ ਵਿਰੁੱਧ ਗੁਪਤ ਕਾਰਵਾਈਆਂ ਸ਼ਾਮਲ ਹਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਬਾਇਡਨ ਪ੍ਰਸ਼ਾਸਨ ਨੇ ਕੋਵਿਡ ਵੈਕਸੀਨ ਵਿਰੋਧੀ ਪੋਸਟਾਂ ਰੋਕਣ ਲਈ ਪਾਇਆ ਸੀ ਦਬਾਅ: ਜ਼ੁਕਰਬਰਗ

ਵਾਸ਼ਿੰਗਟਨ, (ਪੰਜਾਬ ਮੇਲ)- ਮੈਟਾ ਦੇ ਸੀ.ਈ.ਓ. ਮਾਰਕ ਜ਼ੁਕਰਬਰਗ ਨੇ ਖੁਲਾਸਾ ਕੀਤਾ ਕਿ ਬਾਇਡਨ ਪ੍ਰਸ਼ਾਸਨ ਨੇ ਫੇਸਬੁੱਕ ਨੂੰ ਕੋਵਿਡ-19 ਟੀਕਿਆਂ ਨਾਲ ਸਬੰਧਤ ਸਮੱਗਰੀ ਨੂੰ ਸੈਂਸਰ ਕਰਨ ਲਈ ਮਜਬੂਰ ਕੀਤਾ। ਕਈ ਵਿਸ਼ਿਆਂ ’ਤੇ ਇੱਕ ਇੰਟਰਵਿਊ ਦੌਰਾਨ, ਜ਼ੁਕਰਬਰਗ ਨੇ ਸਰਕਾਰੀ ਸੈਂਸਰਸ਼ਿਪ ਦੇ ਮੁੱਦੇ ਬਾਰੇ ਗੱਲ ਕੀਤੀ ਅਤੇ ਕਿਹਾ ਕਿ ਇਹ ਆਪਣੇ ਸਿਖਰ ’ਤੇ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਕਹਾਂਗਾ ਕਿ ਇਹ ਬਾਇਡਨ ਪ੍ਰਸ਼ਾਸਨ ਦੇ ਸਮੇਂ ਦੀ ਗੱਲ ਹੈ, ਜਦੋਂ ਉਹ ਟੀਕਾਕਰਨ ਪ੍ਰੋਗਰਾਮ ਸ਼ੁਰੂ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਹੁਣ ਮੈਂ ਆਮ ਤੌਰ ’ਤੇ ਟੀਕਾ ਲਗਾਉਣ ਦੇ ਹੱਕ ਵਿਚ ਹਾਂ। ਮੇਰਾ ਮੰਨਣਾ ਹੈ ਕਿ ਸੰਤੁਲਨ ਵਿਚ ਇਹ ਟੀਕਾ ਨਕਾਰਾਤਮਕ ਨਾਲੋਂ



ਜ਼ਿਆਦਾ ਸਕਾਰਾਤਮਕ ਹੈ ਪਰ ਮੈਨੂੰ ਲੱਗਦਾ ਹੈ ਕਿ ਜਦੋਂ ਉਹ ਉਸ ਪ੍ਰੋਗਰਾਮ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਤਾਂ ਉਨ੍ਹਾਂ ਨੇ ਇਸਦੇ ਵਿਰੁੱਧ ਬੋਲਣ ਵਾਲੇ ਕਿਸੇ ਵੀ ਵਿਅਕਤੀ ਨੂੰ ਸੈਂਸਰ ਕਰਨ ਦੀ ਵੀ ਕੋਸ਼ਿਸ਼ ਕੀਤੀ।

ਇਸ ਦੌਰਾਨ ਮਾਰਕ ਨੇ ਅੱਗੇ ਕਿਹਾ ਕਿ ਉਨ੍ਹਾਂ ਨੇ ਸਾਨੂੰ ਉਨ੍ਹਾਂ ਚੀਜ਼ਾਂ ਨੂੰ ਹਟਾਉਣ ਲਈ ਬਹੁਤ ਜ਼ੋਰ ਦਿੱਤਾ, ਜੋ ਸੱਚਮੁੱਚ ਸੱਚੀਆਂ ਸਨ। ਮੇਰਾ ਮਤਲਬ ਹੈ ਕਿ ਉਨ੍ਹਾਂ ਨੇ ਅਸਲ ਵਿਚ ਸਾਨੂੰ ਮਜਬੂਰ ਕੀਤਾ ਅਤੇ ਕਿਹਾ ਕਿ ਤੁਹਾਨੂੰ ਪਤਾ ਹੈ ਕੀ, ਕੋਈ ਵੀ ਜੋ ਕਹਿੰਦਾ ਹੈ ਕਿ ਟੀਕਿਆਂ ਦੇ ਮਾੜੇ ਪ੍ਰਭਾਵ ਹੋ ਸਕਦੇ ਹਨ, ਤੁਹਾਨੂੰ ਉਸਨੂੰ ਹਟਾਉਣ ਦੀ ਲੋੜ ਹੈ ਤੇ ਮੈਂ ਸਿਰਫ਼ ਇਹੀ ਕਹਿ ਰਿਹਾ ਸੀ ਕਿ ਅਸੀਂ ਅਜਿਹਾ ਕਰਦੇ ਨਹੀਂ ਰਹਾਂਗੇ। ਉਸਨੇ ਕਿਹਾ ਕਿ ਬਾਇਡਨ ਪ੍ਰਸ਼ਾਸਨ ਦੇ ਲੋਕਾਂ ਨੇ ਉਸਨੂੰ ਉਹ ਚੀਜ਼ਾਂ ਹਟਾਉਣ ਲਈ ਕਿਹਾ, ਜੋ ਟੀਕੇ ਦੇ ਮਾੜੇ ਪ੍ਰਭਾਵਾਂ ਬਾਰੇ ਗੱਲ ਕਰਦੀਆਂ ਸਨ।

ਸਰਕਾਰੀ ਸੈਂਸਰਸ਼ਿਪ ਦੀ ਜਾਂਚ ਲਈ ਬਣਾਈ ਗਈ ਜਾਂਚ ਅਤੇ ਕਮੇਟੀ ਦਾ ਹਵਾਲਾ ਦਿੰਦੇ ਹੋਏ, ਮਾਰਕ ਜ਼ੁਕਰਬਰਗ ਨੇ ਕਿਹਾ ਕਿ ਅਸੀਂ ਇਹ ਸਾਰੇ ਦਸਤਾਵੇਜ਼ ਤਿਆਰ ਕੀਤੇ ਹਨ ਅਤੇ ਇਹ ਸਾਰੇ ਜਨਤਕ ਖੇਤਰ ਵਿਚ ਹਨ। ਮੇਰਾ ਮਤਲਬ ਹੈ, ਬਾਇਡਨ ਪ੍ਰਸ਼ਾਸਨ ਦੇ ਇਹ ਲੋਕ ਸਾਡੀ ਟੀਮ ਨੂੰ ਬੁਲਾਉਣਗੇ ਅਤੇ ਉਨ੍ਹਾਂ ’ਤੇ ਚੀਕਣਗੇ ਅਤੇ ਉਨ੍ਹਾਂ ਨਾਲ ਬਦਸਲੂਕੀ ਕਰਨਗੇ। ਜ਼ੁਕਰਬਰਗ ਨੇ ਅੱਗੇ ਕਿਹਾ ਕਿ ਗੱਲ ਇਸ ਹੱਦ ਤੱਕ ਪਹੁੰਚ ਗਈ ਕਿ ਅਸੀਂ ਇਸ ਤਰ੍ਹਾਂ ਸੀ। ਨਹੀਂ, ਅਸੀਂ ਸੱਚੇ ਤੱਥਾਂ ਨੂੰ ਨਹੀਂ ਹਟਾਵਾਂਗੇ। ਇਹ ਹਾਸੋਹੀਣਾ ਹੈ। ਫਿਰ ਇਹ ਸਾਰੀਆਂ ਵੱਖ-ਵੱਖ ਏਜੰਸੀਆਂ ਅਤੇ ਸਰਕਾਰ ਦੀਆਂ ਸ਼ਾਖਾਵਾਂ ਸਾਡੀ ਕੰਪਨੀ ਦੇ ਪਿੱਛੇ ਆਈਆਂ ਅਤੇ ਜਾਂਚ ਸ਼ੁਰੂ ਕਰ ਦਿੱਤੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com

# ਹਸ਼ ਮਨੀ ਮਾਮਲੇ ’ਚ ਅਦਾਲਤ ਵੱਲੋਂ ਡੋਨਾਲਡ ਟਰੰਪ ਸਾਰੇ 34 ਦੋਸ਼ਾਂ ਤੋਂ ਬਿਨਾਂ-ਸ਼ਰਤ ਬਰੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਹਸ਼ ਮਨੀ ਮਾਮਲੇ ’ਚ ਵੱਡੀ ਰਾਹਤ ਮਿਲੀ ਹੈ। ਅਦਾਲਤ ਨੇ ਉਸ ਨੂੰ ਸਾਰੇ 34 ਦੋਸ਼ਾਂ ਤੋਂ ਬਿਨਾਂ ਸ਼ਰਤ ਬਰੀ ਕਰ ਦਿੱਤਾ ਹੈ। ਅਦਾਲਤ ਨੇ ਦੂਜੇ ਕਾਰਜਕਾਲ ਲਈ ਵੀ ਸ਼ੁੱਭ ਕਾਮਨਾਵਾਂ ਦਿੱਤੀਆਂ। ਫੈਸਲਾ ਸੁਣਾਉਂਦੇ ਹੋਏ ਜੱਜ ਮਾਰਚੇਨ ਨੇ ਇਸ ਕੇਸ ਨੂੰ ਅਸਾਧਾਰਨ ਕੇਸ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਵੱਡਾ ਵਿਰੋਧਾਭਾਸ ਹੈ। ਇਹ ਮਾਮਲਾ ਮੀਡੀਆ ਵਿਚ ਸੁਰਖੀਆਂ ਬਣਿਆ ਪਰ ਅਦਾਲਤ ਵਿਚ ਮਾਮਲਾ ਵੱਖਰਾ ਹੈ।



ਫੈਸਲੇ ਤੋਂ ਪਹਿਲਾਂ, ਟਰੰਪ ਨੇ ਜੱਜ ਨੂੰ ਕਿਹਾ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਨਾਲ ਬਹੁਤ ਬੁਰਾ ਸਲੂਕ ਕੀਤਾ ਗਿਆ ਸੀ। ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ। ਤੁਹਾਨੂੰ ਦੱਸ ਦੇਈਏ ਕਿ ਟਰੰਪ ਅਦਾਲਤ ਵਿਚ ਲਗਾਤਾਰ ਉਹੀ ਦਲੀਲ ਦੋਹਰਾ ਰਹੇ ਸਨ, ਜੋ ਉਹ ਪਹਿਲਾਂ ਕਹਿ ਰਹੇ ਸਨ। ਉਹ ਲਗਾਤਾਰ ਦੋਸ਼ਾਂ ਨੂੰ ਬੇਬੁਨਿਆਦ ਦੱਸ ਰਹੇ ਹਨ।

2016 ’ਚ ਟਰੰਪ ’ਤੇ ਘੋਟਾਲੇ ਤੋਂ ਬਚਣ ਲਈ ਇਕ ਐਡਲਟ ਸਟਾਰ ਨੂੰ 1 ਲੱਖ 30 ਹਜ਼ਾਰ ਡਾਲਰ ਦੇਣ ਦਾ ਦੋਸ਼ ਲੱਗਾ ਸੀ। ਇਲਜ਼ਾਮ ਸੀ ਕਿ ਉਸਨੇ ਆਪਣੇ ਰਿਸ਼ਤੇ ਨੂੰ ਲੈ ਕੇ ਚੁੱਪੀ ਬਣਾਈ ਰੱਖਣ ਲਈ ਐਡਲਟ ਸਟਾਰ ਨੂੰ ਇਹ ਪੈਸੇ ਦਿੱਤੇ ਸਨ। ਟਰੰਪ ਨੂੰ ਪਿਛਲੇ ਸਾਲ ਮਈ ’ਚ ਦੋਸ਼ੀ ਕਰਾਰ ਦਿੱਤਾ ਗਿਆ ਸੀ। ਸ਼ੁੱਕਰਵਾਰ ਨੂੰ ਟਰੰਪ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ’ਚ ਸੁਣਵਾਈ ’ਚ ਪੇਸ਼ ਹੋਏ।

ਵਕੀਲ ਸਟੈਂਗਲਾਸ ਨੇ ਸੁਣਵਾਈ ਦੌਰਾਨ ਅਤੇ ਬਾਅਦ ਵਿਚ ਡੋਨਾਲਡ ਟਰੰਪ ਦੇ ਵਿਵਹਾਰ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਟਰੰਪ ਨੇ ਇਸ ਮਾਮਲੇ ਦੀ ਵੈਧਤਾ ਨੂੰ ਕਮਜ਼ੋਰ ਕਰਨ ਲਈ ਮੁਹਿੰਮ ਚਲਾਈ। ਉਨ੍ਹਾਂ ਨੇ ਟਰੰਪ ਦੇ ਕਈ ਬਿਆਨਾਂ ਦਾ ਵੀ ਜ਼ਿਕਰ ਕੀਤਾ, ਜਿਨ੍ਹਾਂ ’ਚ ਉਨ੍ਹਾਂ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਇਸ ਮਾਮਲੇ ’ਚ ਫਸਾਇਆ ਜਾ ਰਿਹਾ ਹੈ।

ਇੰਨਾ ਹੀ ਨਹੀਂ, ਸਰਕਾਰੀ ਵਕੀਲ ਨੇ ਆਪਣੇ ਉਸ ਬਿਆਨ ਦਾ ਵੀ ਜ਼ਿਕਰ ਕੀਤਾ, ਜਿਸ ਵਿਚ ਟਰੰਪ ਨੇ ਜ਼ਿਲ੍ਹਾ ਅਟਾਰਨੀ ਦਫ਼ਤਰ ਨੂੰ ਭ੍ਰਿਸ਼ਟ ਕਰਾਰ ਦਿੱਤਾ ਸੀ। ਸਟੈਂਗਲਾਸ ਨੇ ਅਦਾਲਤ ਨੂੰ ਦੱਸਿਆ ਕਿ ਟਰੰਪ ਦੁਆਰਾ ਅਦਾਲਤਾਂ ਅਤੇ ਅਪਰਾਧਿਕ ਨਿਆਂਇਕ ਪ੍ਰਕਿਰਿਆ ’ਤੇ ਹਮਲਾ ਕੀਤਾ ਗਿਆ ਸੀ। ਇਸ ਦਾ ਅਦਾਲਤ ਦੇ ਬਾਹਰ ਵੀ ਵਿਆਪਕ ਪ੍ਰਭਾਵ ਪਿਆ ਹੈ ਅਤੇ ਅਪਰਾਧਿਕ ਨਿਆਂਇਕ ਪ੍ਰਕਿਰਿਆ ਬਾਰੇ ਲੋਕਾਂ ਦੀ ਰਾਏ ਨੂੰ ਠੇਸ ਪਹੁੰਚਾਈ ਹੈ।

# ਕੈਨੇਡਾ ਨੂੰ ਅਮਰੀਕਾ ’ਚ ਮਿਲਾਉਣ ’ਤੇ ਟਰੂਡੋ ਦਾ ਟਰੰਪ ’ਤੇ ਪਲਟਵਾਰ

**■ ਕਿਹਾ; ਸਾਨੂੰ ਹੀ ਦੇ ਦਿਓ ਵਰਮੋਂਟ ਜਾਂ ਕੈਲੀਫੋਰਨੀਆ**

ਓਟਾਵਾ, (ਪੰਜਾਬ ਮੇਲ)- ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਜਦੋਂ ਅਮਰੀਕਾ ਦੇ ਨਵ-ਨਿਯੁਕਤ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ ’ਤੇ ਕਬਜ਼ਾ ਕਰਨ ਅਤੇ ਉਸ ਨੂੰ 51ਵੇਂ ਰਾਜ ਵਜੋਂ ਅਮਰੀਕਾ ’ਚ ਸ਼ਾਮਲ ਕਰਨ ਦੀ ਇੱਛਾ ਜ਼ਾਹਰ ਕੀਤੀ ਸੀ, ਤਾਂ





ਉਨ੍ਹਾਂ ਨੇ ਵੀ ਮਜ਼ਾਕ ’ਚ ਅਮਰੀਕੀ ਰਾਜ ਵਰਮੋਂਟ ਜਾਂ ਕੈਲੀਫੋਰਨੀਆ ਕੈਨੇਡਾ ਨੂੰ ਦਿੱਤੇ ਜਾਣ ਮੰਗ ਕਰ ਦਿੱਤੀ ਸੀ।

ਪਿਛਲੇ ਸਾਲ ਨਵੰਬਰ ’ਚ ਡੋਨਾਲਡ ਟਰੰਪ ਨਾਲ ਹੋਈ ਗੱਲਬਾਤ ਦਾ ਹਵਾਲਾ ਦਿੰਦੇ ਹੋਏ ਟਰੂਡੋ ਨੇ ਮੀਡੀਆ ਨੂੰ ਦਿੱਤੀ ਇੰਟਰਵਿਊ ’ਚ ਇਹ ਗੱਲ ਕਹੀ। ਉਨ੍ਹਾਂ ਮਜ਼ਾਕ ’ਚ ਟਰੰਪ ਨੂੰ ਸੁਝਾਅ ਦਿੱਤਾ ਸੀ ਕਿ ਉਹ ਕੁਝ ਥਾਵਾਂ ਦੀ ਅਦਲਾ-ਬਦਲੀ ਵਰਮੋਂਟ ਜਾਂ ਕੈਲੀਫੋਰਨੀਆ ਨਾਲ ਕਰ ਸਕਦੇ ਹਨ। ਟਰੂਡੋ ਨੇ ਯਾਦ ਕੀਤਾ ਕਿ ਉਨ੍ਹਾਂ ਦਾ ਸੁਝਾਅ ਅਮਰੀਕਾ ਦੇ ਨਵ-ਨਿਯੁਕਤ ਰਾਸ਼ਟਰਪਤੀ ਨੂੰ ਪਸੰਦ ਨਹੀਂ ਆਇਆ ਸੀ।





EXPO
Furniture Gallery
We offer 0% interest financing
and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
New Year Special Sale
Best price guaranteed.
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਕੈਲੀਫੋਰਨੀਆ ਦਾ ਸ਼ਹਿਰ ਲਾਸ ਏਂਜਲਸ ਅੱਗ ਦੇ ਘੇਰੇ 'ਚ




























ਅਮਰੀਕਾ ਦੇ ਜੰਗਲਾਂ 'ਚ ਲੱਗੀ ਭਿਆਨਕ ਅੱਗ ਦੀਆਂ ਵੱਖ-ਵੱਖ ਤਸਵੀਰਾਂ।

# ਅਮਰੀਕੀ ਸੰਸਦ ਮੈਂਬਰ ਵੱਲੋਂ ਅਡਾਨੀ ਖ਼ਿਲਾਫ਼ ਜਾਂਚ ਨੂੰ ਚੁਣੌਤੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਭਾਰਤੀ ਅਰਬਪਤੀ ਗੌਤਮ ਅਡਾਨੀ ਦੀਆਂ ਗਤੀਵਿਧੀਆਂ ਦੀ ਜਾਂਚ ਕਰਨ ਦੇ ਬਾਇਡਨ ਪ੍ਰਸ਼ਾਸਨ ਦੇ ਫ਼ੈਸਲੇ ਨੂੰ ਚੁਣੌਤੀ ਦਿੰਦਿਆਂ ਰਿਪਬਲਿਕਨ ਸੰਸਦ ਮੈਂਬਰ ਨੇ ਕਿਹਾ ਕਿ ਅਜਿਹੀਆਂ ਚੋਣਵੀਆਂ ਕਾਰਵਾਈਆਂ ਮੁੱਖ ਭਾਈਵਾਲਾਂ ਨਾਲ ਅਹਿਮ ਗੱਠਜੋੜ ਨੂੰ ਨੁਕਸਾਨ ਪਹੁੰਚਾ ਸਕਦੀਆਂ ਹਨ। ਸਦਨ ਦੀ ਨਿਆਂਪਾਲਿਕਾ ਕਮੇਟੀ ਦੇ ਮੈਂਬਰ ਲਾਂਸ ਗੂਡਨ ਨੇ ਅਮਰੀਕਾ ਦੇ ਅਟਾਰਨੀ ਜਨਰਲ ਮੈਰਿਕ ਬੀ ਗਾਰਲੈਂਡ ਨੂੰ ਸਖ਼ਤ ਸ਼ਬਦਾਂ ਵਿਚ ਲਿਖੇ ਪੱਤਰ 'ਚ ਪੁੱਛਿਆ, "ਜੇ ਭਾਰਤ ਹਵਾਲਗੀ ਦੀ ਅਪੀਲ ਮੰਨਣ ਤੋਂ ਇਨਕਾਰ ਕਰ ਦੇਵੇ, ਤਾਂ ਅਮਰੀਕਾ ਕੀ ਕਰੇਗਾ?" ਗੂਡਨ ਨੇ ਨਿਆਂ ਵਿਭਾਗ ਵੱਲੋਂ ਵਿਦੇਸ਼ੀ



ਇਕਾਈਆਂ ਖ਼ਿਲਾਫ਼ 'ਚੋਣਵੇਂ ਮੁਕੱਦਮੇ' ਬਾਰੇ ਵੀ ਜਵਾਬ ਮੰਗੇ। ਉਨ੍ਹਾਂ ਨੇ ਅਜਿਹੀਆਂ ਕਾਰਵਾਈਆਂ ਨਾਲ ਅਮਰੀਕਾ ਦੇ ਆਲਮੀ ਗੱਠਜੋੜਾਂ ਅਤੇ ਆਰਥਿਕ ਵਿਕਾਸ ਨੂੰ ਹੋਣ ਵਾਲੇ ਸੰਭਾਵੀ ਨੁਕਸਾਨ ਬਾਰੇ ਵੀ ਪੁੱਛਿਆ। ਇਸ ਤੋਂ ਇਲਾਵਾ ਪੱਤਰ ਵਿਚ ਇਸ ਦਾ ਜੌਰਜ ਸੋਰੋਸ ਨਾਲ ਸਬੰਧਾਂ ਬਾਰੇ ਵੀ

**■ ਅਮਰੀਕੀ ਅਟਾਰਨੀ ਜਨਰਲ ਨੂੰ ਲਿਖਿਆ ਪੱਤਰ**

ਪੁੱਛਿਆ ਗਿਆ ਹੈ। ਗੂਡਨ ਨੇ 7 ਜਨਵਰੀ ਨੂੰ ਆਪਣੇ ਪੱਤਰ ਵਿਚ ਲਿਖਿਆ, "ਨਿਆਂ ਵਿਭਾਗ ਦੀਆਂ ਚੋਣਵੀਆਂ ਕਾਰਵਾਈਆਂ ਨਾਲ ਏਸ਼ੀਆ-ਪ੍ਰਸ਼ਾਂਤ ਖੇਤਰ ਵਿਚ ਅਮਰੀਕਾ ਦੇ ਸਭ ਤੋਂ ਮਜ਼ਬੂਤ ਸਹਿਯੋਗੀਆਂ 'ਚੋਂ ਇਕ ਭਾਰਤ ਵਰਗੇ ਪ੍ਰਮੁੱਖ ਭਾਈਵਾਲਾਂ ਨਾਲ ਮਹੱਤਵਪੂਰਨ ਰਿਸ਼ਤੇ ਨੂੰ ਨੁਕਸਾਨ ਪਹੁੰਚਣ ਦਾ ਖ਼ਤਰਾ ਹੈ।" ਉਨ੍ਹਾਂ ਕਿਹਾ, "ਕਮਜ਼ੋਰ ਅਧਿਕਾਰ ਖੇਤਰ ਅਤੇ ਅਮਰੀਕੀ ਹਿੱਤਾਂ ਲਈ ਸੀਮਤ ਪ੍ਰਸੰਗਿਕਤਾ ਵਾਲੇ ਕੇਸਾਂ ਦੀ ਪੈਰਵੀ ਕਰਨ ਦੀ ਬਜਾਏ ਨਿਆਂ ਵਿਭਾਗ ਨੂੰ ਘਰੇਲੂ ਪੱਧਰ 'ਤੇ ਕਾਰਵਾਈ ਕਰਨ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।"

ਪੰਜ ਵਾਰ ਦੇ ਰਿਪਬਲਿਕਨ ਸੰਸਦ ਮੈਂਬਰ ਲਾਂਸ ਗੂਡਨ ਨੇ ਕਿਹਾ ਕਿ ਅਰਬਾਂ ਡਾਲਰਾਂ ਦਾ ਨਿਵੇਸ਼ ਕਰਨ ਵਾਲੀਆਂ ਅਤੇ ਅਮਰੀਕੀਆਂ ਲਈ ਹਜ਼ਾਰਾਂ ਨੌਕਰੀਆਂ ਪੈਦਾ ਕਰਨ ਵਾਲੀਆਂ ਇਕਾਈਆਂ ਨੂੰ ਨਿਸ਼ਾਨਾ ਬਣਾਉਣਾ ਲੰਮੇ ਸਮੇਂ ਲਈ ਅਮਰੀਕਾ ਨੂੰ ਨੁਕਸਾਨ ਪਹੁੰਚਾਉਂਦਾ ਹੈ। ਉਨ੍ਹਾਂ ਕਿਹਾ, "ਜਦੋਂ ਅਸੀਂ ਹਿੰਸਕ ਅਪਰਾਧ, ਆਰਥਿਕ ਜਾਸੂਸੀ ਅਤੇ ਸੀ.ਸੀ.ਪੀ. ਪ੍ਰਭਾਵ ਤੋਂ ਪੈਦਾ ਹੋਏ ਅਸਲ ਖ਼ਤਰਿਆਂ ਨੂੰ ਨਜ਼ਰਅੰਦਾਜ਼ ਕਰਦੇ ਹਾਂ ਅਤੇ ਸਾਡੇ ਆਰਥਿਕ ਵਿਕਾਸ ਵਿਚ ਯੋਗਦਾਨ ਪਾਉਣ ਵਾਲਿਆਂ 'ਤੇ ਹਮਲਾ ਕਰਦੇ ਹਾਂ, ਤਾਂ ਇਹ ਸਾਡੇ ਦੇਸ਼ ਵਿਚ ਨਿਵੇਸ਼ ਕਰਨ ਦੀ ਉਮੀਦ ਕਰ ਰਹੇ ਨਵੇਂ ਨਿਵੇਸ਼ਕਾਂ ਨੂੰ ਨਿਰਾਸ਼ ਕਰਦਾ ਹੈ।"

# ਟਰੰਪ ਦੀ ਪੁਤਿਨ ਨਾਲ ਜਲਦੀ ਹੋ ਸਕਦੀ ਹੈ ਮੁਲਾਕਾਤ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਉਨ੍ਹਾਂ ਨੂੰ ਮਿਲਣਾ ਚਾਹੁੰਦੇ ਹਨ ਅਤੇ ਦੋਵਾਂ ਨੇਤਾਵਾਂ ਵਿਚਕਾਰ ਮੁਲਾਕਾਤ ਦੀ ਯੋਜਨਾ ਬਣਾਈ ਜਾ ਰਹੀ ਹੈ। ਡੋਨਾਲਡ ਟਰੰਪ ਜਲਦੀ ਹੀ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਵਾਲੇ ਹਨ। ਇਸ ਦੌਰਾਨ ਉਨ੍ਹਾਂ ਐਲਾਨ ਕੀਤਾ ਹੈ ਕਿ ਰੂਸੀ ਰਾਸ਼ਟਰਪਤੀ ਨਾਲ ਮੁਲਾਕਾਤ ਲਈ ਸਮਾਂ ਤੈਅ ਕੀਤਾ ਜਾ ਰਿਹਾ ਹੈ।





ਬੁੱਧਵਾਰ ਨੂੰ ਫਲੋਰੀਡਾ ਦੇ ਪਾਮ ਬੀਚ ਵਿਖੇ ਆਪਣੇ ਮਾਰ-ਏ-ਲਾਗੋ ਅਸਟੇਟ ਵਿਖੇ ਰਿਪਬਲਿਕਨ ਗਵਰਨਰਾਂ ਨਾਲ ਮੁਲਾਕਾਤ ਤੋਂ ਪਹਿਲਾਂ ਟਰੰਪ ਨੇ ਰੂਸੀ ਨੇਤਾ ਬਾਰੇ ਕਿਹਾ, "ਉਹ (ਵਲਾਦੀਮੀਰ ਪੁਤਿਨ) ਮਿਲਣਾ ਚਾਹੁੰਦੇ ਹਨ। ਅਸੀਂ ਇੱਕ ਮੁਲਾਕਾਤ ਦੀ ਯੋਜਨਾ ਬਣਾ ਰਹੇ ਹਾਂ।" ਰੂਸ ਅਤੇ ਯੂਕਰੇਨ ਵਿਚਕਾਰ ਟਕਰਾਅ ਦਾ ਜ਼ਿਕਰ ਕਰਦੇ ਹੋਏ ਟਰੰਪ ਨੇ ਕਿਹਾ, "ਰਾਸ਼ਟਰਪਤੀ ਪੁਤਿਨ ਉਨ੍ਹਾਂ ਨੂੰ ਮਿਲਣਾ ਚਾਹੁੰਦੇ ਹਨ। ਉਨ੍ਹਾਂ ਨੇ ਅਜਿਹਾ ਜਨਤਕ ਤੌਰ 'ਤੇ ਵੀ ਕਿਹਾ ਹੈ ਅਤੇ ਸਾਨੂੰ ਯੁੱਧ ਅਤੇ ਖੂਨ-ਖਰਾਬਾ ਖਤਮ ਕਰਨਾ ਪਵੇਗਾ।"

# ਟਰੰਪ ਦੀ ਧਮਕੀ 'ਤੇ ਕੈਨੇਡੀਅਨ ਸੰਸਦ ਮੈਂਬਰ ਵੱਲੋਂ ਚਿਤਾਵਨੀ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡੀਅਨ ਸੰਸਦ ਮੈਂਬਰ ਨੇ ਡੋਨਾਲਡ ਟਰੰਪ ਦੀ ਧਮਕੀ ਦਾ



ਕਰਾਰਾ ਜਵਾਬ ਦਿੱਤਾ ਹੈ। ਖੱਬੇ ਪੱਖੀ ਨਿਊ ਡੈਮੋਕ੍ਰੇਟਿਕ ਪਾਰਟੀ (ਐੱਨ.ਡੀ.ਪੀ) ਦੇ ਨੇਤਾ ਅਤੇ ਕੈਨੇਡੀਅਨ ਸੰਸਦ ਮੈਂਬਰ ਜਗਮੀਤ ਸਿੰਘ ਨੇ ਨਵੇਂ ਚੁਣੇ ਗਏ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਸਖ਼ਤ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਟਰੰਪ ਕੈਨੇਡਾ 'ਤੇ ਦੰਡਕਾਰੀ ਟੈਰਿਫ ਲਗਾਉਣ ਅਤੇ ਦੋਵਾਂ ਦੇਸ਼ਾਂ ਵਿਚਕਾਰ ਰਲੇਵੇਂ ਦੀਆਂ ਆਪਣੀਆਂ ਧਮਕੀਆਂ ਨੂੰ ਲਾਗੂ ਕਰਦੇ ਹਨ, ਤਾਂ ਇਸ ਦਾ ਸਖ਼ਤ ਜਵਾਬ ਦਿੱਤਾ ਜਾਵੇਗਾ। ਅਮਰੀਕਾ-ਕੈਨੇਡਾ ਤਣਾਅ ਵਿਚਕਾਰ ਜਗਮੀਤ ਸਿੰਘ ਨੇ ਸਪੱਸ਼ਟ ਕੀਤਾ ਕਿ ਜੇਕਰ ਟਰੰਪ ਸਾਡੇ 'ਤੇ ਟੈਰਿਫ ਲਗਾਉਂਦੇ ਹਨ, ਤਾਂ ਸਾਨੂੰ ਵੀ ਇਸੇ ਤਰ੍ਹਾਂ ਦੇ ਜਵਾਬੀ ਟੈਰਿਫ ਲਗਾਉਣੇ ਚਾਹੀਦੇ ਹਨ। ਕੈਨੇਡਾ ਦਾ ਇਤਿਹਾਸ ਰਿਹਾ ਹੈ ਕਿ ਉਹ ਅਮਰੀਕਾ ਦੇ ਵਪਾਰਕ ਉਪਾਵਾਂ ਦਾ ਜਵਾਬ ਆਪਣੇ ਹੀ ਬਦਲੇ ਦੇ ਉਪਾਵਾਂ ਨਾਲ ਦਿੰਦਾ ਰਿਹਾ ਹੈ। ਟਰੰਪ ਦੇ ਪਿਛਲੇ ਕਾਰਜਕਾਲ ਦੌਰਾਨ ਓਟਾਵਾ ਨੇ ਕੈਨੇਡੀਅਨ ਸਟੀਲ ਅਤੇ

**■ ਐੱਨ.ਡੀ.ਪੀ. ਆਗੂ ਨੇ ਕਿਹਾ: ਚੁਕਾਉਣੀ ਪਵੇਗੀ ਕੀਮਤ**

ਐਲੂਮੀਨੀਅਮ 'ਤੇ ਟੈਰਿਫ ਦੇ ਜਵਾਬ ਵਿਚ ਅਮਰੀਕੀ ਉਤਪਾਦਾਂ ਜਿਵੇਂ ਕਿ ਬੋਰਬਨ, ਹਾਰਲੇ ਡੇਵਿਡਸਨ ਮੋਟਰਸਾਈਕਲਾਂ ਅਤੇ ਪਲੇਇੰਗ ਕਾਰਡਾਂ 'ਤੇ ਟੈਰਿਫ ਲਗਾਏ ਸਨ।

ਕੈਨੇਡੀਅਨ ਸੰਸਦ ਮੈਂਬਰ ਨੇ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਇੱਕ ਵੀਡੀਓ ਵਿਚ ਕਿਹਾ, "ਮੇਰੇ ਕੋਲ ਡੋਨਾਲਡ ਟਰੰਪ ਲਈ ਇੱਕ ਸੁਨੇਹਾ ਹੈ। ਸਾਡਾ ਦੇਸ਼ ਵਿਕਣ ਲਈ ਨਹੀਂ ਹੈ, ਨਾ ਹੁਣ, ਨਾ ਕਦੇ ਬਾਅਦ ਵਿਚ ਵੀ। ਮੈਂ ਪੂਰੇ ਦੇਸ਼ ਵਿਚ ਰਿਹਾ ਹਾਂ ਅਤੇ ਮੈਂ ਤੁਹਾਨੂੰ ਦੱਸ ਸਕਦਾ ਹਾਂ ਕਿ ਕੈਨੇਡੀਅਨ ਲੋਕਾਂ ਨੂੰ ਆਪਣੇ ਦੇਸ਼ 'ਤੇ ਮਾਣ ਹੈ। ਅਸੀਂ ਇਸਦੀ ਰੱਖਿਆ ਲਈ ਆਪਣੀ ਪੂਰੀ ਤਾਕਤ ਨਾਲ ਲੜਨ ਲਈ ਤਿਆਰ ਹਾਂ।" ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਦੇ ਸਾਬਕਾ ਸਹਿਯੋਗੀ ਜਗਮੀਤ ਸਿੰਘ ਨੇ ਕਿਹਾ ਕਿ ਕੈਨੇਡਾ ਧਮਕੀਆਂ ਸਾਹਮਣੇ ਪਿੱਛੇ ਨਹੀਂ ਹਟੇਗਾ ਅਤੇ ਜਵਾਬੀ ਕਾਰਵਾਈ ਕਰਨ ਦੀ ਧਮਕੀ ਦਿੱਤੀ ਹੈ। ਉਸ ਨੇ ਚਿਤਾਵਨੀ ਦਿੱਤੀ, "ਜੇਕਰ ਡੋਨਾਲਡ ਟਰੰਪ ਸੋਚਦਾ ਹੈ ਕਿ ਉਹ ਸਾਡੇ ਨਾਲ ਲੜ ਸਕਦਾ ਹੈ, ਤਾਂ ਉਸਨੂੰ ਇਸਦੀ ਕੀਮਤ ਚੁਕਾਉਣੀ ਪਵੇਗੀ।"




# ਵਰਕਿੰਗ ਕਮੇਟੀ ਵੱਲੋਂ ਸੁਖਬੀਰ ਬਾਦਲ ਦਾ ਅਸਤੀਫ਼ਾ ਮਨਜ਼ੂਰ

## ■ ਨਵੇਂ ਪ੍ਰਧਾਨ ਦੀ ਚੋਣ 1 ਮਾਰਚ ਨੂੰ

**ਚੰਡੀਗੜ੍ਹ, (ਪੰਜਾਬ ਮੇਲ)**-ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਵਰਕਿੰਗ ਕਮੇਟੀ ਨੇ ਦਲ ਦੇ ਪ੍ਰਧਾਨ ਦੇ ਅਹੁਦੇ ਤੋਂ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤਾ ਗਿਆ ਅਸਤੀਫ਼ਾ ਸ਼ੁੱਕਰਵਾਰ ਨੂੰ ਮਨਜ਼ੂਰ ਕਰ ਲਿਆ ਹੈ। ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਇਥੇ ਦਲ ਦੇ ਮੁੱਖ ਦਫ਼ਤਰ ਵਿਖੇ ਵਰਕਿੰਗ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਪ੍ਰਧਾਨਗੀ ਹੇਠ ਹੋਈ। ਇਹ ਜਾਣਕਾਰੀ ਪਾਰਟੀ ਆਗੂਆਂ ਨੇ ਦਿੱਤੀ ਹੈ। ਸੁਖਬੀਰ ਬਾਦਲ ਦਾ ਅਸਤੀਫ਼ਾ ਪ੍ਰਵਾਨ ਕੀਤੇ ਜਾਣ ਦੇ ਨਾਲ ਹੀ ਨਵੇਂ ਪ੍ਰਧਾਨ ਦੀ ਚੋਣ ਦਾ ਰਾਹ ਪੱਧਰਾ ਹੋ ਗਿਆ ਹੈ। ਵਰਕਿੰਗ ਕਮੇਟੀ ਨੇ 20 ਜਨਵਰੀ ਨੂੰ ਨਵੀਂ ਮੈਂਬਰਸ਼ਿਪ ਮੁਹਿੰਮ ਸ਼ੁਰੂ ਕਰਨ ਅਤੇ 1 ਮਾਰਚ ਨੂੰ ਨਵੇਂ ਪ੍ਰਧਾਨ ਦੇ ਅਹੁਦੇ ਲਈ ਚੋਣ ਕਰਵਾਉਣ ਦਾ ਐਲਾਨ ਕੀਤਾ ਹੈ।

ਮੀਟਿੰਗ 'ਚ ਵਰਕਿੰਗ ਕਮੇਟੀ ਨੇ ਕਾਫ਼ੀ ਵਿਚਾਰ-ਵਟਾਂਦਰਾ ਕਰਨ ਮਗਰੋਂ ਪ੍ਰਧਾਨ ਦੇ ਅਹੁਦੇ ਤੋਂ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਤਾ ਗਿਆ ਅਸਤੀਫਾ ਮਨਜ਼ੂਰ ਕਰ ਲਿਆ ਹੈ। ਸ. ਬਾਦਲ ਨੇ ਬੀਤੀ 16 ਨਵੰਬਰ ਨੂੰ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ, ਜਿਸ ਨੂੰ ਵਰਕਿੰਗ ਕਮੇਟੀ ਨੇ ਹਾਲੇ ਤੱਕ ਪ੍ਰਵਾਨ ਨਹੀਂ ਕੀਤਾ ਸੀ।

ਪ੍ਰਾਪਤ ਜਾਣਕਾਰੀ ਅਨੁਸਾਰ ਸੁਖਬੀਰ ਬਾਦਲ ਤੋਂ ਇਲਾਵਾ ਬਾਕੀ ਲੀਡਰਾਂ ਦੇ ਅਸਤੀਫੇ ਵੀ ਮਨਜ਼ੂਰ ਕਰ ਲਏ ਜਾਣਗੇ। ਇਸ ਮੌਕੇ ਕਮੇਟੀ ਨੇ ਪਾਰਟੀ ਪ੍ਰਧਾਨ ਵਜੋਂ ਸੇਵਾਵਾਂ ਨਿਭਾਉਣ ਲਈ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ।

ਸੁਖਬੀਰ ਸਿੰਘ ਬਾਦਲ 2008 'ਚ ਸਭ ਤੋਂ ਛੋਟੀ ਉਮਰ ਦੇ ਅਕਾਲੀ ਦਲ ਦੇ ਪ੍ਰਧਾਨ ਬਣੇ ਸਨ। ਉਨ੍ਹਾਂ ਨੇ 16 ਨਵੰਬਰ ਨੂੰ ਅਸਤੀਫਾ ਦਿੱਤਾ ਸੀ। ਇਸ ਦੌਰਾਨ 2 ਦਸੰਬਰ, 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਅਗਵਾਈ ਵਿਚ 5 ਸਿੰਘ ਸਾਹਿਬਾਨ ਨੇ ਹੁਕਮਨਾਮਾ ਜਾਰੀ ਕਰਦੇ ਦਾਗੀ ਅਕਾਲੀ ਨੇਤਾਵਾਂ ਦੇ ਅਸਤੀਫ਼ੇ ਮਨਜ਼ੂਰ ਕਰ ਕੇ ਅਕਾਲ ਤਖ਼ਤ ਉਤੇ ਭੇਜਣ ਦਾ ਹੁਕਮ ਜਾਰੀ ਕੀਤਾ ਸੀ। ਸ੍ਰੀ ਅਕਾਲ ਤਖ਼ਤ ਨੇ ਇਸ ਤੋਂ ਪਹਿਲਾਂ ਬੀਤੀ 30 ਅਗਸਤ ਨੂੰ ਸ੍ਰੀ ਬਾਦਲ ਨੂੰ ਅਕਾਲੀ ਦਲ ਦੀਆਂ ਪਿਛਲੀਆਂ ਸਰਕਾਰਾਂ ਦੌਰਾਨ ਹੋਈਆਂ 'ਗ਼ਲਤੀਆਂ' ਲਈ 'ਤਨਖ਼ਾਹੀਆ' ਕਰਾਰ ਦੇ ਦਿੱਤਾ ਸੀ ਤੇ ਬਾਅਦ ਵਿਚ ਇਸ ਸਬੰਧੀ ਉਨ੍ਹਾਂ ਤੇ ਹੋਰ ਅਕਾਲੀ ਆਗੂਆਂ ਨੂੰ ਧਾਰਮਿਕ ਸਜ਼ਾ ਲਾਈ ਗਈ ਸੀ।

ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਵੱਲੋਂ ਹਾਲੇ ਤੱਕ ਪ੍ਰਧਾਨ ਦਾ ਅਸਤੀਫ਼ਾ ਮਨਜ਼ੂਰ ਕਰਨ ਸਬੰਧੀ ਅਕਾਲ ਤਖ਼ਤ ਦੇ ਹੁਕਮਾਂ ਤਹਿਤ ਕਾਰਵਾਈ ਨਾ ਕੀਤੇ ਜਾਣ ਕਾਰਨ ਦਲ ਉਤੇ ਸਵਾਲ ਉੱਠ ਰਹੇ ਸਨ। ਇਸ ਮਾਮਲੇ ਨੂੰ ਲੈ ਕੇ ਵਿਰੋਧੀਆਂ ਵੱਲੋਂ ਅਕਾਲੀ ਦਲ ਤੇ ਸੁਖਬੀਰ ਬਾਦਲ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਸੀ।

ਇਸ ਦੌਰਾਨ ਸੁਖਬੀਰ ਬਾਦਲ ਨੇ ਵਰਕਿੰਗ ਕਮੇਟੀ ਵੱਲੋਂ ਆਪਣਾ ਅਸਤੀਫ਼ਾ ਮਨਜ਼ੂਰ ਕਰ ਲਏ ਜਾਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਲ ਦੇ ਵਰਕਰਾਂ ਤੇ ਆਗੂਆਂ ਦਾ ਉਨ੍ਹਾਂ ਤੋਂ ਮਿਲੇ ਸਹਿਯੋਗ ਲਈ ਧੰਨਵਾਦ ਕੀਤਾ ਹੈ।


## ਮੈਟਰੀਮੋਨੀਅਲ

ਜੱਟ ਸਿੱਖ, ਗਿੱਲ ਪਰਿਵਾਰ ਨੂੰ ਆਪਣੇ 24 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨੀਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'-10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। ਪਰਿਵਾਰਕ ਅਤੇ ਯੂ.ਐੱਸ.ਏ. ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ

ਫੋਨ : 604-763-7068 ਜਾਂ ਈ-ਮੇਲ ਕਰੋ : GILLCO1977@GMAIL.COM


# ਚੰਡੀਗੜ੍ਹ 'ਚੋਂ ਯੂ.ਟੀ. ਸਲਾਹਕਾਰ ਦਾ ਅਹੁਦਾ ਖਤਮ ਕਰਨ ਨਾਲ ਪੰਜਾਬ 'ਚ ਸਿਆਸਤ ਭਖੀ

**ਚੰਡੀਗੜ੍ਹ, (ਪੰਜਾਬ ਮੇਲ)**-ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਬੀਤੇ ਦਿਨੀਂ ਚੰਡੀਗੜ੍ਹ ਪ੍ਰਸ਼ਾਸਨ ਦੇ ਪ੍ਰਬੰਧਕੀ ਢਾਂਚੇ ਵਿਚ ਕੀਤੇ ਗਏ ਫੇਰ-ਬਦਲ ਨੇ ਪੰਜਾਬ ਦੇ ਸਿਆਸੀ ਤੇ ਪ੍ਰਸ਼ਾਸਨਿਕ ਗਲਿਆਰਿਆਂ 'ਚ ਹਲਚਲ ਮਚਾ ਦਿੱਤੀ ਹੈ। ਕੇਂਦਰ ਸਰਕਾਰ ਦੇ ਇਸ ਕਦਮ ਨੂੰ ਚੰਡੀਗੜ੍ਹ 'ਤੇ ਪੰਜਾਬ ਦੇ ਅਧਿਕਾਰਾਂ ਨੂੰ ਖੋਰਾ ਲਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਇਸ ਦਾ ਪੰਜਾਬ ਦੀ ਸੱਤਾਧਾਰੀ ਧਿਰ 'ਆਪ', ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ, ਜਦਕਿ ਭਾਜਪਾ ਨੇ ਹਾਲੇ ਤੱਕ ਇਸ 'ਤੇ ਚੁੱਪ ਵੱਟੀ ਹੋਈ ਹੈ।

'ਆਪ' ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਕੇਂਦਰ ਵੱਲੋਂ ਚੰਡੀਗੜ੍ਹ ਦੇ ਪ੍ਰਸ਼ਾਸਨਿਕ ਢਾਂਚੇ ਵਿਚ ਫੇਰਬਦਲ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਕ ਤੋਂ ਇਕ ਤਬਦੀਲੀਆਂ ਕਰਕੇ ਚੰਡੀਗੜ੍ਹ 'ਤੇ ਪੰਜਾਬ ਦੇ ਅਧਿਕਾਰੀਆਂ ਨੂੰ ਖੋਰਾ ਲਗਾ ਕੇ ਆਪਣੇ ਅਧਿਕਾਰਾਂ ਨੂੰ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵੀ ਯੂ.ਟੀ. ਸਲਾਹਕਾਰ ਦੇ ਅਹੁਦੇ ਨੂੰ ਮੁੱਖ ਸਕੱਤਰ 'ਚ ਮਨੋਨੀਤ ਕਰਨ ਦੇ ਫ਼ੈਸਲੇ ਦੀ ਨਿੰਦਾ ਕੀਤੀ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਕਦਮ ਚੰਡੀਗੜ੍ਹ 'ਤੇ ਪੰਜਾਬ ਦੇ ਅਧਿਕਾਰਾਂ ਨੂੰ ਖੋਰਾ ਲਗਾਉਣ ਵਾਲਾ ਹੈ। ਇਸ ਨੂੰ ਕਾਂਗਰਸ ਪਾਰਟੀ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵੀ ਕੇਂਦਰ ਸਰਕਾਰ ਵੱਲੋਂ ਯੂ.ਟੀ. ਪ੍ਰਸ਼ਾਸਕ ਦੇ ਸਲਾਹਕਾਰ ਦੇ ਅਹੁਦੇ ਨੂੰ ਮੁੱਖ ਸਕੱਤਰ ਵਜੋਂ ਮੁੜ ਨਿਯੁਕਤ ਕਰਨ ਦੀ ਨਿੰਦਾ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਤਾਜ਼ਾ ਫੈਸਲਾ ਪੰਜਾਬ ਦੀ 'ਆਪ' ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੇਂਦਰ ਨਾਲ ਰਲਗੱਢ ਹੋਣ ਦੇ ਫੈਸਲੇ ਦਾ ਨਤੀਜਾ ਹੈ।

# ਹਰਦਿਆਲ ਸਿੰਘ ਚੀਮਾ ਦੀ ਪੁਸਤਕ "ਅਕਲ ਨੂੰ ਸਜ਼ਾ"

**ਮੋਗਾ, (ਪੰਜਾਬ ਮੇਲ)**- ਪੰਜਾਬੀ ਸਾਹਿਤ ਦੇ ਪ੍ਰਸਿੱਧ ਲੇਖਕ ਅਤੇ ਪੰਜਾਬੀ ਕਲਚਰਲ ਸੁਸਾਇਟੀ ਦੇ ਪ੍ਰਧਾਨ ਹਰਦਿਆਲ ਸਿੰਘ ਚੀਮਾ (ਯੂ.ਐੱਸ.ਏ.) ਦੀ ਲਿਖੀ ਪੁਸਤਕ 'ਅਕਲ ਨੂੰ ਸਜ਼ਾ' (ਕਹਾਣੀ ਸੰਗ੍ਰਹਿ) ਉਨ੍ਹਾਂ ਦੇ ਪਿੰਡ ਵਹਿਣੀਵਾਲ (ਕੋਕਰੀ ਕਲਾਂ) ਮੋਗਾ ਦੇ ਵਸਨੀਕ ਸਵਰਗੀ ਚਾਚਾ ਜੀ ਮੁਖਤਿਆਰ ਸਿੰਘ (ਮਾਸਟਰ ਪਿਆਰਾ ਸਿੰਘ) ਨੂੰ ਸਮਰਪਿਤ ਉਨ੍ਹਾਂ ਦੀ ਧਰਮ ਪਤਨੀ ਚਾਚੀ ਸੰਤੋਖ ਕੌਰ ਜੀ ਨੂੰ ਉਨ੍ਹਾਂ ਦੇ ਸਪੁੱਤਰ ਦਲਜੀਤ ਸਿੰਘ ਚੀਮਾ, ਪੋਤਰਾ ਪਰਮਵੀਰ ਸਿੰਘ ਚੀਮਾ, ਪੋਤਰੀ ਅਮਨਜੋਤ ਕੌਰ, ਗਿਆਨੀ ਮਹਿਗਾ ਸਿੰਘ ਜੀ ਅਤੇ ਸਮਾਜ ਸੇਵੀ ਸ. ਨਿਰਭੈ ਸਿੰਘ ਚੀਮਾ ਦੀ ਮੌਜੂਦਗੀ ਵਿਚ ਉਨ੍ਹਾਂ ਦੇ ਹੀ ਗ੍ਰਹਿ ਵਿਖੇ ਲੇਖਕ ਵਲੋਂ 8 ਜਨਵਰੀ, 2025 ਨੂੰ ਬੜੇ ਹੀ ਸਤਿਕਾਰ ਸਹਿਤ ਭੇਂਟ ਕੀਤੀ ਗਈ।

# ਬਾਇਡਨ ਪ੍ਰਸ਼ਾਸਨ ਵੱਲੋਂ 9/11 ਹਮਲੇ ਦੇ ਮਾਸਟਰਮਾਈਂਡ ਨਾਲ ਸਮਝੌਤੇ ਦਾ ਵਿਰੋਧ

**ਵਾਸ਼ਿੰਗਟਨ, (ਪੰਜਾਬ ਮੇਲ)**- ਬਾਇਡਨ ਪ੍ਰਸ਼ਾਸਨ ਨੇ ਸੰਘੀ ਅਪੀਲ ਅਦਾਲਤ ਨੂੰ 9/11 ਹਮਲੇ ਦੇ ਮਾਸਟਰਮਾਈਂਡ ਖਾਲਿਦ ਸ਼ੇਖ ਮੁਹੰਮਦ ਨਾਲ ਸਮਝੌਤੇ ਦੀ ਪ੍ਰਕਿਰਿਆ ਨੂੰ ਰੋਕਣ ਦੀ ਬੇਨਤੀ ਕੀਤੀ। ਸਮਝੌਤਾ ਹੋਣ 'ਤੇ ਮੁਹੰਮਦ ਮੌਤ ਦੀ ਸਜ਼ਾ ਦੇ ਖਤਰੇ ਤੋਂ ਬਚ ਜਾਵੇਗਾ। ਨਿਆਂ ਵਿਭਾਗ ਨੇ ਕੋਲੰਬੀਆ ਜ਼ਿਲ੍ਹੇ ਦੀ ਇੱਕ ਸੰਘੀ ਅਪੀਲ ਅਦਾਲਤ ਵਿਚ ਦਾਇਰ ਇੱਕ ਹਲਫ਼ਨਾਮੇ ਵਿਚ ਕਿਹਾ ਕਿ ਜੇਕਰ 11 ਸਤੰਬਰ 2001 ਦੇ ਹਮਲਿਆਂ ਲਈ ਮੁਹੰਮਦ ਅਤੇ ਦੋ ਸਹਿ-ਮੁਲਜ਼ਮਾਂ ਦੇ ਦੋਸ਼ ਕਬੂਲ ਕਰਨ ਨੂੰ ਸਵੀਕਾਰ ਕਰ ਲਿਆ ਗਿਆ, ਤਾਂ ਸਰਕਾਰ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਹੋਵੇਗਾ। ਹਲਫ਼ਨਾਮੇ ਵਿਚ ਕਿਹਾ ਗਿਆ ਹੈ ਕਿ ਸਰਕਾਰ ਨੂੰ ਜਨਤਕ ਸੁਣਵਾਈ ਅਤੇ ਅਜਿਹੇ 3 ਲੋਕਾਂ ਖਿਲਾਫ ਮੌਤ ਦੀ ਸਜ਼ਾ ਦੀ ਬੇਨਤੀ ਦਾ ਮੌਕਾ ਨਹੀਂ ਮਿਲੇਗਾ, ਜੋ ਸਮੂਹਕ ਕਤਲ ਦੇ ਘਿਨਾਉਣੇ ਕੰਮ ਦੇ ਦੋਸ਼ੀ ਹਨ। ਬਚਾਅ ਪੱਖ ਵਿਭਾਗ ਨੇ ਸਮਝੌਤੇ ਲਈ ਗੱਲਬਾਤ ਕੀਤੀ, ਪਰ ਬਾਅਦ ਵਿਚ ਇਸ ਨੂੰ ਰੱਦ ਕਰ ਦਿੱਤਾ। ਬਚਾਅ ਪੱਖ ਦੇ ਵਕੀਲਾਂ ਨੇ ਦਲੀਲ ਦਿੱਤੀ ਹੈ ਕਿ ਗੱਲਬਾਤ ਕਾਨੂੰਨੀ ਤੌਰ 'ਤੇ ਕੀਤੀ ਗਈ ਸੀ ਅਤੇ ਇਸ ਨੂੰ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ।




# ’84 ਸਿੱਖ ਵਿਰੋਧੀ ਦੰਗੇ: ਸੱਜਣ ਕੁਮਾਰ ਖਿਲਾਫ਼ ਫੈਸਲਾ 21 ਜਨਵਰੀ ਨੂੰ ਆਉਣ ਦੀ ਸੰਭਾਵਨਾ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਦੀ ਇੱਕ ਅਦਾਲਤ 21 ਜਨਵਰੀ ਨੂੰ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਵਿਰੁੱਧ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਕਤਲ ਕੇਸ ਵਿਚ ਆਪਣਾ ਫੈਸਲਾ ਸੁਣਾਏਗੀ। ਇਹ ਮਾਮਲਾ ਦੰਗਿਆਂ ਦੌਰਾਨ ਸਰਸਵਤੀ ਵਿਹਾਰ ਖੇਤਰ ਵਿਚ ਦੋ ਵਿਅਕਤੀਆਂ ਦੀ ਕਥਿਤ ਹੱਤਿਆ ਨਾਲ ਜੁੜਿਆ ਹੋਇਆ ਹੈ।

ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਫੈਸਲਾ ਟਾਲਦਿਆਂ ਅਗਲੀ ਤਰੀਕ 21 ਜਨਵਰੀ ਤੈਅ ਕੀਤੀ ਹੈ। ਸੱਜਣ ਕੁਮਾਰ ਜੋ ਇਸ ਸਮੇਂ ਤਿਹਾੜ ਕੇਂਦਰੀ ਜੇਲ੍ਹ ਵਿਚ ਬੰਦ ਹੈ, ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿਚ ਪੇਸ਼ ਹੋਇਆ।



ਅਦਾਲਤ ਨੇ 1 ਨਵੰਬਰ 1984 ਨੂੰ ਜਸਵੰਤ ਸਿੰਘ ਅਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੇ ਕਤਲ ਨਾਲ ਸਬੰਧਤ ਕੇਸ ਵਿਚ ਅੰਤਿਮ ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਰਾਖਵਾਂ ਰੱਖ ਲਿਆ ਸੀ। ਇਸ ਸਬੰਧੀ ਪੰਜਾਬੀ ਬਾਗ ਥਾਣਾ ਦੀ ਪੁਲਿਸ ਨੇ ਕੇਸ ਦਰਜ ਕੀਤਾ ਸੀ ਪਰ ਬਾਅਦ ਵਿਚ ਵਿਸ਼ੇਸ਼ ਜਾਂਚ ਟੀਮ ਨੇ ਆਪਣੀ ਕਾਰਵਾਈ ਸੰਭਾਲ ਲਈ।

16 ਦਸੰਬਰ 2021 ਨੂੰ ਅਦਾਲਤ ਨੇ ਕੁਮਾਰ ਵਿਰੁੱਧ ਦੋਸ਼ ਆਇਦ ਕੀਤੇ। ਇਸਤਗਾਸਾ ਪੱਖ ਦੇ ਅਨੁਸਾਰ ਮਾਰੂ ਹਥਿਆਰਾਂ ਨਾਲ ਲੈਸ ਇੱਕ ਵੱਡੀ ਭੀੜ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦਾ ਬਦਲਾ ਲੈਣ ਲਈ ਵੱਡੇ ਪੱਧਰ ’ਤੇ ਲੁੱਟਮਾਰ, ਅੱਗਜ਼ਨੀ ਅਤੇ ਸਿੱਖਾਂ ਦੀਆਂ ਜਾਇਦਾਦਾਂ ਨੂੰ ਤਬਾਹ ਕੀਤਾ।

ਇਸਤਗਾਸਾ ਪੱਖ ਨੇ ਦੋਸ਼ ਲਾਇਆ ਕਿ ਭੀੜ ਨੇ ਸ਼ਿਕਾਇਤਕਰਤਾ ਜਸਵੰਤ ਸਿੰਘ ਦੀ ਪਤਨੀ ਦੇ ਘਰ ’ਤੇ ਹਮਲਾ ਕੀਤਾ, ਉਸ ਦੇ ਪਤੀ ਅਤੇ ਉਨ੍ਹਾਂ ਦੇ ਪੁੱਤਰ ਦੀ ਹੱਤਿਆ ਕਰ ਦਿੱਤੀ, ਇਸ ਤੋਂ ਇਲਾਵਾ ਸਾਮਾਨ ਲੁੱਟਿਆ ਅਤੇ ਘਰ ਨੂੰ ਅੱਗ ਲਗਾ ਦਿੱਤੀ।

# ਡੱਲੇਵਾਲ ਵੱਲੋਂ ਧਾਰਮਿਕ ਆਗੂਆਂ ਨੂੰ ਕੇਂਦਰ ’ਤੇ ਦਬਾਅ ਪਾਉਣ ਦੀ ਅਪੀਲ

**ਪਟਿਆਲਾ/ਪਾਤੜਾਂ, (ਪੰਜਾਬ ਮੇਲ)-** ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ ਨੇ ਸੰਯੁਕਤ ਕਿਸਾਨ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਵੱਲੋਂ ਧਾਰਮਿਕ ਆਗੂਆਂ ਨੂੰ ਚਿੱਠੀ ਲਿਖ ਕੇ ਕੇਂਦਰ ’ਤੇ ਦਬਾਅ ਪਾਉਣ ਤੇ ਕਿਸਾਨੀ ਮਸਲੇ ਹੱਲ ਕਰਵਾਉਣ ਦੀ ਅਪੀਲ ਕੀਤੀ ਹੈ। ਜਾਣਕਾਰੀ ਅਨੁਸਾਰ ਉਨ੍ਹਾਂ ਦੇ ਦਸਤਖ਼ਤਾਂ ਹੇਠ ਇਹ ਚਿੱਠੀ ਸ੍ਰੀ ਅਕਾਲ ਤਖ਼ਤ ਸਣੇ ਸ਼ਾਹੀ ਇਮਾਮ ਅਤੇ ਜੋਸ਼ੀ ਮੱਠ ਦੇ ਮੁਖੀਆਂ ਨੂੰ ਲਿਖੀ ਗਈ ਹੈ। ਸੰਤਾਂ, ਮਹਾਪੁਰਸ਼ਾਂ ਤੇ ਧਾਰਮਿਕ ਆਗੂਆਂ ਨੂੰ ਕਿਸਾਨੀ ਮੰਗਾਂ ਦੀ ਪੂਰਤੀ ਲਈ ਕੇਂਦਰ ਸਰਕਾਰ ’ਤੇ ਦਬਾਅ ਪਾਉਣ ’ਤੇ ਜ਼ੋਰ ਦਿੱਤਾ ਗਿਆ ਹੈ। ਚਿੱਠੀ ’ਚ ਉਨ੍ਹਾਂ ਦੱਸਿਆ ਕਿ ਐੱਮ.ਐੱਸ.ਪੀ. ਦੀ ਗਾਰੰਟੀ ਦੇ ਕਾਨੂੰਨ ਸਣੇ ਦਰਜਨ ਭਰ ਹੋਰ ਮੰਗਾਂ ਦੀ ਪੂਰਤੀ ਯਕੀਨੀ ਬਣਾਉਣ ਦੀ ਮੰਗ ਨੂੰ ਲੈ ਕੇ ਡੱਲੇਵਾਲ ਪਿਛਲੇ ਤਕਰੀਬਨ 50 ਦਿਨਾਂ ਤੋਂ ਮਰਨ ਵਰਤ ’ਤੇ ਬੈਠੇ ਹਨ। ਇਸ ਦੌਰਾਨ ਕਿਸਾਨ ਸ਼ੁਭਕਰਨ ਸਿੰਘ ਦੀ ਗੋਲੀ ਲੱਗਣ ਕਾਰਨ ਹੋਈ ਮੌਤ ਦਾ ਜ਼ਿਕਰ ਵੀ ਕੀਤਾ ਗਿਆ ਹੈ। ਡੱਲੇਵਾਲ ਨੇ ਕਿਹਾ ਕਿ ਖੇਤੀਬਾੜੀ ਬਾਰੇ ਬਣੀ ਸੰਸਦ ਦੀ ਸਥਾਈ ਕਮੇਟੀ ਵੱਲੋਂ ਦਿੱਤੀ ਗਈ ਰਿਪੋਰਟ ’ਚ ਐੱਮ.ਐੱਸ.ਪੀ. ਗਾਰੰਟੀ ਕਾਨੂੰਨ ਬਣਾਉਣ ਦੀ ਸ਼ਿਫਾਰਸ਼ ਵੀ ਕੀਤੀ ਗਈ ਹੈ। ਇਸ ਵਿਚ ਸਾਰੀਆਂ ਸਿਆਸੀ ਪਾਰਟੀਆਂ ਦੇ 31 ਸੰਸਦ ਮੈਂਬਰ ਸ਼ਾਮਲ ਹਨ।

# 2024 ਰਿਹਾ ਹੁਣ ਤੱਕ ਦਾ ਸਭ ਤੋਂ ਗਰਮ ਸਾਲ

**ਵਾਸ਼ਿੰਗਟਨ/ਨਵੀਂ ਦਿੱਲੀ, (ਪੰਜਾਬ ਮੇਲ)-** ਯੂਰਪੀ ਜਲਵਾਯੂ ਏਜੰਸੀ ਕਾਪਰਨਿਕਸ ਨੇ ਪੁਸ਼ਟੀ ਕੀਤੀ ਹੈ ਕਿ ਸਾਲ 2024 ਹੁਣ ਤੱਕ ਦਾ ਸਭ ਤੋਂ ਗਰਮ ਸਾਲ ਰਿਹਾ ਅਤੇ ਅਜਿਹਾ ਪਹਿਲੀ ਵਾਰ ਹੈ, ਜਦੋਂ ਪਿਛਲੇ ਸਾਲ ਦਾ ਸੰਸਾਰਕ ਔਸਤ ਤਾਪਮਾਨ ਪੂਰਵ-ਉਦਯੋਗਿਕ ਪੱਧਰ ਤੋਂ 1.5 ਡਿਗਰੀ ਸੈਲਸੀਅਸ ਵੱਧ ਰਿਹਾ।

ਯੂਰਪੀ ਜਲਵਾਯੂ ਏਜੰਸੀ ਨੇ ਕਿਹਾ ਕਿ 2024 ’ਚ ਜਨਵਰੀ ਤੋਂ ਜੂਨ ਤੱਕ ਦਾ ਹਰ ਮਹੀਨਾ ਹੁਣ ਤੱਕ ਦਾ ਸਭ ਤੋਂ ਗਰਮ ਮਹੀਨਾ ਰਿਹਾ। ਜੁਲਾਈ ਤੋਂ ਦਸੰਬਰ ਤੱਕ, ਅਗਸਤ ਨੂੰ ਛੱਡ ਕੇ ਹਰ ਮਹੀਨਾ 2023 ਤੋਂ ਬਾਅਦ ਰਿਕਾਰਡ ਪੱਧਰ ’ਤੇ ਦੂਜਾ ਸਭ ਤੋਂ ਗਰਮ ਮਹੀਨਾ ਰਿਹਾ। 1850 ’ਚ ਜਦੋਂ ਤੋਂ ਸੰਸਾਰਕ ਤਾਪਮਾਨ ਦਾ ਮਾਪ ਲਿਆ ਜਾਣਾ ਸ਼ੁਰੂ ਹੋਇਆ ਹੈ, ਉਸ ਵੇਲੇ ਤੋਂ 2024 ਸਭ ਤੋਂ ਗਰਮ ਸਾਲ ਰਿਹਾ ਹੈ।

ਔਸਤ ਸੰਸਾਰਕ ਤਾਪਮਾਨ 15.1 ਡਿਗਰੀ ਸੈਲਸੀਅਸ ਰਿਹਾ, ਜੋ 1991-200 ਦੇ ਔਸਤ ਤੋਂ 0.72 ਡਿਗਰੀ ਵੱਧ ਅਤੇ 2023 ਤੋਂ 0.12 ਡਿਗਰੀ ਵੱਧ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

# ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਵਾਲੇ ਨਵੇਂ ਕਾਨੂੰਨ ਦੀ ਪੜਚੋਲ ਕਰੇਗੀ ਸੁਪਰੀਮ ਕੋਰਟ

■ **ਸਰਵਉੱਚ ਅਦਾਲਤ 4 ਫਰਵਰੀ ਨੂੰ ਕਰੇਗੀ ਸੁਣਵਾਈ**

**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਚੋਣ ਕਮਿਸ਼ਨ ਦੇ ਮੈਂਬਰਾਂ ਦੀ ਨਿਯੁਕਤੀ ਸਬੰਧੀ ਕਾਨੂੰਨ ਦੀ ਪੜਚੋਲ ਕਰੇਗੀ ਕਿਉਂਕਿ ਚੋਣ ਕਮੇਟੀ ’ਚ ਭਾਰਤ ਦੇ ਚੀਫ਼ ਜਸਟਿਸ ਨੂੰ ਮੈਂਬਰ ਨਾ ਬਣਾਉਣ ਸਬੰਧੀ ਨਵੇਂ ਕਾਨੂੰਨ ਦੀ ਪ੍ਰਮਾਣਿਕਤਾ ਨੂੰ ਚੁਣੌਤੀ ਦਿੱਤੀ ਗਈ ਹੈ। ਮੁੱਖ ਚੋਣ ਕਮਿਸ਼ਨਰ ਤੇ ਹੋਰ ਚੋਣ ਕਮਿਸ਼ਨਰ (ਨਿਯੁਕਤੀ, ਸੇਵਾ ਸ਼ਰਤਾਂ ਤੇ ਅਹੁਦੇ ਦੀ ਮਿਆਦ) ਐਕਟ ਦਸੰਬਰ 2023 ਵਿਚ ਲਾਗੂ ਹੋਇਆ। ਇਸ ਦੀ ਪਹਿਲੀ ਵਾਰ ਵਰਤੋਂ ਮਾਰਚ 2024 ਵਿਚ ਗਿਆਨੇਸ਼ ਕੁਮਾਰ ਤੇ ਐੱਸ.ਐੱਸ. ਸੰਧੂ ਨੂੰ ਚੋਣ ਕਮਿਸ਼ਨਰ ਵਜੋਂ ਨਿਯੁਕਤ ਕਰਨ ਲਈ ਕੀਤੀ ਗਈ ਸੀ। ਉਨ੍ਹਾਂ ਨੂੰ ਅਰੁਣ ਗੋਇਲ ਤੇ ਅਸਤੀਫ਼ੇ ਤੇ ਅਨੂਪ ਚੰਦਰ ਪਾਂਡੇ ਦੀ ਸੇਵਾਮੁਕਤੀ ਮਗਰੋਂ ਖਾਲੀ ਹੋਏ ਅਹੁਦਿਆਂ ਲਈ ਨਿਯੁਕਤ ਕੀਤਾ ਗਿਆ ਸੀ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ 65 ਸਾਲ ਦੀ ਉਮਰ ਦੇ ਹੋਣ ਮਗਰੋਂ 18 ਫਰਵਰੀ ਨੂੰ ਸੇਵਾਮੁਕਤ ਹੋ ਜਾਣਗੇ। ਲਿਹਾਜ਼ਾ ਪਹਿਲੀ ਵਾਰ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਨਵੇਂ ਕਾਨੂੰਨ ਤਹਿਤ ਹੋਵੇਗੀ। ਪਟੀਸ਼ਨ ਵਿਚ ਚੋਣ ਕਮੇਟੀ ਦੀ ਬਣਤਰ ’ਚ ਬਦਲਾਅ ਨੂੰ ਚੁਣੌਤੀ ਦਿੱਤੀ ਗਈ ਹੈ। ਸੁਪਰੀਮ ਕੋਰਟ ਵੱਲੋਂ ਇਸ ਮਾਮਲੇ ’ਚ 4 ਫਰਵਰੀ ਨੂੰ ਸੁਣਵਾਈ ਕੀਤੀ ਜਾਵੇਗੀ।

ਸੀ.ਈ.ਸੀ. ਅਤੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਨਾਲ ਸਬੰਧਤ ਨਵਾਂ ਕਾਨੂੰਨ ਲਾਗੂ ਹੋਣ ਤੋਂ ਪਹਿਲਾਂ, ਚੋਣ ਕਮਿਸ਼ਨਰਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਸਰਕਾਰ ਦੀ ਸਿਫ਼ਾਰਸ਼ ’ਤੇ ਕੀਤੀ ਜਾਂਦੀ ਸੀ। ਰਵਾਇਤ ਮੁਤਾਬਕ ਸਭ ਤੋਂ ਸੀਨੀਅਰ ਚੋਣ ਕਮਿਸ਼ਨਰ ਨੂੰ ਸੀ.ਈ.ਸੀ. ਦੇ ਅਹੁਦੇ ’ਤੇ ਤਰੱਕੀ ਦਿੱਤੀ ਜਾਂਦੀ ਸੀ। ਪਰ ਐਤਕੀਂ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਕਮੇਟੀ ਨਵੇਂ ਚੋਣ ਕਮਿਸ਼ਨਰ ਬਾਰੇ ਫੈਸਲਾ ਕਰੇਗੀ। ਗਿਆਨੇਸ਼ ਕੁਮਾਰ ਅਤੇ ਸੰਧੂ ਵਿਚੋਂ, ਕੁਮਾਰ ਸਭ ਤੋਂ ਸੀਨੀਅਰ ਹੈ। ਗਿਆਨੇਸ਼ ਕੁਮਾਰ ਦਾ ਕਾਰਜਕਾਲ 26 ਜਨਵਰੀ, 2029 ਤੱਕ ਹੈ, ਜਦੋਂ ਉਹ 65 ਸਾਲ ਦੇ ਹੋਣਗੇ। ਕਾਨੂੰਨ ਅਨੁਸਾਰ, ਕਾਨੂੰਨ ਮੰਤਰੀ ਦੀ ਅਗਵਾਈ ਵਾਲੀ ਅਤੇ ਦੋ ਕੇਂਦਰੀ ਸਕੱਤਰਾਂ ਵਾਲੀ ਸਰਚ ਕਮੇਟੀ ਪੰਜ ਨਾਵਾਂ ਦੀ ਚੋਣ ਕਰਕੇ ਇਨ੍ਹਾਂ ਨੂੰ ਅੱਗੇ ਚੋਣ ਕਮੇਟੀ ਨੂੰ ਭੇਜੇਗੀ। ਉਪਰੰਤ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਚੋਣ ਕਮੇਟੀ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਲਈ ਰਾਸ਼ਟਰਪਤੀ ਨੂੰ ਉਨ੍ਹਾਂ ਪੰਜ ਨਾਵਾਂ ਦੀ ਸਿਫ਼ਾਰਸ਼ ਕਰੇਗੀ। ਇਸ ਚੋਣ ਕਮੇਟੀ ਵਿਚ ਪ੍ਰਧਾਨ ਮੰਤਰੀ, ਉਨ੍ਹਾਂ ਦੁਆਰਾ ਨਾਮਜ਼ਦ ਇੱਕ ਕੇਂਦਰੀ ਮੰਤਰੀ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦਾ ਆਗੂ ਸ਼ਾਮਲ ਹੋਣਗੇ।




# ਕੈਗ ਰਿਪੋਰਟ: ਨਵੀਂ ਸ਼ਰਾਬ ਨੀਤੀ ਕਰਕੇ 'ਆਪ' ਸਰਕਾਰ ਨੂੰ ਲੱਗਾ 2026 ਕਰੋੜ ਦਾ ਚੂਨਾ

■ ਦਿੱਲੀ ਅਸੈਂਬਲੀ ਚੋਣਾਂ ਤੋਂ ਪਹਿਲਾਂ ਕੈਗ ਰਿਪੋਰਟ ਦੇ ਕੁਝ ਹਿੱਸੇ ਜਨਤਕ
■ ਵਿਵਾਦਿਤ ਆਬਕਾਰੀ ਨੀਤੀ ਤਿਆਰ ਕਰਨ ਮੌਕੇ ਕੇਜਰੀਵਾਲ ਸਰਕਾਰ 'ਤੇ ਨੇਮ ਛਿੱਕੇ ਟੰਗਣ ਦਾ ਦੋਸ਼
■ ਦਿੱਲੀ 'ਚ ਸਿਆਸੀ ਪਾਰਾ ਚੜ੍ਹਿਆ

ਨਵੀਂ ਦਿੱਲੀ, (ਪੰਜਾਬ ਮੇਲ)- ਕੰਪਟਰੋਲਰ ਤੇ ਆਡਿਟ ਜਨਰਲ (ਕੈਗ) ਨੇ ਆਪਣੀ ਇਕ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਵਿਵਾਦਿਤ ਆਬਕਾਰੀ ਨੀਤੀ ਦਾ ਖਰੜਾ ਤਿਆਰ ਕਰਨ ਮੌਕੇ ਸਾਰੇ ਨੇਮਾਂ ਨੂੰ ਛਿੱਕੇ ਟੰਗਿਆ, ਜਿਸ ਕਰਕੇ ਸਰਕਾਰੀ ਖ਼ਜ਼ਾਨੇ ਨੂੰ 2,026 ਕਰੋੜ ਰੁਪਏ ਦਾ ਚੂਨਾ ਲੱਗਾ। ਇਸ ਰਿਪੋਰਟ ਦੇ ਕੁਝ ਅੰਸ਼ ਜਨਤਕ ਤੌਰ 'ਤੇ ਉਪਲਬਧ ਹਨ। 'ਲੀਕ' ਕੈਗ ਰਿਪੋਰਟ ਦੀਆਂ ਇਹ ਲੱਭਤਾਂ ਅਜਿਹੇ ਮੌਕੇ ਸਾਹਮਣੇ ਆਈਆਂ ਹਨ, ਜਦੋਂ ਦਿੱਲੀ ਅਸੈਂਬਲੀ ਲਈ 5 ਫਰਵਰੀ ਨੂੰ ਵੋਟਾਂ ਪੈਣੀਆਂ ਹਨ।

ਰਿਪੋਰਟ ਮੁਤਾਬਕ ਆਬਕਾਰੀ ਨੀਤੀ ਦਾ ਖਰੜਾ ਤਿਆਰ ਕਰਨ ਮੌਕੇ ਕਈ ਬੇਨੇਮੀਆਂ ਹੋਈਆਂ ਜਿਵੇਂ ਕਿ ਕੀਮਤ ਨਿਰਧਾਰਨ ਵਿਚ ਪਾਰਦਰਸ਼ਤਾ ਦੀ ਘਾਟ, ਲਾਇਸੈਂਸ ਜਾਰੀ ਕਰਨ ਅਤੇ ਨਵਿਆਉਣ ਵਿਚ ਉਲੰਘਣਾ, ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਨਾ ਦੇਣਾ, ਉਪ ਰਾਜਪਾਲ, ਕੈਬਨਿਟ ਜਾਂ ਵਿਧਾਨ ਸਭਾ ਤੋਂ ਲੋੜੀਂਦੀ ਪ੍ਰਵਾਨਗੀ ਨਾ ਲੈਣਾ। ਕੈਗ ਰਿਪੋਰਟ ਵਿਚ ਕਿਹਾ ਗਿਆ ਹੈ ਕਿ 'ਆਪ' ਸਰਕਾਰ ਵੱਲੋਂ ਸਮਰਪਣ ਕੀਤੇ ਗਏ ਪ੍ਰਚੂਨ ਸ਼ਰਾਬ ਲਾਇਸੈਂਸਾਂ ਨੂੰ ਮੁੜ ਟੈਂਡਰ ਨਾ ਕੀਤੇ ਜਾਣ ਕਰਕੇ ਸਰਕਾਰੀ ਖਜ਼ਾਨੇ ਨੂੰ ਕਰੀਬ 890 ਕਰੋੜ ਰੁਪਏ ਦਾ ਨੁਕਸਾਨ ਹੋਇਆ। ਰਿਪੋਰਟ ਵਿਚ ਕਿਹਾ ਗਿਆ ਕਿ ਜ਼ੋਨਲ ਲਾਇਸੈਂਸਾਂ ਵਿਚ ਦਿੱਤੀ ਛੋਟ ਕਰਕੇ ਸਰਕਾਰ ਨੂੰ 941 ਰੁਪਏ ਦਾ ਵਾਧੂ ਨੁਕਸਾਨ ਹੋਇਆ।

ਰਿਪੋਰਟ ਮੁਤਾਬਕ ਤਤਕਾਲੀ ਮੰਤਰੀ ਮਨੀਸ਼ ਸਿਸੋਦੀਆ ਦੀ ਅਗਵਾਈ ਵਾਲੇ ਮੰਤਰੀ ਸਮੂਹ ਨੇ ਮਾਹਿਰਾਂ ਦੀ ਕਮੇਟੀ ਵੱਲੋਂ ਕੀਤੀਆਂ ਸਿਫਾਰਸ਼ਾਂ 'ਤੇ ਕਥਿਤ ਕੋਈ ਕਾਰਵਾਈ ਨਹੀਂ ਕੀਤੀ ਤੇ ਕਈ ਅਯੋਗ ਐਂਟਿਟੀਜ਼ ਨੂੰ ਲਾਇਸੈਂਸ ਦੀ ਬੋਲੀ ਵਿਚ ਸ਼ਾਮਲ ਕੀਤਾ। ਕਾਬਿਲੇਗੌਰ ਹੈ ਕਿ ਆਬਕਾਰੀ ਨੀਤੀ 'ਚ ਕਥਿਤ ਗੜਬੜੀਆਂ ਕਰਕੇ ਕੇਜਰੀਵਾਲ, ਸਿਸੋਦੀਆ ਤੇ ਹੋਰਨਾਂ ਸਰਕਾਰੀ ਅਧਿਕਾਰੀਆਂ ਨੂੰ ਮਨੀ ਲਾਂਡਰਿੰਗ ਤੇ ਭ੍ਰਿਸ਼ਟਾਚਾਰ ਕੇਸਾਂ ਦਾ ਸਾਹਮਣਾ ਕਰਨਾ ਪਿਆ। ਕੈਗ ਰਿਪੋਰਟ ਦੇ ਕੁਝ ਅੰਸ਼ ਜਨਤਕ ਹੋਣ ਮਗਰੋਂ ਦਿੱਲੀ ਵਿਚ ਸਿਆਸੀ ਪਾਰਾ ਚੜ੍ਹਨ ਦੇ ਆਸਾਰ ਹਨ, ਜਿੱਥੇ ਆਪ ਲਗਾਤਾਰ ਚੌਥੀ ਵਾਰ ਸੱਤਾ 'ਚ ਵਾਪਸੀ ਲਈ ਜ਼ੋਰ ਅਜ਼ਮਾਈ ਕਰ ਰਹੀ ਹੈ। ਦਿੱਲੀ ਦੀ 70 ਮੈਂਬਰੀ ਅਸੈਂਬਲੀ ਲਈ ਵੋਟਾਂ 5 ਫਰਵਰੀ ਨੂੰ ਪੈਣਗੀਆਂ, ਜਦੋਂਕਿ ਨਤੀਜਿਆਂ ਦਾ ਐਲਾਨ 8 ਫਰਵਰੀ ਨੂੰ ਹੋਵੇਗਾ। ਮੌਜੂਦਾ ਅਸੈਂਬਲੀ ਵਿਚ 'ਆਪ' ਦੇ 62 ਤੇ ਭਾਜਪਾ ਦੇ 8 ਵਿਧਾਇਕ ਹਨ।

# ਹਾਈ ਕੋਰਟ ਵੱਲੋਂ ਸਿੱਖ ਗੁਰਦੁਆਰਾ ਚੋਣਾਂ ਵਿਚ ਜਾਤੀ ਆਧਾਰਿਤ ਰਾਖਵੇਂਕਰਨ ਦੀ ਮੰਗ ਕਰਦੀਆਂ ਪਟੀਸ਼ਨਾਂ ਖਾਰਜ

■ ਰਾਖਵਾਂਕਰਨ ਨੂੰ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਦੇ ਉਲਟ ਦੱਸਿਆ
■ ਗੁਰੂ ਨਾਨਕ ਦੇ 'ਏਕ ਓਂਕਾਰ' ਫਲਸਫ਼ੇ ਤੇ 'ਲੰਗਰ' ਪ੍ਰਥਾ ਦੀ ਮਿਸਾਲ ਦਿੱਤੀ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਕ ਫੈਸਲੇ ਵਿਚ ਕਿਹਾ ਕਿ ਸਿੱਖ ਧਾਰਮਿਕ ਸੰਸਥਾ ਦੀਆਂ ਚੋਣਾਂ ਵਿਚ ਜਾਤੀ ਜਾਂ ਲਿੰਗ ਆਧਾਰਿਤ ਰਾਖਵਾਂਕਰਨ ਮੰਗਣਾ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਦੇ ਉਲਟ ਹੈ। ਜਸਟਿਸ ਅਨਿਲ ਖੇਤਰਪਾਲ ਅਤੇ ਜਸਟਿਸ ਹਰਪ੍ਰੀਤ ਕੌਰ ਜੀਵਨ ਦੇ ਬੈਂਚ ਨੇ ਸਮਾਨਤਾ ਅਤੇ ਏਕਤਾ ਦੇ ਸਿੱਖ ਫਲਸਫ਼ੇ ਦਾ ਹਵਾਲਾ ਦਿੰਦੇ ਹੋਏ ਕਈ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ। ਪਟੀਸ਼ਨਾਂ ਵਿਚ ਦਲੀਲ ਦਿੱਤੀ ਗਈ ਸੀ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਅਨੁਸੂਚਿਤ ਜਾਤੀ, ਪੱਛੜੇ ਵਰਗ, ਔਰਤਾਂ ਨੂੰ ਰਾਖਵਾਂਕਰਨ ਨਾ ਦੇਣਾ ਗੈਰ-ਸੰਵਿਧਾਨਕ ਅਤੇ ਲੋਕ ਪ੍ਰਤੀਨਿਧਤਾ ਐਕਟ ਵਿਚਲੀਆਂ ਵਿਵਸਥਾਵਾਂ ਦੀ ਉਲੰਘਣਾ ਹੈ।

ਬੈਂਚ ਨੇ ਫੈਸਲੇ ਵਿਚ ਕਿਹਾ, "ਜਾਤ ਅਤੇ ਲਿੰਗ ਦੇ ਆਧਾਰ 'ਤੇ ਰਾਖਵਾਂਕਰਨ ਦੀ ਮੰਗ ਕਰਨਾ ਸਿੱਖ ਧਾਰਮਿਕ ਸੰਸਥਾ ਵਿਚ ਚੋਣਾਂ ਦੇ ਉਦੇਸ਼ ਲਈ ਸਿੱਖ ਧਰਮ ਦੇ ਬੇਦਾਗ ਫਲਸਫੇ ਦੇ ਖਿਲਾਫ਼ ਜਾਵੇਗਾ। ਕਿਸੇ ਸੰਸਥਾ ਜਾਂ ਰਾਜ ਨੂੰ ਰਾਖਵਾਂਕਰਨ ਦੀ ਵਿਵਸਥਾ ਕਰਨ ਲਈ ਮਜਬੂਰ ਕਰਨ ਲਈ ਹੁਕਮ ਨਹੀਂ ਦਿੱਤਾ ਜਾ ਸਕਦਾ।" ਬੈਂਚ ਨੇ ਕਿਹਾ, "ਸਿੱਖ ਧਰਮ ਦਾ ਫ਼ਲਸਫ਼ਾ ਸਾਰੇ ਮਨੁੱਖਾਂ ਦੀ ਏਕਤਾ 'ਤੇ ਜ਼ੋਰ ਦਿੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਸਥਾਪਿਤ ਸਿੱਖ ਧਰਮ 'ਏਕ ਨੂਰ ਤੇ ਸਭ ਜਗ ਉਪਜਿਆ' ਦੇ ਸਿਧਾਂਤ ਦੀ ਮਹੱਤਤਾ ਨੂੰ ਉਜਾਗਰ ਕਰਦਾ ਹੈ, ਜੋ ਦਰਸਾਉਂਦਾ ਹੈ ਕਿ ਇੱਕ ਪ੍ਰਕਾਸ਼ ਤੋਂ, ਭਾਵ ਇੱਕ ਵਿਸ਼ਵਵਿਆਪੀ ਸਰੋਤ ਤੋਂ, ਸਾਰਾ ਬ੍ਰਹਿਮੰਡ ਬਣਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ੁਰੂਆਤੀ ਸ਼ਬਦ 'ਏਕ ਓਂਕਾਰ' ਹੈ, ਜੋ ਦਰਸਾਉਂਦਾ ਹੈ ਕਿ ਸਿਰਫ਼ ਇੱਕ 'ਵਿਸ਼ਵਵਿਆਪੀ ਸਿਰਜਣਹਾਰ' ਹੈ, ਭਾਵ 'ਰੱਬ' ਜਿਸ ਨੂੰ 'ਓਂਕਾਰ' ਕਿਹਾ ਜਾਂਦਾ ਹੈ। ਇਹ ਮਨੁੱਖਤਾ ਦੇ ਸਾਰੇ ਰੂਪਾਂ ਵਿਚ ਏਕਤਾ ਨੂੰ ਵੀ ਦਰਸਾਉਂਦਾ ਹੈ।" ਬੈਂਚ ਨੇ ਕਿਹਾ, "ਸਿੱਖ ਧਰਮ ਆਪਣੇ ਦਰਸ਼ਨਾਂ ਅਤੇ ਸਿਧਾਂਤਾਂ ਦੀ ਪਾਲਣਾ ਕਰਦਾ ਹੈ। 'ਲੰਗਰ' ਜਾਂ ਭਾਈਚਾਰਕ ਰਸੋਈ ਦੀ ਪ੍ਰਥਾ ਏਕਤਾ ਦੀ ਸਭ ਤੋਂ ਵਧੀਆ ਮਿਸਾਲ ਸੀ। ਲੰਗਰ ਹਾਲ ਉਨ੍ਹਾਂ ਥਾਵਾਂ ਵਿਚੋਂ ਇੱਕ ਹਨ, ਜਿੱਥੇ ਸਾਰਿਆਂ ਨਾਲ ਬਰਾਬਰ ਵਿਵਹਾਰ ਕੀਤਾ ਜਾਂਦਾ ਹੈ ਅਤੇ ਭੋਜਨ ਪ੍ਰਦਾਨ ਕੀਤਾ ਜਾਂਦਾ ਹੈ; ਜਿੱਥੇ ਹਾਜ਼ਰ ਲੋਕ ਫਰਸ਼ 'ਤੇ ਬੈਠਦੇ ਹਨ ਅਤੇ ਸਾਦਾ ਭੋਜਨ ਖਾਂਦੇ ਹਨ।"

# ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਸਬੰਧੀ ਪ੍ਰਕਾਸ਼ਿਤ ਮੁੱਢਲੀਆਂ ਸੂਚੀਆਂ ਦੋਸ਼ ਪੂਰਨ : ਐਡਵੋਕੇਟ ਧਾਮੀ



ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰਦੁਆਰਾ ਚੋਣ ਕਮਿਸ਼ਨਰ ਜਸਟਿਸ ਐੱਸ.ਐੱਸ. ਸਾਰੋਂ ਨੂੰ ਪੱਤਰ ਲਿਖ ਕੇ ਕਮਿਸ਼ਨ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਸਬੰਧੀ ਪ੍ਰਕਾਸ਼ਿਤ ਮੁੱਢਲੀ ਸੂਚੀਆਂ ਦੇ ਸਬੰਧ ਵਿਚ ਇਤਰਾਜ਼ ਦਰਜ ਕਰਵਾਏ ਹਨ। ਉਨ੍ਹਾਂ ਕਿਹਾ ਕਿ ਪ੍ਰਕਾਸ਼ਿਤ ਕੀਤੀ ਗਈਆਂ ਸੂਚੀਆਂ ਵਿਚ ਕਈ ਗ਼ੈਰ ਸਿੱਖਾਂ ਦੇ ਨਾਮ ਸਾਹਮਣੇ ਆ ਰਹੇ ਹਨ, ਜਿਨ੍ਹਾਂ ਦੇ ਨਾਵਾਂ ਨਾਲ ਸਿੰਘ ਅਤੇ ਕੌਰ ਵੀ ਸ਼ਾਮਲ ਨਹੀਂ ਹੈ। ਇਸ ਤੋਂ ਇਲਾਵਾ ਸੂਚੀਆਂ ਵਿਚ ਵੋਟਰਾਂ ਦੀ ਸ਼ਨਾਖਤ ਲਈ ਪਛਾਣ ਦਰਸਾਉਂਦੀਆਂ ਫੋਟੋਆਂ ਵੀ ਸ਼ਾਮਲ ਨਹੀਂ ਕੀਤੀਆਂ ਗਈਆਂ। ਪ੍ਰਕਾਸ਼ਿਤ ਕੀਤੀਆਂ ਸੂਚੀਆਂ ਹਾਸਲ ਕਰਨ ਵਿਚ ਵੀ ਸਿੱਖ ਸੰਗਤ ਨੂੰ ਵੱਡੀਆਂ ਪ੍ਰੇਸ਼ਾਨੀਆਂ ਆ ਰਹੀਆਂ ਹਨ।



ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਚੱਲ ਰਹੀ ਪ੍ਰਕਿਰਿਆ ਤਹਿਤ ਸਹੀ ਤਰੀਕੇ ਨਾਲ ਇਤਰਾਜ਼ ਦਰਜ ਕਰਵਾਉਣੇ ਸੰਭਵ ਨਹੀਂ ਹਨ ਅਤੇ ਇਸ ਸਭ ਤੋਂ ਪੰਜਾਬ ਸਰਕਾਰ ਦੀ ਮਨਮਰਜ਼ੀ ਸਪੱਸ਼ਟ ਹੋ ਰਹੀ ਹੈ, ਜਿਸ ਸਬੰਧੀ ਸ਼੍ਰੋਮਣੀ ਕਮੇਟੀ ਪਹਿਲਾਂ ਹੀ ਖ਼ਦਸ਼ੇ ਪ੍ਰਗਟ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇੰਝ ਜਾਪਦਾ ਹੈ ਕਿ ਬਿਨਾਂ ਫੋਟੋਆਂ ਵਾਲੀਆਂ ਸੂਚੀਆਂ ਵੋਟਰਾਂ ਵੱਲੋਂ ਫੋਟੋ ਸਮੇਤ ਜਮ੍ਹਾਂ ਕਰਵਾਏ ਗਏ ਫਾਰਮਾਂ ਦੀ ਥਾਂ ਬੂਥ ਪੱਧਰ ਉੱਤੇ ਤਾਇਨਾਤ ਬੀ.ਐੱਲ.ਓ. ਵੱਲੋਂ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਸਬੰਧੀ ਸੂਚੀਆਂ ਵਿਚੋਂ ਚੁੱਕ ਕੇ ਤਿਆਰ ਕੀਤੀਆਂ ਗਈਆਂ ਹੋਣ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਬਿਹਤਰ ਪ੍ਰਬੰਧਕੀ ਵਿਵਸਥਾ ਲਈ ਇਹ ਜ਼ਰੂਰੀ ਹੈ ਕਿ ਇਸ ਸੰਸਥਾ ਦੇ ਮੈਂਬਰ ਚੁਣਨ ਲਈ ਵੋਟਰ ਵੀ ਨਿਯਮਾਂ ਅਨੁਸਾਰ ਯੋਗ ਤਰੀਕੇ ਨਾਲ ਹੀ ਰਜਿਸਟਰ ਕੀਤੇ ਜਾਣ।

ਲਿਖੇ ਪੱਤਰ ਵਿਚ ਐਡਵੋਕੇਟ ਧਾਮੀ ਨੇ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਪਾਸੋਂ ਮੰਗ ਕੀਤੀ ਹੈ ਕਿ ਵੋਟਰ ਸੂਚੀਆਂ ਦੀ ਆਨਲਾਈਨ ਅਤੇ ਬਣਾਏ ਗਏ ਕੇਂਦਰਾਂ ਉੱਤੇ ਉਪਲੱਬਧਤਾ ਯਕੀਨੀ ਬਣਾਈ ਜਾਵੇ। ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਵੋਟਰ ਰਜਿਸਟ੍ਰੇਸ਼ਨ ਪ੍ਰਕਿਰਿਆ ਸਮੇਂ ਫ਼ੋਟੋਆਂ ਸਮੇਤ ਫਾਰਮ ਜਮ੍ਹਾਂ ਕਰਵਾਉਣ ਦੀਆਂ ਹਦਾਇਤਾਂ ਦੇ ਮੱਦੇਨਜ਼ਰ ਸੂਚੀਆਂ ਵੋਟਰਾਂ ਦੀਆਂ ਫੋਟੋਆਂ ਸਮੇਤ ਪ੍ਰਕਾਸ਼ਿਤ ਕੀਤੀਆਂ ਜਾਣ, ਤਾਂ ਜੋ ਪਤਾ ਲੱਗ ਸਕੇ ਕਿ ਵੋਟਰ ਬਣਨ ਵਾਲਾ ਵਿਅਕਤੀ ਸਾਬਤ ਸੂਰਤ/ਕੇਸਾਧਾਰੀ ਸਿੱਖ ਹੈ। ਉਨ੍ਹਾਂ ਗ਼ੈਰ-ਸਿੱਖਾਂ ਦੇ ਸ਼ਾਮਲ ਨਾਮ ਖਾਰਜ ਕਰਨ ਦੇ ਆਦੇਸ਼ ਜਾਰੀ ਕਰਨ ਦੀ ਵੀ ਮੰਗ ਕੀਤੀ।

# ਦਿੱਲੀ ਦੀ 'ਵਿਧਵਾ ਕਾਲੋਨੀ' ਦਾ ਨਾਂ ਬਦਲ ਕੇ ਮਾਤਾ ਗੁਜਰੀ ਜੀ ਦੇ ਨਾਂ 'ਤੇ ਰੱਖਿਆ

ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਦੇ ਉਪ ਰਾਜਪਾਲ ਵੀ.ਕੇ. ਸਕਸੈਨਾ ਨੇ ਕਿਹਾ ਕਿ ਪੱਛਮੀ ਦਿੱਲੀ ਦੀ 'ਵਿਧਵਾ ਕਾਲੋਨੀ', ਜਿਸ ਵਿਚ ਮੁੱਖ ਤੌਰ 'ਤੇ 1984 ਦੇ ਸਿੱਖ ਕਤਲੇਆਮ ਪੀੜਤਾਂ ਦੀ ਰਿਹਾਇਸ਼ ਹੈ, ਦਾ ਨਾਂ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ 'ਮਾਤਾ ਗੁਜਰੀ ਜੀ ਦੇ ਨਾਂ 'ਤੇ ਰੱਖਿਆ ਗਿਆ ਹੈ। ਪਿਛਲੇ ਸਾਲ ਨਵੰਬਰ 'ਚ ਸਕਸੈਨਾ ਨੇ ਅਧਿਕਾਰੀਆਂ ਨੂੰ ਨਿਵਾਸੀਆਂ ਦੇ ਸੁਝਾਵਾਂ ਅਨੁਸਾਰ ਵਿਧਵਾ ਕਾਲੋਨੀ ਦਾ ਨਾਂ ਬਦਲਣ ਦੇ ਨਿਰਦੇਸ਼ ਦਿੱਤੇ ਸਨ।

# ਚੈਰਿਟੀ ਫੰਡਾਂ ਵਿਚ 50 ਹਜ਼ਾਰ ਪੌਂਡ ਦੀ ਧੋਖਾਧੜੀ ਲਈ ਰਾਜਬਿੰਦਰ ਕੌਰ ਨੂੰ ਜੇਲ੍ਹ ਦੀ ਸਜ਼ਾ

ਲੰਡਨ, (ਪੰਜਾਬ ਮੇਲ)- ਪੰਜਾਬੀ ਮੂਲ ਦੀ ਬ੍ਰਿਟਿਸ਼ ਨਿਵਾਸੀ ਰਾਜਬਿੰਦਰ ਕੌਰ ਨੂੰ 50,000 ਪੌਂਡ ਦੇ ਚੈਰਿਟੀ ਫੰਡਾਂ ਦੀ ਧੋਖਾਧੜੀ ਦੇ ਦੋਸ਼ ਵਿਚ ਬਰਮਿੰਘਮ ਕਰਾਊਨ ਕੋਰਟ ਨੇ ਸਜ਼ਾ ਸੁਣਾਈ ਹੈ ਅਤੇ ਜੇਲ੍ਹ ਭੇਜ ਦਿੱਤਾ ਹੈ। ਰਾਜਬਿੰਦਰ ਕੌਰ ਬਰਮਿੰਘਮ ਦੇ ਹੈਮਸਟੇਡ ਰੋਡ 'ਤੇ ਸਥਿਤ ਪਿੰਡ ਰਹਿਮ ਦੀ ਵਸਨੀਕ ਹੈ। ਵੀਰਵਾਰ ਨੂੰ ਬਰਮਿੰਘਮ ਕਰਾਊਨ ਕੋਰਟ 'ਚ ਚੋਰੀ ਦੇ ਛੇ ਮਾਮਲਿਆਂ 'ਚ ਉਸ ਨੂੰ ਦੋ ਸਾਲ ਅਤੇ ਅੱਠ ਮਹੀਨੇ ਦੀ ਜੇਲ ਹੋਈ। ਉਸਦੇ ਖਿਲਾਫ ਇੱਕ ਕੇਸ ਮਨੀ ਲਾਂਡਰਿੰਗ ਅਤੇ ਚੈਰਿਟੀ ਕਮਿਸ਼ਨ ਨੂੰ ਗਲਤ ਜਾਂ ਗੁੰਮਰਾਹਕੁੰਨ ਜਾਣਕਾਰੀ ਦੇਣ ਦਾ ਸੀ।

ਰਾਜਬਿੰਦਰ ਕੌਰ ਦੇ ਭਰਾ 44 ਸਾਲਾ ਕੁਲਦੀਪ ਸਿੰਘ ਲੇਹਲ 'ਤੇ ਵੀ ਚੈਰਿਟੀ ਕਮਿਸ਼ਨ ਨੂੰ ਗਲਤ ਸੂਚਨਾ ਦੇਣ ਦੇ ਦੋਸ਼ ਲੱਗੇ ਹਨ। ਕੁਲਦੀਪ ਸਿੰਘ ਵੀ ਰਾਜਬਿੰਦਰ ਨਾਲ ਹੈਮਸਟੇਡ ਰੋਡ 'ਤੇ ਰਹਿੰਦਾ ਸੀ। ਉਸ ਨੂੰ ਚਾਰ ਮਹੀਨੇ ਦੀ ਸਜ਼ਾ ਸੁਣਾਈ ਗਈ। ਚੈਰਿਟੀ ਕਮਿਸ਼ਨ ਨੇ ਕਿਹਾ ਕਿ ਸਜ਼ਾ ਦਰਸਾਉਂਦੀ ਹੈ ਕਿ ਅਦਾਲਤ ਨਿੱਜੀ ਲਾਭ ਲਈ ਕਿਸੇ ਵਿਅਕਤੀ ਦੁਆਰਾ ਚੈਰਿਟੀ ਫੰਡਾਂ ਦੀ ਚੋਰੀ ਨੂੰ ਬਰਦਾਸ਼ਤ ਨਹੀਂ ਕਰੇਗੀ।

ਵੈਸਟ ਮਿਡਲੈਂਡਜ਼ ਪੁਲਿਸ ਨੇ ਦੱਸਿਆ ਕਿ ਰਾਜਬਿੰਦਰ ਕੌਰ ਨੇ 2016 ਵਿਚ 'ਸਿੱਖ ਯੂਥ ਯੂਕੇ' ਨਾਮਕ ਸੰਸਥਾ ਦੀ ਸਥਾਪਨਾ ਕੀਤੀ ਸੀ ਅਤੇ ਇਸ ਨੂੰ ਚੈਰਿਟੀ ਵਜੋਂ ਰਜਿਸਟਰ ਕਰਨ ਲਈ ਅਰਜ਼ੀ ਦਿੱਤੀ ਸੀ। ਉਸ ਦੀ ਅਰਜ਼ੀ ਚੈਰਿਟੀ ਕਮਿਸ਼ਨ ਦੁਆਰਾ ਰੋਕ ਦਿੱਤੀ ਗਈ ਸੀ ਕਿਉਂਕਿ ਰਾਜਬਿੰਦਰ ਕੌਰ ਲੋੜੀਂਦੀ ਜਾਣਕਾਰੀ ਪ੍ਰਦਾਨ ਕਰਨ ਵਿਚ ਅਸਮਰੱਥ ਸੀ। ਇਸ ਦੇ ਬਾਵਜੂਦ ਰਾਜਬਿੰਦਰ ਕੌਰ ਅਤੇ ਉਸ ਦੇ ਭਰਾ ਨੇ ਚੈਰਿਟੀ ਲਈ ਫੰਡ ਇਕੱਠਾ ਕਰਨ ਦੇ ਸਮਾਗਮਾਂ ਦਾ ਆਯੋਜਨ ਕਰਨਾ ਜਾਰੀ ਰੱਖਿਆ ਅਤੇ ਇਸ ਨੂੰ ਇੱਕ ਜਾਇਜ਼ ਸੰਸਥਾ ਵਜੋਂ ਪੇਸ਼ ਕੀਤਾ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਰਾਜਬਿੰਦਰ ਕੌਰ ਨੇ 'ਸਿੱਖ ਯੂਥ ਯੂਕੇ' ਚੈਰਿਟੀ ਦੇ ਨਾਂ 'ਤੇ ਇਕੱਠੇ ਕੀਤੇ ਪੈਸੇ ਆਪਣੇ ਨਿੱਜੀ ਖਾਤੇ ਵਿਚ ਟਰਾਂਸਫਰ ਕੀਤੇ ਸਨ। "ਸਾਧਾਰਨ ਸ਼ਬਦਾਂ ਵਿਚ, ਰਾਜਬਿੰਦਰ ਕੌਰ ਚੰਗੇ ਕਾਰਨਾਂ ਲਈ ਸਥਾਨਕ ਲੋਕਾਂ ਦੁਆਰਾ ਦਾਨ ਕੀਤੇ ਗਏ ਪੈਸੇ ਦੀ ਵੱਡੀ ਮਾਤਰਾ ਵਿਚ ਚੋਰੀ ਕਰ ਰਹੀ ਸੀ।" ਚੈਰਿਟੀ ਕਮਿਸ਼ਨ ਦੇ ਟਿਮ ਹੌਪਕਿੰਸ ਨੇ ਕਿਹਾ, "ਚੈਰਿਟੀ ਕਮਿਸ਼ਨ ਨੂੰ ਗਲਤ ਜਾਂ ਗੁੰਮਰਾਹਕੁੰਨ ਜਾਣਕਾਰੀ ਦੇਣ ਲਈ ਭੈਣ-ਭਰਾ ਨੂੰ ਸੁਣਾਈ ਗਈ ਸਜ਼ਾ ਦਰਸਾਉਂਦੀ ਹੈ ਕਿ ਅਦਾਲਤਾਂ ਅਪਰਾਧ ਨੂੰ ਕਿੰਨੀ ਗੰਭੀਰਤਾ ਨਾਲ ਲੈਂਦੀਆਂ ਹਨ।" "ਚੈਰਿਟੀ ਕਮਿਸ਼ਨ ਅਤੇ ਪੁਲਿਸ ਨੇ ਮਿਲ ਕੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕੀਤਾ ਅਤੇ ਨਿਆਂ ਪ੍ਰਦਾਨ ਕੀਤਾ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਗਣਤੰਤਰ ਦਿਵਸ ਮੌਕੇ ਟਰੈਕਟਰ ਮਾਰਚ ਦਾ ਐਲਾਨ




ਨਵੀਂ ਦਿੱਲੀ, (ਪੰਜਾਬ ਮੇਲ)- ਸੰਯੁਕਤ ਕਿਸਾਨ ਮੋਰਚਾ (ਐੱਸ.ਕੇ.ਐੱਮ.) ਨੇ 26 ਜਨਵਰੀ ਨੂੰ ਦੇਸ਼ ਭਰ ਵਿਚ ਟਰੈਕਟਰ ਮਾਰਚ ਦਾ ਸੱਦਾ ਦਿੱਤਾ ਹੈ ਅਤੇ ਮੰਗ ਕੀਤੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਸਾਨਾਂ ਨਾਲ ਉਨ੍ਹਾਂ ਦੀਆਂ ਮੰਗਾਂ 'ਤੇ ਗੱਲਬਾਤ ਕਰਨ। ਸੰਯੁਕਤ ਕਿਸਾਨ ਮੋਰਚਾ ਦਾ ਇਹ ਬਿਆਨ ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਸਬੰਧੀ ਵਧਦੀਆਂ ਚਿੰਤਾਵਾਂ ਦਰਮਿਆਨ ਆਇਆ ਹੈ, ਜੋ ਪਿਛਲੇ ਤਕਰੀਬਨ 50 ਦਿਨਾਂ ਤੋਂ ਮਰਨ ਵਰਤ 'ਤੇ ਹਨ।

ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੇ ਕਨਵੀਨਰ ਜਗਜੀਤ ਸਿੰਘ ਡੱਲੇਵਾਲ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਸ.ਕੇ.ਐੱਮ.) ਦੀ ਕਾਨੂੰਨੀ ਗਾਰੰਟੀ ਸਣੇ ਕਿਸਾਨ ਦੀਆਂ ਵੱਖ-ਵੱਖ ਮੰਗਾਂ ਮੰਨਵਾਉਣ ਲਈ ਪਿਛਲੇ ਸਾਲ 26 ਨਵੰਬਰ ਤੋਂ ਪੰਜਾਬ ਅਤੇ ਹਰਿਆਣਾ ਦੀ ਖਨੌਰੀ ਸਰਹੱਦ 'ਤੇ ਭੁੱਖ ਹੜਤਾਲ 'ਤੇ ਹਨ।

ਸੰਯੁਕਤ ਕਿਸਾਨ ਮੋਰਚੇ ਨੇ ਇੱਥੇ ਜਾਰੀ ਇੱਕ ਬਿਆਨ ਵਿਚ ਐਲਾਨ ਕੀਤਾ ਕਿ ਐੱਮ.ਐੱਸ.ਪੀ. ਅਤੇ ਖੇਤੀ ਮੰਡੀਕਰਨ 'ਤੇ ਕੌਮੀ ਨੀਤੀ ਖਰੜੇ ਖ਼ਤਮ ਕਰਨ ਸਣੇ ਮੰਗਾਂ 'ਤੇ ਸਾਂਝੇ ਸੰਘਰਸ਼ ਲਈ ਸੋਮਵਾਰ ਨੂੰ ਮੀਟਿੰਗ ਕੀਤੀ ਜਾਵੇਗੀ। ਐੱਸ.ਕੇ.ਐੱਮ. ਨੇ ਬਿਆਨ 'ਚ ਕਿਹਾ, "ਐੱਸ.ਕੇ.ਐੱਮ. ਨੇ ਕਿਸਾਨਾਂ ਨੂੰ 26 ਜਨਵਰੀ ਨੂੰ 76ਵੇਂ ਗਣਤੰਤਰ ਦਿਵਸ 'ਤੇ ਦੇਸ਼ ਭਰ 'ਚ ਜ਼ਿਲ੍ਹਾ ਅਤੇ ਤਹਿਸੀਲ ਪੱਧਰ 'ਤੇ ਟਰੈਕਟਰ, ਗੱਡੀਆਂ, ਮੋਟਰਸਾਈਕਲ ਮਾਰਚ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ।" ਐੱਸ.ਕੇ.ਐੱਮ. ਨੇ ਕਿਹਾ, "ਕਿਸਾਨ ਇਨ੍ਹਾਂ ਮੰਗਾਂ ਨੂੰ ਲੈ ਕੇ ਮਾਰਚ ਕਰਨਗੇ ਕਿ ਪ੍ਰਧਾਨ ਮੰਤਰੀ ਤੁਰੰਤ ਕਿਸਾਨਾਂ ਦੇ ਮੁੱਦਿਆਂ 'ਤੇ ਸਾਰੀਆਂ ਕਿਸਾਨ ਜਥੇਬੰਦੀਆਂ ਨਾਲ ਚਰਚਾ ਲਈ ਮੀਟਿੰਗ ਸੱਦਣ ਅਤੇ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਉਣ।"

# 'ਬ੍ਰਿਟਿਸ਼ ਕੋਲੰਬੀਆ ਐਸੋਸੀਏਸ਼ਨ ਆਫ਼ ਚੀਫ਼ਸ ਆਫ਼ ਪੁਲਿਸ' ਦੀ ਚੋਣ 'ਚ ਪੰਜਾਬੀਆਂ ਨੇ ਮਾਰੀ ਬਾਜ਼ੀ

■ ਵੈਂਡੀ ਮੇਹਟ ਪ੍ਰਧਾਨ ਤੇ ਮਨਦੀਪ ਮੁੱਕਰ ਬਣੇ ਸਕੱਤਰ ਤੇ ਖ਼ਜ਼ਾਨਚੀ




ਐਬਟਸਫੋਰਡ, (ਪੰਜਾਬ ਮੇਲ)- ਕੈਨੇਡਾ 'ਚ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਸੰਸਥਾ 'ਬ੍ਰਿਟਿਸ਼ ਕੋਲੰਬੀਆ ਐਸੋਸੀਏਸ਼ਨ ਆਫ ਚੀਫ਼ਸ ਆਫ਼ ਪੁਲਿਸ' ਦੇ ਬੋਰਡ ਆਫ਼ ਡਾਇਰੈਕਟਰਜ਼ ਦੀ ਚੋਣ ਵਿਚ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੀ ਸੀਨੀਅਰ ਪੰਜਾਬਣ ਅਧਿਕਾਰੀ ਚੀਫ਼ ਸੁਪਰਡੈਂਟ ਵੈਂਡੀ ਮੇਹਟ ਨੂੰ ਪ੍ਰਧਾਨ ਤੇ ਸੁਪਰਡੈਂਟ ਮਨਦੀਪ ਸਿੰਘ ਮੁੱਕਰ ਨੂੰ ਸਕੱਤਰ ਤੇ ਖ਼ਜ਼ਾਨਚੀ ਬਣਾਇਆ ਗਿਆ ਹੈ, ਜਦਕਿ ਵੈਨਕੂਵਰ ਪੁਲਿਸ ਦੇ ਸੀਨੀਅਰ ਅਧਿਕਾਰੀ ਐਂਡਰਿਊ ਚੇਨ ਨੂੰ ਉਪ ਪ੍ਰਧਾਨ ਚੁਣਿਆ ਹੈ। ਇਸ ਸੰਸਥਾ ਦੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਤੇ ਸੂਬੇ ਦੀਆਂ 13 ਮਿਊਂਸੀਪਲ ਪੁਲਿਸ ਏਜੰਸੀਆਂ ਦੇ 9250 ਮੈਂਬਰ ਹਨ। ਚੀਫ਼ ਸੁਪਰਡੈਂਟ ਵੈਂਡੀ ਮੇਹਟ ਇਸ ਵੱਕਾਰੀ ਸੰਸਥਾ ਦੀ ਪ੍ਰਧਾਨ ਬਣਨ ਵਾਲੀ ਪਹਿਲੀ ਪੰਜਾਬਣ ਪੁਲਿਸ ਅਧਿਕਾਰੀ ਹੈ। ਵੈਂਡੀ ਮੇਹਟ ਸੰਨ 2000 'ਚ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਵਿਚ ਬਤੌਰ ਪੈਟਰੋਲ ਕਾਂਸਟੇਬਲ ਭਰਤੀ ਹੋਈ ਸੀ ਤੇ ਉਹ ਬ੍ਰਿਟਿਸ਼ ਕੋਲੰਬੀਆ ਸੂਬੇ ਦੇ 2 ਸ਼ਹਿਰਾਂ ਦੀ ਪੁਲਿਸ ਸੁਪਰਡੈਂਟ ਰਹਿ ਚੁੱਕੀ ਹੈ, ਜਦਕਿ ਸੁਪਰਡੈਂਟ ਮਨਦੀਪ ਸਿੰਘ ਮੁੱਕਰ ਜਾਂਚ ਏਜੰਸੀ ਇੰਟੈਗਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਦੇ ਅਫ਼ਸਰ ਇੰਚਾਰਜ ਦੀਆਂ ਸੇਵਾਵਾਂ ਨਿਭਾਅ ਰਹੇ ਹਨ।

# 'ਆਪ' ਵੱਲੋਂ ਚੋਣ ਕਮਿਸ਼ਨ ਨੂੰ ਨਵੀਂ ਦਿੱਲੀ ਹਲਕੇ 'ਚ ਵੋਟਾਂ ਸਬੰਧੀ ਕਥਿਤ ਬੇਨਿਯਮੀਆਂ ਬਾਰੇ 'ਚਿੰਤਾਵਾਂ' ਦਾ ਪ੍ਰਗਟਾਵਾ

- ਨਵੀਂ ਦਿੱਲੀ ਹਲਕੇ 'ਚ 22 ਦਿਨਾਂ ਵਿਚ ਕੁੱਲ 5,500 ਨਵੀਆਂ ਵੋਟਾਂ ਬਣਾਈਆਂ ਗਈਆਂ
- ਪਾਰਟੀ ਨੇ ਲਾਏ 'ਧੋਖਾਧੜੀ' ਦੇ ਦੋਸ਼


ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ।

**ਨਵੀਂ ਦਿੱਲੀ, (ਪੰਜਾਬ ਮੇਲ)-** ਆਮ ਆਦਮੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਪਾਰਟੀ ਦੇ ਵਫ਼ਦ ਨੇ ਵੀਰਵਾਰ ਨੂੰ ਚੋਣ ਕਮਿਸ਼ਨ ਨਾਲ ਮੁਲਾਕਾਤ ਕਰ ਕੇ ਦਿੱਲੀ ਵਿਧਾਨ ਸਭਾ ਦੇ ਨਵੀਂ ਦਿੱਲੀ ਹਲਕੇ ਵਿਚ ਵੋਟਾਂ ਸਬੰਧੀ ਕਥਿਤ ਬੇਨਿਯਮੀਆਂ ਬਾਰੇ ਆਪਣੀਆਂ 'ਚਿੰਤਾਵਾਂ' ਦਾ ਪ੍ਰਗਟਾਵਾ ਕੀਤਾ। ਪਾਰਟੀ ਨੇ ਨਵੀਂ ਦਿੱਲੀ ਸੀਟ 'ਤੇ ਵੱਡੀ ਗਿਣਤੀ ਵਿਚ ਨਵੀਆਂ ਵੋਟਾਂ ਬਣਾਏ ਜਾਣ ਅਤੇ ਬਹੁਤ ਸਾਰੀਆਂ ਵੋਟਾਂ ਹਟਾਏ ਜਾਣ ਭਾਵ ਵੋਟਰਾਂ ਦੇ ਨਾਂ ਵੋਟਰ ਸੂਚੀ ਵਿਚੋਂ ਕੱਟ ਦਿੱਤੇ ਜਾਣ ਦੇ ਅਹਿਮ ਮਾਮਲੇ ਉਜਾਗਰ ਕੀਤਾ।

ਪਾਰਟੀ ਨੇ ਹਲਕੇ ਵਿਚ ਵੱਡੇ ਪੱਧਰ 'ਤੇ 'ਵੋਟਰ ਧੋਖਾਧੜੀ' ਹੋਣ ਦਾ ਦੋਸ਼ ਲਾਇਆ ਹੈ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਕੇਜਰੀਵਾਲ ਨੇ ਕਿਹਾ ਕਿ 22 ਦਿਨਾਂ ਵਿਚ ਕੁੱਲ 5,500 ਵੋਟਾਂ ਦਰਜ ਕੀਤੀਆਂ ਗਈਆਂ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਵੋਟਰ ਸੂਚੀ ਵਿਚੋਂ 5500 ਨਾਮ ਹਟਾਉਣ ਲਈ ਅਰਜ਼ੀ ਦੇਣ ਵਾਲੇ 89 ਲੋਕਾਂ ਵਿਚੋਂ 18 ਵਿਅਕਤੀ ਅਜਿਹੇ ਹਨ, ਜਿਨ੍ਹਾਂ ਨੇ ਆਪਣੇ ਵੱਲੋਂ ਇਸ ਤਰ੍ਹਾਂ ਦੀ ਕੋਈ ਅਰਜ਼ੀ ਦਿੱਤੇ ਹੋਣ ਤੋਂ ਇਨਕਾਰ ਕੀਤਾ ਹੈ।

ਕੇਜਰੀਵਾਲ ਨੇ ਇੱਥੇ ਚੋਣ ਕਮਿਸ਼ਨਰਾਂ ਨਾਲ ਮੁਲਾਕਾਤ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ, "ਮੁੱਖ ਚੋਣ ਕਮਿਸ਼ਨਰ ਬਾਹਰ ਹਨ, ਪਰ ਅਸੀਂ ਬਾਕੀ ਦੋ ਕਮਿਸ਼ਨਰਾਂ ਨਾਲ ਮੁਲਾਕਾਤ ਕੀਤੀ। ਅਸੀਂ ਜੋ ਮੁੱਦਾ ਉਠਾਇਆ ਸੀ ਉਨ੍ਹਾਂ ਵਿੱਚੋਂ ਇੱਕ ਇਹ ਸੀ ਕਿ ਨਵੀਂ ਦਿੱਲੀ ਵਿਧਾਨ ਸਭਾ ਹਲਕੇ ਵਿਚ 15 ਦਸੰਬਰ ਤੋਂ 7 ਜਨਵਰੀ ਦੇ ਵਿਚਕਾਰ, 22 ਦਿਨਾਂ ਵਿਚ ਕੁੱਲ 5,500 ਵੋਟਾਂ ਦਰਜ ਕੀਤੀਆਂ ਗਈਆਂ। ਇਸ ਵਿਧਾਨ ਸਭਾ ਵਿਚ ਕੁੱਲ ਵੋਟਾਂ 1,00,000 ਹਨ। ਇਸਦਾ ਮਤਲਬ ਹੈ ਕਿ ਪਿਛਲੇ 22 ਦਿਨਾਂ ਵਿਚ 5.5 ਪ੍ਰਤੀਸ਼ਤ ਵੋਟਾਂ ਬਣਾਈਆਂ ਗਈਆਂ ਸਨ, ਜੋ ਸਪੱਸ਼ਟ ਤੌਰ 'ਤੇ ਕੁਝ ਬੇਨਿਯਮੀਆਂ ਨੂੰ ਦਰਸਾਉਂਦੀਆਂ ਹਨ। ਇਨ੍ਹਾਂ ਅਰਜ਼ੀਆਂ ਵਿਚ ਸਮੱਸਿਆਵਾਂ ਹਨ।"

ਉਨ੍ਹਾਂ ਕਿਹਾ, "ਜਦੋਂ ਹੇਠਲੇ ਅਧਿਕਾਰੀਆਂ ਨੇ ਜਾਂਚ ਕੀਤੀ, ਤਾਂ ਜਿਨ੍ਹਾਂ ਵਿਅਕਤੀਆਂ ਦੇ ਨਾਮ ਇਨ੍ਹਾਂ ਅਰਜ਼ੀਆਂ 'ਤੇ ਆਏ ਸਨ, ਉਨ੍ਹਾਂ ਨੇ ਵੋਟਾਂ ਕੱਟਣ ਲਈ ਕੋਈ ਬੇਨਤੀ ਦਿੱਤੀ ਹੋਣ ਤੋਂ ਇਨਕਾਰ ਕਰ ਦਿੱਤਾ। 89 ਲੋਕਾਂ ਨੇ 5,500 ਵੋਟਾਂ ਲਈ ਅਰਜ਼ੀ ਦਿੱਤੀ ਸੀ ਅਤੇ ਉਨ੍ਹਾਂ ਵਿਚੋਂ 18 ਚੋਣ ਕਮਿਸ਼ਨ ਕੋਲ ਆਏ ਅਤੇ ਕੋਈ ਵੀ ਅਰਜ਼ੀ ਜਮ੍ਹਾਂ ਕਰਨ ਤੋਂ ਇਨਕਾਰ ਕਰ ਦਿੱਤਾ। ਇਸਦਾ ਮਤਲਬ ਹੈ ਕਿ ਵੱਡੇ ਪੱਧਰ 'ਤੇ ਚੋਣ ਧੋਖਾਧੜੀ ਹੋ ਰਹੀ ਹੈ।"

'ਆਪ' ਮੁਖੀ ਨੇ ਇਹ ਵੀ ਦੋਸ਼ ਲਗਾਇਆ ਕਿ 15 ਦਸੰਬਰ ਤੋਂ ਜਨਵਰੀ ਤੱਕ 8,13,000 ਨਵੇਂ ਵੋਟਰ ਅਰਜ਼ੀਆਂ ਪ੍ਰਾਪਤ ਹੋਈਆਂ। ਉਨ੍ਹਾਂ ਨੇ ਭਾਰਤੀ ਜਨਤਾ ਪਾਰਟੀ 'ਤੇ ਵਰ੍ਹਦਿਆਂ ਅਤੇ ਖਾਸ ਕਰਕੇ ਭਾਜਪਾ ਉਮੀਦਵਾਰ ਪਰਵੇਸ਼ ਵਰਮਾ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ 'ਤੇ ਪੈਸੇ ਵੰਡਣ ਦਾ ਦੋਸ਼ ਵੀ ਲਗਾਇਆ। ਉਨ੍ਹਾਂ ਨੇ ਭਾਜਪਾ ਵੱਲੋਂ ਐਲਾਨੇ ਗਏ ਸਿਹਤ ਕੈਂਪਾਂ ਅਤੇ ਨੌਕਰੀ ਮੇਲਿਆਂ 'ਤੇ ਵੀ ਇਤਰਾਜ਼ ਉਠਾਇਆ।

ਕੇਜਰੀਵਾਲ ਨੇ ਕਿਹਾ ਕਿ ਚੋਣ ਕਮਿਸ਼ਨ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਕਿਸੇ ਵੀ 'ਭ੍ਰਿਸ਼ਟ ਕਾਰਵਾਈ' ਵਿਰੁੱਧ 'ਸਖਤ ਕਾਰਵਾਈ' ਕੀਤੀ ਜਾਵੇਗੀ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ
e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


# ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ 'ਅਪਰਾਧੀ' ਕਹਿਣ ਦੇ ਮਾਮਲੇ 'ਚ ਪਾਕਿ ਫੌਜ ਦੇ ਸਾਬਕਾ ਅਧਿਕਾਰੀ ਨੂੰ 50 ਕਰੋੜ ਦਾ ਕਾਨੂੰਨੀ ਨੋਟਿਸ



**ਲਾਹੌਰ, (ਪੰਜਾਬ ਮੇਲ)-**ਇਥੋਂ ਦੀ ਗ਼ੈਰ-ਲਾਭਕਾਰੀ ਸੰਸਥਾ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਚੇਅਰਮੈਨ ਨੇ ਪਾਕਿਸਤਾਨ ਦੇ ਸਾਬਕਾ ਫੌਜੀ ਅਧਿਕਾਰੀ ਨੂੰ ਕਾਨੂੰਨੀ ਨੋਟਿਸ ਭੇਜਦਿਆਂ ਵਿਦੇਸ਼ੀ ਫੰਡਿੰਗ ਦੇ ਦੋਸ਼ ਲਾਉਣ ਅਤੇ ਆਜ਼ਾਦੀ ਘੁਲਾਟੀਏ ਭਗਤ ਸਿੰਘ ਨੂੰ 'ਅਪਰਾਧੀ' ਕਰਾਰ ਦੇਣ ਲਈ ਬਿਨਾਂ ਸ਼ਰਤ ਮੁਆਫ਼ੀ ਮੰਗਣ ਦੇ ਨਾਲ ਨਾਲ 50 ਕਰੋੜ ਰੁਪਏ ਦਾ ਹਰਜਾਨਾ ਵੀ ਮੰਗਿਆ ਹੈ।

ਇਹ ਕਾਨੂੰਨੀ ਨੋਟਿਸ ਐਡਵੋਕੇਟ ਖਾਲਿਦ ਜ਼ਮਾਨ ਖ਼ਾਨ ਰਾਹੀਂ ਪਾਕਿਸਤਾਨੀ ਫੌਜੀ ਬਲਾਂ ਦੇ ਸਾਬਕਾ ਸੀਨੀਅਰ ਅਧਿਕਾਰੀ ਅਤੇ ਮੈਟਰੋਪੌਲਿਟਨ ਕਾਰਪੋਰੇਸ਼ਨ ਲਾਹੌਰ ਦੇ ਮੁੱਖ ਲੋਕ ਸੰਪਰਕ ਅਫਸਰ ਤਾਰਿਕ ਮਜੀਦ ਨੂੰ ਭੇਜਿਆ ਗਿਆ ਹੈ। ਨੋਟਿਸ ਵਿਚ ਕਿਹਾ ਗਿਆ ਹੈ ਕਿ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਪਾਕਿਸਤਾਨ ਦੇ ਚੇਅਰਮੈਨ ਇਮਤਿਆਜ਼ ਰਸ਼ੀਦ ਕੁਰੈਸ਼ੀ ਦੇਸ਼ ਭਗਤ ਹਨ ਅਤੇ ਦੇਸ਼ ਤੇ ਇਸਲਾਮ ਪ੍ਰਤੀ ਇਮਾਨਦਾਰ ਹਨ। ਉਨ੍ਹਾਂ ਨੇ ਫਾਊਂਡੇਸ਼ਨ ਲਈ ਦੇਸ਼-ਵਿਦੇਸ਼ ਤੋਂ ਇਕ ਪੈਸਾ ਨਹੀਂ ਲਿਆ। ਨੋਟਿਸ ਮੁਤਾਬਕ, ਕੁਰੈਸ਼ੀ ਭਾਰਤ ਤੇ ਪਾਕਿਸਤਾਨ ਨੂੰ ਨੇੜੇ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ, ਤਾਂ ਜੋ ਆਮ ਲੋਕਾਂ ਨੂੰ ਲਾਭ ਮਿਲ ਸਕੇ।

ਕੁਰੈਸ਼ੀ ਦਾ ਨੋਟਿਸ ਵਿਚ ਕਹਿਣਾ ਹੈ ਕਿ ਮਜੀਦ ਨੇ ਨਵੰਬਰ ਮਹੀਨੇ ਲਾਹੌਰ ਹਾਈ ਕੋਰਟ ਵਿਚ ਸੌਂਪੀ ਆਪਣੀ ਰਿਪੋਰਟ ਵਿਚ ਬਹੁਤ ਹੀ ਭੱਦੀ ਤੇ ਇਤਰਾਜ਼ਯੋਗ ਭਾਸ਼ਾ ਦੀ ਵਰਤੋਂ ਕੀਤੀ ਹੈ। ਜ਼ਿਕਰਯੋਗ ਹੈ ਕਿ ਨਵੰਬਰ ਵਿਚ ਜ਼ਿਲ੍ਹਾ ਸਰਕਾਰ ਨੇ ਲਾਹੌਰ ਹਾਈ ਕੋਰਟ ਨੂੰ ਦੱਸਿਆ ਕਿ ਕਮੋਡੋਰ (ਸੇਵਾਮੁਕਤ) ਮਜੀਦ ਵੱਲੋਂ ਪੇਸ਼ ਕੀਤੀ ਗਈ ਨਿਰੀਖਣ/ਰਿਪੋਰਟ ਦੇ ਮੱਦੇਨਜ਼ਰ ਉਸ ਨੇ ਲਾਹੌਰ ਦੇ ਸ਼ਾਦਮਾਨ ਚੌਕ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਦੀ ਯੋਜਨਾ ਰੱਦ ਕਰ ਦਿੱਤੀ ਹੈ, ਜਿੱਥੇ ਉਨ੍ਹਾਂ ਨੂੰ ਲਗਭਗ 94 ਸਾਲ ਪਹਿਲਾਂ ਫਾਂਸੀ ਦਿੱਤੀ ਗਈ ਸੀ। ਮਜੀਦ ਨੇ ਰਿਪੋਰਟ ਵਿਚ ਦਾਅਵਾ ਕੀਤਾ ਸੀ, "ਭਗਤ ਸਿੰਘ ਕੋਈ ਕ੍ਰਾਂਤੀਕਾਰੀ ਨਹੀਂ, ਸਗੋਂ ਅਪਰਾਧੀ ਸੀ, ਅੱਜ ਦੇ ਸੰਦਰਭ ਵਿਚ ਉਹ ਇਕ ਅੱਤਵਾਦੀ ਸੀ, ਉਸ ਨੇ ਇਕ ਬ੍ਰਿਟਿਸ਼ ਪੁਲਿਸ ਅਫਸਰ ਦੀ ਹੱਤਿਆ ਕੀਤੀ ਅਤੇ ਇਸ ਅਪਰਾਧ ਲਈ ਉਸ ਨੂੰ ਆਪਣੇ ਦੋ ਸਾਥੀਆਂ ਸਮੇਤ ਫ਼ਾਂਸੀ ਦੇ ਦਿੱਤੀ ਗਈ।"

# ਭਾਰਤ ਨੇ ਬੰਗਲਾਦੇਸ਼ ਦੀ ਬਰਖਾਸਤ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦਾ ਵੀਜ਼ਾ ਵਧਾਇਆ



**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਨੇ ਬੰਗਲਾਦੇਸ਼ ਦੀ ਬਰਖ਼ਾਸਤ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦਾ ਵੀਜ਼ਾ ਵਧਾ ਦਿੱਤਾ ਹੈ। ਉਹ ਪਿਛਲੇ ਸਾਲ ਅਗਸਤ ਤੋਂ ਦੇਸ਼ ਵਿਚ ਰਹਿ ਰਹੀ ਹੈ। ਉਧਰ ਵਿਦੇਸ਼ ਮੰਤਰਾਲੇ ਨੇ ਸੰਪਰਕ ਕਰਨ 'ਤੇ ਇਸ ਮਾਮਲੇ ਸਬੰਧੀ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

ਹਾਲਾਂਕਿ, ਸੂਤਰਾਂ ਨੇ ਕਿਹਾ ਕਿ ਵਿਦੇਸ਼ੀ ਖੇਤਰੀ ਰਜਿਸਟ੍ਰੇਸ਼ਨ ਆਫਿਸ (ਐੱਫ.ਆਰ.ਆਰ.ਓ.) ਨੂੰ ਹਸੀਨਾ ਦੇ ਵੀਜ਼ਾ ਵਧਾਏ ਜਾਣ ਸਬੰਧੀ ਜਾਣਕਾਰੀ ਦੇ ਦਿੱਤੀ ਗਈ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੇ ਅਧੀਨ ਕੰਮ ਕਰਨ ਵਾਲਾ ਇਹ ਆਫਿਸ ਵੀਜ਼ੇ 'ਤੇ ਦੇਸ਼ ਆਏ ਵਿਦੇਸ਼ੀਆਂ ਦੇ ਸਾਰੇ ਰਿਕਾਰਡ ਆਪਣੇ ਕੋਲ ਰੱਖਦਾ ਹੈ।

ਹਸੀਨਾ ਦਾ ਵੀਜ਼ਾ ਅਜਿਹੇ ਸਮੇਂ ਵਧਾਇਆ ਗਿਆ ਹੈ, ਜਦੋਂ ਬੰਗਲਾਦੇਸ਼ ਦੀ ਅੰਤ੍ਰਿਮ ਸਰਕਾਰ ਉਨ੍ਹਾਂ ਦੀ ਹਵਾਲਗੀ ਦੀ ਮੰਗ ਕਰ ਰਹੀ ਹੈ। ਇਸ ਸਬੰਧੀ ਬੰਗਲਾਦੇਸ਼ ਹਾਈ ਕਮਿਸ਼ਨ ਵੱਲੋਂ ਭਾਰਤ ਨੂੰ ਇਕ ਰਸਮੀ ਨੋਟਿਸ ਭੇਜਿਆ ਗਿਆ, ਜਿਸ ਨੂੰ ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਪ੍ਰਾਪਤ ਹੋਣ ਦੀ ਗੱਲ ਸਵੀਕਾਰ ਕੀਤੀ ਹੈ। ਵਿਦਿਆਰਥੀਆਂ ਦੇ ਹਿੰਸਕ ਅੰਦੋਲਨ ਮਗਰੋਂ ਹਸੀਨਾ ਬੀਤੇ ਸਾਲ ਪੰਜ ਅਗਸਤ ਨੂੰ ਮੁਲਕ ਛੱਡ ਕੇ ਭੱਜ ਗਈ ਸੀ ਤੇ ਫੌਜੀ ਜਹਾਜ਼ ਰਾਹੀਂ ਭਾਰਤ ਆ ਗਈ ਸੀ। ਸੂਤਰਾਂ ਨੇ ਕਿਹਾ ਕਿ ਹੁਣ ਸਿਰਫ਼ ਹਸੀਨਾ ਦੇ ਰਹਿਣ ਦੀ ਮਿਆਦ 'ਚ ਵਾਧਾ ਕੀਤਾ ਗਿਆ ਹੈ। ਇਸ ਦਾ ਮਤਲਬ ਇਹ ਨਹੀਂ ਕਿ ਉਸ ਨੂੰ ਪਨਾਹ ਦੀ ਪੇਸ਼ਕਸ਼ ਕੀਤੀ ਗਈ ਸੀ। ਹਸੀਨਾ ਦਿੱਲੀ 'ਚ ਇਕ ਸੁਰੱਖਿਅਤ ਥਾਂ 'ਤੇ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਰਹਿ ਰਹੀ ਹੈ। ਨੋਬਲ ਪੁਰਸਕਾਰ ਜੇਤੂ ਮੁਹੰਮਦ ਯੂਨੁਸ ਦੀ ਅਗਵਾਈ ਹੇਠਲੀ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਨੇ 23 ਦਸੰਬਰ ਨੂੰ ਰਸਮੀ ਤੌਰ 'ਤੇ ਹਸੀਨਾ ਦੀ ਹਵਾਲਗੀ ਮੰਗੀ ਸੀ।

# ਸਾਊਦੀ ਅਰਬ ਨੇ ਵੀਜ਼ਾ ਨਿਯਮ 'ਚ ਕੀਤੀ ਸਖਤੀ

- ਵੱਡੀ ਗਿਣਤੀ 'ਚ ਭਾਰਤੀ ਹੋਣਗੇ ਪ੍ਰਭਾਵਿਤ


**ਰਿਆਦ, (ਪੰਜਾਬ ਮੇਲ)-** ਕੈਨੇਡਾ ਵਾਂਗ ਹੁਣ ਸਾਊਦੀ ਅਰਬ ਸਰਕਾਰ ਵੀ ਆਪਣੇ ਵੀਜ਼ਾ ਨਿਯਮ ਸਖ਼ਤ ਕਰਦੀ ਜਾ ਰਹੀ ਹੈ। ਹਾਲ ਹੀ ਵਿਚ ਸਾਊਦੀ ਸਰਕਾਰ ਨੇ ਵਿਦੇਸ਼ੀ ਕਾਮਿਆਂ ਲਈ ਵੀਜ਼ਾ ਨਿਯਮਾਂ ਨੂੰ ਹੋਰ ਸਖ਼ਤ ਕਰ ਦਿੱਤਾ ਹੈ। ਇਸ ਮੁਤਾਬਕ ਸਾਊਦੀ ਅਰਬ ਵਿਚ ਕੰਮ ਕਰਨ ਜਾਣ ਵਾਲੇ ਭਾਰਤੀਆਂ ਲਈ ਵਿਦਿਅਕ ਅਤੇ ਪੇਸ਼ੇਵਰ ਯੋਗਤਾਵਾਂ ਦੀ ਪੁਸ਼ਟੀ ਲਾਜ਼ਮੀ ਹੋ ਗਈ ਹੈ। ਇਹ ਨਿਯਮ ਸਾਊਦੀ ਸਰਕਾਰ ਨੇ ਛੇ ਮਹੀਨੇ ਪਹਿਲਾਂ ਪ੍ਰਸਤਾਵਿਤ ਕੀਤੇ ਸਨ, ਜੋ ਇਸ ਹਫ਼ਤੇ (14 ਜਨਵਰੀ) ਤੋਂ ਲਾਗੂ ਹੋ ਰਹੇ ਹਨ। ਇਸਦਾ ਸਿੱਧਾ ਅਸਰ ਉੱਥੇ ਕੰਮ ਕਰਨ ਜਾਣ ਵਾਲੇ ਭਾਰਤੀਆਂ 'ਤੇ ਪੈ ਸਕਦਾ ਹੈ। ਸਾਊਦੀ ਅਰਬ ਵਿਚ ਕੰਮ ਕਰਨ ਵਾਲੇ ਭਾਰਤੀਆਂ ਦੀ ਗਿਣਤੀ ਘੱਟ ਸਕਦੀ ਹੈ ਕਿਉਂਕਿ ਗੁਣਵੱਤਾ ਨਿਯੰਤਰਣ ਨੂੰ ਯਕੀਨੀ ਬਣਾਉਣ ਲਈ ਬਹੁਤ ਘੱਟ ਸਿਖਲਾਈ ਕੇਂਦਰ ਹਨ।

ਰਿਪੋਰਟ ਅਨੁਸਾਰ ਬੰਗਲਾਦੇਸ਼ੀਆਂ ਤੋਂ ਬਾਅਦ ਭਾਰਤੀ ਸਾਊਦੀ ਅਰਬ ਵਿਚ ਦੂਜਾ ਸਭ ਤੋਂ ਵੱਡਾ ਪ੍ਰਵਾਸੀ ਭਾਈਚਾਰਾ ਹਨ। ਪਿਛਲੇ ਸਾਲ ਯਾਨੀ 2024 ਵਿਚ 24 ਲੱਖ ਤੋਂ ਵੱਧ ਭਾਰਤੀ ਸਾਊਦੀ ਅਰਬ ਵਿਚ ਰਹਿ ਰਹੇ ਸਨ। ਇਨ੍ਹਾਂ ਵਿਚੋਂ 16.4 ਲੱਖ ਨਿੱਜੀ ਖੇਤਰ ਵਿਚ ਅਤੇ 7.85 ਲੱਖ ਘਰੇਲੂ ਕੰਮਾਂ ਵਿਚ ਲੱਗੇ ਹੋਏ ਹਨ। ਭਾਰਤੀ ਕਾਮੇ ਸਾਊਦੀ ਅਰਬ ਦੇ ਕਿਰਤ ਬਾਜ਼ਾਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਭਾਰਤ ਵਿਚ ਪੈਸੇ ਭੇਜਦੇ ਹਨ। ਸਾਊਦੀ ਅਰਬ ਵਿਚ ਬੰਗਲਾਦੇਸ਼ੀ ਪ੍ਰਵਾਸੀ ਕਾਮਿਆਂ ਦੀ ਗਿਣਤੀ 26.9 ਲੱਖ ਹੈ। ਸਾਊਦੀ ਅਰਬ ਸਰਕਾਰ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੀ ਅਗਵਾਈ ਹੇਠ 'ਵਿਜ਼ਨ 2030' 'ਤੇ ਕੰਮ ਕਰ ਰਹੀ ਹੈ। ਸਾਊਦੀ ਸਰਕਾਰ ਆਪਣੇ ਨਾਗਰਿਕਾਂ ਨੂੰ ਹੋਰ ਰੁਜ਼ਗਾਰ ਪ੍ਰਦਾਨ ਕਰਨ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਇਸ ਤਰ੍ਹਾਂ, ਸਾਊਦੀ ਕਿਰਤ ਖੇਤਰ ਵਿਚ ਬਦਲਾਅ ਕੀਤੇ ਜਾ ਰਹੇ ਹਨ, ਜਿਸ ਵਿਚ ਨੌਕਰੀਆਂ ਲਈ ਸਖ਼ਤ ਪ੍ਰਮਾਣੀਕਰਣ ਜ਼ਰੂਰਤਾਂ ਸ਼ਾਮਲ ਹਨ। ਨਵੇਂ ਨਿਯਮਾਂ ਵਿਚ ਸਾਰੇ ਬਿਨੈਕਾਰਾਂ ਨੂੰ ਆਪਣੀ ਵਿਦਿਅਕ ਯੋਗਤਾ ਦੀ ਪੁਸ਼ਟੀ ਕਰਵਾਉਣੀ ਪਵੇਗੀ। ਸਾਊਦੀ ਅਰਬ ਵਿਚ ਕੰਪਨੀ ਮਾਲਕਾਂ ਅਤੇ ਮਨੁੱਖੀ ਸਰੋਤ ਵਿਭਾਗਾਂ ਨੂੰ ਪ੍ਰਵਾਸੀ ਕਰਮਚਾਰੀਆਂ ਦੇ ਸਰਟੀਫਿਕੇਟ ਅਤੇ ਜਾਣਕਾਰੀ ਦੀ ਪੁਸ਼ਟੀ ਕਰਨ ਲਈ ਕਿਹਾ ਜਾ ਰਿਹਾ ਹੈ। ਇਸ ਪਹਿਲਕਦਮੀ ਤੋਂ ਸਾਊਦੀ ਅਰਬ ਵਿਚ ਭਰਤੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਅਤੇ ਕਾਰਜਬਲ ਦੀ ਗੁਣਵੱਤਾ ਵਿਚ ਵਾਧਾ ਹੋਣ ਦੀ ਉਮੀਦ ਹੈ। ਭਾਰਤ ਵਿਚ ਸਾਊਦੀ ਮਿਸ਼ਨ ਵੱਲੋਂ ਜਾਰੀ ਕੀਤੇ ਗਏ ਸਰਕੂਲਰ ਵਿਚ ਕਿਹਾ ਗਿਆ ਹੈ ਕਿ 14 ਜਨਵਰੀ ਤੋਂ ਵਰਕ ਵੀਜ਼ਾ ਜਾਰੀ ਕਰਨ ਲਈ ਪੇਸ਼ੇਵਰ ਤਸਦੀਕ ਲਾਜ਼ਮੀ ਜ਼ਰੂਰਤਾਂ ਵਿਚੋਂ ਇੱਕ ਬਣ ਜਾਵੇਗੀ।

ਸਾਊਦੀ ਅਰਬ ਦੇ ਨਵੇਂ ਨਿਯਮਾਂ ਕਾਰਨ ਕਈ ਸਮੱਸਿਆਵਾਂ ਪੈਦਾ ਹੋਣ ਦੀ ਸੰਭਾਵਨਾ ਹੈ। ਇਹ ਸ਼ਿਕਾਇਤ ਵਿਆਪਕ ਹੈ ਕਿ ਲੋੜੀਂਦੇ ਟੈਸਟਿੰਗ ਕੇਂਦਰ ਨਹੀਂ ਹਨ, ਜਿੱਥੇ ਬਿਨੈਕਾਰ ਆਪਣੀ ਪੁਸ਼ਟੀ ਕਰਵਾ ਸਕਣ। ਰਾਜ ਸਭਾ ਮੈਂਬਰ ਹਰੀਸ ਬਿਰਨ ਦਾ ਕਹਿਣਾ ਹੈ ਕਿ ਕਾਰ ਡਰਾਈਵਰਾਂ ਲਈ ਟੈਸਟਿੰਗ ਸੈਂਟਰ ਰਾਜਸਥਾਨ ਦੇ ਅਜਮੇਰ ਅਤੇ ਸੀਕਰ ਵਿਚ ਸਥਿਤ ਹਨ। ਖਾਸ ਕਰਕੇ ਦੱਖਣ ਦੇ ਬਿਨੈਕਾਰਾਂ ਨੂੰ ਇਨ੍ਹਾਂ ਸਥਾਨਾਂ ਤੱਕ ਲੰਬੀ ਦੂਰੀ ਦੀ ਯਾਤਰਾ ਕਰਨੀ ਪੈਂਦੀ ਹੈ, ਨਾਲ ਹੀ ਉਨ੍ਹਾਂ ਨੂੰ ਭਾਸ਼ਾਈ ਅਤੇ ਲੌਜਿਸਟਿਕ ਸਮੱਸਿਆਵਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ।

# ਨਿੱਝਰ ਕਤਲ ਕੇਸ 'ਚ ਕਿਸੇ ਮੁਲਜ਼ਮ ਨੂੰ ਨਹੀਂ ਮਿਲੀ ਜ਼ਮਾਨਤ

- ਕੈਨੇਡਾ ਦੀ ਪੁਲਿਸ ਜਾਂਚ ਟੀਮ ਤੇ ਅਟਾਰਨੀ ਜਨਰਲ ਦਫਤਰ ਨੇ ਜ਼ਮਾਨਤ ਸਬੰਧੀ ਰਿਪੋਰਟਾਂ ਨੂੰ ਦੱਸਿਆ ਝੂਠ



**ਵੈਨਕੂਵਰ, (ਪੰਜਾਬ ਮੇਲ)-** ਸਰੀ ਗੁਰਦੁਆਰਾ ਦੇ ਤਤਕਾਲੀ ਪ੍ਰਧਾਨ ਹਰਦੀਪ ਸਿੰਘ ਨਿੱਝਰ, ਜਿਸ ਨੂੰ ਭਾਰਤ ਨੇ ਅੱਤਵਾਦੀ ਐਲਾਨਿਆ ਹੋਇਆ ਹੈ, ਦੀ ਹੱਤਿਆ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤੇ ਚਾਰੇ ਮੁਲਜ਼ਮ ਕਰਨ ਬਰਾੜ, ਅਮਨਦੀਪ ਸਿੰਘ, ਕਰਨਪ੍ਰੀਤ ਸਿੰਘ ਤੇ ਕਮਲਪ੍ਰੀਤ ਸਿੰਘ ਨੂੰ ਕੈਨੇਡਾ ਦੀ ਸੁਪਰੀਮ ਕੋਰਟ ਵੱਲੋਂ ਜ਼ਮਾਨਤ 'ਤੇ ਰਿਹਾਅ ਕੀਤੇ ਜਾਣ ਸਬੰਧੀ ਭਾਰਤੀ ਮੀਡੀਆ ਏਜੰਸੀ ਦੀ ਖ਼ਬਰ ਨੂੰ ਕੈਨੇਡਾ ਦੀ ਪੁਲਿਸ ਜਾਂਚ ਟੀਮ ਅਤੇ ਬ੍ਰਿਟਿਸ਼ ਕੋਲੰਬੀਆ ਅਟਾਰਨੀ ਜਨਰਲ ਦਫ਼ਤਰ ਨੇ ਝੂਠਾ ਕਰਾਰ ਦਿੱਤਾ ਹੈ।

ਮਾਮਲੇ ਦੀ ਜਾਂਚ ਟੀਮ ਦੀ ਤਰਜਮਾਨ ਫਰੈਡਾ ਅਤੇ ਬ੍ਰਿਟਿਸ਼ ਕੋਲੰਬੀਆ ਅਟਾਰਨੀ ਜਨਰਲ ਦੇ ਇਸਤਗਾਸਾ ਦਫਤਰ ਦੇ ਬੁਲਾਰੇ ਐੱਨ. ਸੀਮੌਰ ਨੇ ਇਸ ਖ਼ਬਰ 'ਤੇ ਹੈਰਾਨੀ ਜ਼ਾਹਿਰ ਕਰਦਿਆਂ ਦੱਸਿਆ ਕਿ ਚਾਰੇ ਮੁਲਜ਼ਮ ਪੁਲਿਸ ਦੀ ਨਿਆਂਇਕ ਹਿਰਾਸਤ ਅਧੀਨ ਅੱਜ ਵੀ ਜੇਲ੍ਹ 'ਚ ਬੰਦ ਹਨ ਤੇ ਕੈਨੇਡਾ ਦੀ ਕਿਸੇ ਅਦਾਲਤ ਨੇ ਉਨ੍ਹਾਂ ਨੂੰ ਜ਼ਮਾਨਤ ਨਹੀਂ ਦਿੱਤੀ। ਸੀਮੌਰ ਨੇ ਦੱਸਿਆ ਕਿ ਹੱਤਿਆ ਦਾ ਇਹ ਮਾਮਲਾ ਨੰਬਰ 86086-1 ਅਗਲੀ ਸੁਣਵਾਈ ਲਈ ਨਿਊ ਵੈਸਟਮਿਨਸਟਰ ਸਥਿਤ ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਕੋਲ ਹੈ, ਜਿੱਥੇ ਅਗਲੇ ਮਹੀਨੇ (11 ਫਰਵਰੀ) ਪਹਿਲੀ ਸੁਣਵਾਈ ਹੋਵੇਗੀ।

ਖ਼ਬਰ ਏਜੰਸੀ ਨੇ ਅਦਾਲਤੀ ਟਿੱਪਣੀ ਦਾ ਹਵਾਲਾ ਦਿੱਤਾ ਕਿ ਇਸਤਗਾਸਾ ਵੱਲੋਂ ਮਸ਼ਕੂਕਾਂ ਵਿਰੁੱਧ ਠੋਸ ਸਬੂਤ ਪੇਸ਼ ਨਾ ਕਰ ਸਕਣ ਕਰਕੇ ਅਦਾਲਤ ਨੇ ਜ਼ਮਾਨਤ ਦਿੱਤੀ ਹੈ ਤੇ ਇਸ ਖ਼ਬਰ ਨੂੰ ਲੋਕਾਂ ਵਿਚ ਕੈਨੇਡਿਆਈ ਕਾਨੂੰਨ ਬਾਰੇ ਭਰਮ ਭੁਲੇਖੇ ਪੈਦਾ ਕਰਨ ਦੇ ਯਤਨ ਵਜੋਂ ਵੇਖਿਆ ਜਾ ਰਿਹਾ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਕੁਝ ਦਿਨ ਪਹਿਲਾਂ ਪੁਲਿਸ ਨੇ ਖੁਫੀਆ ਰਿਪੋਰਟਾਂ 'ਤੇ ਕਾਰਵਾਈ ਕਰਦਿਆਂ ਮਸ਼ਕੂਕਾਂ ਨੂੰ ਸਰੀ ਦੀ ਜੇਲ੍ਹ ਤੋਂ ਬਦਲ ਕੇ ਕਿਸੇ ਉੱਚ ਸੁਰੱਖਿਆ ਜੇਲ੍ਹ ਭੇਜਿਆ ਹੈ। ਸੂਤਰਾਂ ਅਨੁਸਾਰ ਮੁਲਜ਼ਮਾਂ ਦੇ ਕਥਿਤ ਤੌਰ 'ਤੇ ਜੇਲ੍ਹ 'ਚੋਂ ਫਰਾਰ ਹੋਣ ਦੀਆਂ ਵਿਉਂਤਾਂ ਘੜ ਰਹੇ ਹੋਣ ਦਾ ਪਤਾ ਲੱਗਣ 'ਤੇ ਇਨ੍ਹਾਂ ਨੂੰ ਹੋਰ ਥਾਂ ਭੇਜਿਆ ਗਿਆ ਹੈ।

ਗੌਰਤਲਬ ਹੈ ਕਿ 18 ਜੂਨ 2023 ਨੂੰ ਗੁਰਦੁਆਰੇ ਦੀ ਪਾਰਕਿੰਗ ਵਿਚ ਨਿੱਝਰ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਪੁਲਿਸ ਨੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਦੀ ਮਦਦ ਨਾਲ ਮੁਲਜ਼ਮਾਂ ਦੀ ਪਛਾਣ ਕੀਤੀ ਤੇ ਉਨ੍ਹਾਂ 'ਚੋਂ ਤਿੰਨ ਨੂੰ ਐਡਮਿੰਟਨ ਅਤੇ ਇੱਕ ਨੂੰ ਬਰੈਂਪਟਨ ਤੋਂ ਗ੍ਰਿਫ਼ਤਾਰ ਕੀਤਾ ਸੀ। ਇਸ ਘਟਨਾ ਤੋਂ ਬਾਅਦ ਭਾਰਤ ਤੇ ਕੈਨੇਡਾ ਦੇ ਰਿਸ਼ਤਿਆਂ 'ਚ ਤਣਾਅ ਹੈ।

# ਕੈਨੇਡਾ 'ਚ ਨਵੇਂ ਲਿਬਰਲ ਆਗੂ ਦੀ ਚੋਣ 9 ਮਾਰਚ ਨੂੰ

- 20 ਜਨਵਰੀ ਤੱਕ ਦਾਖ਼ਲ ਕੀਤੀਆਂ ਜਾਣਗੀਆਂ ਨਾਮਜ਼ਦਗੀਆਂ
- ਹਰੇਕ ਉਮੀਦਵਾਰ ਨੂੰ ਪਾਰਟੀ ਕੋਲ ਜਮ੍ਹਾਂ ਕਰਵਾਉਣੇ ਹੋਣਗੇ 3.5 ਲੱਖ ਡਾਲਰ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ 6 ਮਾਰਚ ਨੂੰ ਲਿਬਰਲ ਪਾਰਟੀ ਦੇ ਸੰਸਦੀ ਆਗੂ ਦੇ ਅਹੁਦੇ ਤੋਂ ਮੁਸਤਫੀ ਹੋਣ ਦੇ ਐਲਾਨ ਤੋਂ ਬਾਅਦ ਨਵੇਂ ਆਗੂ ਦੀ ਚੋਣ ਲਈ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਪਾਰਟੀ ਦੇ ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਵਿਚ ਫੈਸਲਾ ਲਿਆ ਗਿਆ ਹੈ ਕਿ ਨਵੇਂ ਆਗੂ ਦੀ ਚੋਣ 9 ਮਾਰਚ ਨੂੰ ਹੋਵੇਗੀ, ਜਿਸ ਲਈ ਨਾਮਜ਼ਦਗੀਆਂ ਦਾਖ਼ਲ ਕਰਨ ਦਾ ਆਖਰੀ ਦਿਨ 23 ਜਨਵਰੀ ਤੈਅ ਕੀਤਾ ਗਿਆ ਹੈ। ਇਸ ਅਹੁਦੇ ਲਈ ਚੋਣ ਮੈਦਾਨ ਵਿਚ ਕੁੱਦਣ ਦੇ ਚਾਹਵਾਨ ਆਗੂਆਂ ਨੂੰ 3.5 ਲੱਖ ਡਾਲਰ (ਪ੍ਰਤੀ ਉਮੀਦਵਾਰ) ਪਾਰਟੀ ਕੋਲ ਜਮ੍ਹਾਂ ਕਰਵਾਉਣੇ ਹੋਣਗੇ।

ਪਾਰਟੀ ਆਗੂ ਬਣਨ ਵਾਲਿਆਂ ਦੀ ਦੌੜ ਵਿਚ ਬੈਂਕ ਆਫ ਕੈਨੇਡਾ ਦੇ ਸਾਬਕਾ ਗਵਰਨਰ ਮਾਰਕ ਕਾਰਨੇ ਅਤੇ ਬੀ.ਸੀ. ਦੀ ਸਾਬਕਾ ਮੁੱਖ ਮੰਤਰੀ ਕ੍ਰਿਸਟੀ ਕਲਾਰਕ ਪ੍ਰਮੁੱਖ ਦਾਅਵੇਦਾਰਾਂ 'ਚ ਸ਼ਾਮਲ ਹਨ। ਉਂਝ, ਸਾਬਕਾ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ, ਚੰਦਰ ਆਰੀਆ ਅਤੇ ਕਿਊਬਕ ਤੋਂ ਸੰਸਦ ਮੈਂਬਰ ਫ਼ਰੈਂਕ ਬੈਲਿਸ ਵੀ ਉਮੀਦਵਾਰੀ ਦਾ ਦਾਅਵਾ ਕਰਨ ਦਾ ਮਨ ਬਣਾ ਰਹੇ ਹਨ। ਪਾਰਟੀ ਦੇ ਨਵੇਂ ਮੈਂਬਰ ਬਣਨ ਦੇ ਚਾਹਵਾਨ ਵਿਅਕਤੀ 27 ਜਨਵਰੀ ਤੱਕ ਅਰਜ਼ੀਆਂ ਦੇ ਸਕਦੇ ਹਨ। ਮੈਂਬਰਾਂ ਨੂੰ ਵੋਟ ਦਾ ਅਧਿਕਾਰ ਦੇਣ ਦੀਆਂ ਸ਼ਰਤਾਂ ਪਹਿਲਾਂ ਨਾਲੋਂ ਸਖ਼ਤ ਕੀਤੀਆਂ ਜਾ ਰਹੀਆਂ ਹਨ। ਜਾਣਕਾਰੀ ਮੁਤਾਬਕ ਨਵੀਆਂ ਸ਼ਰਤਾਂ ਤਹਿਤ 14 ਸਾਲ ਤੋਂ ਵੱਧ ਉਮਰ ਦਾ ਕੋਈ ਵੀ ਕੈਨੇਡਿਆਈ ਨਾਗਰਿਕ ਜਾਂ ਪੱਕੇ ਰਿਹਾਇਸ਼ੀ ਵਿਅਕਤੀ ਮੈਂਬਰ ਬਣਨ ਤੇ ਆਗੂ ਚੁਣਨ ਲਈ ਵੋਟ ਦਾ ਹੱਕ ਰੱਖਦੇ ਹਨ।

# ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਵੱਲੋਂ ਟਰੰਪ ਨੂੰ ਸੋਚ-ਸਮਝ ਕੇ ਬਿਆਨ ਦੇਣ ਦੀ ਸਲਾਹ



**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜੀਨ ਕ੍ਰੇਸ਼ੀਅਨ ਨੇ ਅਮਰੀਕਾ ਦੇ ਮਨੋਨੀਤ ਰਾਸ਼ਟਰਤੀ ਡੋਨਲਡ ਟਰੰਪ ਨੂੰ ਕਿਹਾ ਹੈ ਕਿ ਉਹ ਕੈਨੇਡਾ ਬਾਰੇ ਸੋਚ-ਸਮਝ ਕੇ ਬਿਆਨ ਦੇਣ। ਸਾਲ 1993 ਤੋਂ 2003 ਤੱਕ ਕੈਨੇਡਾ ਦੇ ਪ੍ਰਧਾਨ ਮੰਤਰੀ ਰਹੇ ਕ੍ਰੇਸ਼ੀਅਨ ਨੇ ਆਪਣੇ 91ਵੇਂ ਜਨਮਦਿਨ ਮੌਕੇ ਕਿਹਾ ਕਿ ਕੈਨੇਡਾ ਕਦੇ ਵੀ ਅਮਰੀਕਾ ਦਾ ਹਿੱਸਾ ਬਣਨ ਲਈ ਸਹਿਮਤ ਨਹੀਂ ਹੋਵੇਗਾ। ਉਨ੍ਹਾਂ ਟਰੰਪ ਦੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੇ ਬਿਆਨ ਦੀ ਨਿਖੇਧੀ ਕੀਤੀ ਅਤੇ ਕਿਹਾ ਕਿ ਇਹ ਕੈਨੇਡਾ ਦੀ ਖੁਦਮੁਖਤਿਆਰੀ ਨੂੰ ਧਮਕੀ ਹੈ। ਲੇਖ 'ਚ ਉਨ੍ਹਾਂ ਕਿਹਾ, "ਜੇ ਤੁਹਾਨੂੰ ਜਾਪਦਾ ਹੈ ਕਿ ਧਮਕੀਆਂ ਅਤੇ ਅਪਮਾਨ ਕਰਨ ਨਾਲ ਤੁਸੀਂ ਸਾਡੇ 'ਤੇ ਜਿੱਤ ਹਾਸਲ ਕਰ ਲਵੋਗੇ ਤਾਂ ਫਿਰ ਤੁਸੀਂ ਗਲਤਫਹਿਮੀ 'ਚ ਹੋ। ਅਸੀਂ ਸਹਿਜ ਅਤੇ ਸ਼ਾਂਤ ਸੁਭਾਅ ਦੇ ਦਿਖਾਈ ਦੇ ਸਕਦੇ ਹਾਂ ਪਰ ਤੁਸੀਂ ਕੋਈ ਗਲਤੀ ਨਾ ਕਰਨਾ ਕਿਉਂਕਿ ਸਾਡੇ ਕੋਲ ਅੜਨ ਅਤੇ ਖੜ੍ਹਨ ਦੀ ਤਾਕਤ ਹੈ।" ਟਰੰਪ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਧਮਕੀ ਦਿੱਤੀ ਹੈ ਕਿ ਜੇ ਉਨ੍ਹਾਂ ਸਰਹੱਦ ਪਾਰ ਤੋਂ ਨਸ਼ਿਆਂ ਅਤੇ ਪ੍ਰਵਾਸੀਆਂ ਦੀ ਆਮਦ 'ਤੇ ਰੋਕ ਨਾ ਲਾਈ ਤਾਂ ਉਹ ਮੁਲਕ 'ਤੇ 25 ਫ਼ੀਸਦੀ ਵਾਧੂ ਟੈਕਸ ਲਗਾਉਣਗੇ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਟਰੰਪ ਦੀ ਧਮਕੀ ਤੋਂ ਬਾਅਦ ਟਰੂਡੋ ਵੱਲੋਂ ਅਮਰੀਕੀ ਖਪਤਕਾਰਾਂ ਨੂੰ ਅਪੀਲ

**ਟੋਰਾਂਟੋ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੇ ਮਹੀਨੇ ਕੈਨੇਡਾ 'ਤੇ ਭਾਰੀ ਟੈਰਿਫ ਲਗਾਉਣ ਅਤੇ ਇਸਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੀ ਗੱਲ ਕੀਤੀ ਸੀ। ਇਸ 'ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡਾ ਨੂੰ 51ਵਾਂ ਰਾਜ ਬਣਾਉਣ ਬਾਰੇ ਟਰੰਪ ਦੀ ਟਿੱਪਣੀ ਨੇ ਅਮਰੀਕੀ ਖਪਤਕਾਰਾਂ ਦਾ ਧਿਆਨ ਭਾਰੀ ਟੈਰਿਫਾਂ ਕਾਰਨ ਹੋਣ ਵਾਲੇ ਨੁਕਸਾਨ ਤੋਂ ਹਟਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਖਪਤਕਾਰਾਂ ਨੂੰ ਉੱਚ ਟੈਰਿਫਾਂ ਕਾਰਨ ਹੋਣ ਵਾਲੇ ਨੁਕਸਾਨ 'ਤੇ ਵਿਚਾਰ ਕਰਨਾ ਚਾਹੀਦਾ ਹੈ। ਟਰੰਪ ਕੈਨੇਡਾ ਤੋਂ ਵੱਡੇ ਪੱਧਰ 'ਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਨਸ਼ਿਆਂ ਦੀ ਆਮਦ ਬਾਰੇ ਚਿੰਤਤ ਹਨ। ਜਵਾਬ ਵਿਚ ਟਰੂਡੋ ਨੇ ਕਿਹਾ ਕਿ ਇੱਕ ਪ੍ਰਤੀਸ਼ਤ ਤੋਂ ਵੀ ਘੱਟ ਗੈਰ-ਕਾਨੂੰਨੀ ਪ੍ਰਵਾਸੀ ਅਤੇ ਨਸ਼ੀਲੇ ਪਦਾਰਥ ਕੈਨੇਡਾ ਤੋਂ ਅਮਰੀਕਾ ਵਿਚ ਦਾਖਲ ਹੁੰਦੇ ਹਨ।

# ਚੰਦਰ ਆਰੀਆ ਪ੍ਰਧਾਨ ਮੰਤਰੀ ਦੀ ਦੌੜ 'ਚ



**ਓਟਵਾ, (ਪੰਜਾਬ ਮੇਲ) -** ਕੈਨੇਡਾ ਦੇ ਭਾਰਤੀ ਮੂਲ ਦੇ ਸੰਸਦ ਮੈਂਬਰ ਚੰਦਰ ਆਰੀਆ ਨੇ ਐਲਾਨ ਕੀਤਾ ਹੈ ਕਿ ਉਹ ਵੀ ਲਿਬਰਲ ਪਾਰਟੀ ਦੇ ਨੇਤਾ ਦੇ ਅਹੁਦੇ ਦੀ ਦੌੜ ਵਿਚ ਸ਼ਾਮਲ ਹੋਣਗੇ। ਉਨ੍ਹਾਂ ਵੱਲੋਂ ਦੇਸ਼ ਨੂੰ ਇਕ ਪ੍ਰਭੂਸੱਤਾ ਸੰਪੰਨ ਗਣਰਾਜ ਬਣਾਉਣ, ਸੇਵਾਮੁਕਤੀ ਦੇ ਲਾਭ ਵਧਾਉਣ, ਇਕ ਨਾਗਰਿਕਤਾ ਆਧਾਰਤ ਟੈਕਸ ਪ੍ਰਣਾਲੀ ਅਮਲ ਵਿਚ ਲਿਆਉਣ ਅਤੇ ਫਲਸਤੀਨ ਨੂੰ ਵੱਖਰੇ ਮੁਲਕ ਵਜੋਂ ਮਾਨਤਾ ਦੇਣ ਆਦਿ ਵਾਅਦਿਆਂ ਨਾਲ ਚੋਣ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਕਰਨਾਟਕ ਵਿਚ ਜਨਮੇ ਓਟਵਾ ਦੇ ਸੰਸਦ ਮੈਂਬਰ ਚੰਦਰ ਆਰੀਆ ਵੱਲੋਂ ਇਹ ਐਲਾਨ ਵੀਰਵਾਰ ਸਵੇਰ 'ਐਕਸ' 'ਤੇ ਕੀਤਾ ਗਿਆ। ਆਰੀਆ ਨੇ ਇਕ ਬਿਆਨ ਜਾਰੀ ਕਰਕੇ ਕਿਹਾ ਕਿ ਉਹ ਕੈਨੇਡਾ ਨੂੰ ਇਕ ਪ੍ਰਭੂਸੱਤਾ ਸੰਪੰਨ ਦੇਸ਼ ਬਣਾਉਣਾ ਚਾਹੁੰਦੇ ਹਨ, ਇਸ ਵਾਸਤੇ ਰਾਜਸ਼ਾਹੀ ਦੇ ਹੱਥ ਦੇਸ਼ ਦੀ ਵਾਗਡੋਰ ਦੇਣੀ ਬੰਦ ਕਰਨੀ ਪਵੇਗੀ।

# ਕੈਨੇਡਾ ਦੀਆਂ 3 ਪੰਜਾਬਣ ਖਿਡਾਰਨਾਂ ਚੈੱਕ ਰਿਪਬਲਿਕ 'ਚ ਖੇਡਣਗੀਆਂ ਹਾਕੀ



**ਐਬਟਸਫੋਰਡ, (ਪੰਜਾਬ ਮੇਲ)-** ਕੈਨੇਡਾ ਦੀ ਪ੍ਰਮੁੱਖ ਖੇਡ ਸੰਸਥਾ 'ਫੀਲਡ ਹਾਕੀ ਕੈਨੇਡਾ' ਵੱਲੋਂ 13 ਤੋਂ 21 ਅਪ੍ਰੈਲ 2025 'ਚ ਯੂਰਪੀਅਨ ਦੇਸ਼ ਚੈੱਕ ਰਿਪਬਲਿਕ ਦੀ ਰਾਜਧਾਨੀ ਪਰਾਗ ਨੇੜਲੇ ਸ਼ਹਿਰ ਹਰਾਡਕ ਕਰਾਅਲੋਵ ਵਿਖੇ ਹੋ ਰਹੇ ਅੰਡਰ-16 ਲੜਕੀਆਂ ਦੇ ਅੰਤਰਰਾਸ਼ਟਰੀ ਫੀਲਡ ਹਾਕੀ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੀ ਜੂਨੀਅਰ ਟੀਮ ਦਾ ਐਲਾਨ ਕਰ ਦਿੱਤਾ ਹੈ। ਕੈਨੇਡਾ ਦੀ 19 ਮੈਂਬਰੀ ਲੜਕੀਆਂ ਦੀ ਜੂਨੀਅਰ ਹਾਕੀ ਟੀਮ ਵਿਚ ਤਿੰਨ ਪੰਜਾਬਣ ਖਿਡਾਰਨਾਂ ਅਵਨਾਜ਼ ਕੌਰ ਭੁੱਲਰ, ਜੈਸਮੀਨ ਰਾਏ ਤੇ ਨਿਸ਼ਾ ਬਚਰਾ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਟਾਈਗਰਜ਼ ਕਲੱਬ ਦੀ ਖਿਡਾਰਨ ਤੇ ਫਲੀਟਵੁੱਡ ਪਾਰਕ ਸੈਕੰਡਰੀ ਸਕੂਲ ਦੀ ਵਿਦਿਆਰਥਣ ਅਵਨਾਜ਼ ਕੌਰ ਭੁੱਲਰ ਫਾਰਵਰਡ ਤੇ ਮਿਡਫੀਲਡ ਦੀ ਪੁਜ਼ੀਸ਼ਨ 'ਤੇ ਹਾਕੀ ਖੇਡਦੀ ਹੈ, ਜਦਕਿ ਓ.ਕੇ.ਡੀ. ਕਲੱਬ ਦੀ ਖਿਡਾਰਨ ਜੈਸਮੀਨ ਰਾਏ ਡਿਫੈਂਸ ਪੁਜ਼ੀਸ਼ਨ 'ਤੇ ਖੇਡਦੀ ਹੈ। ਫਲੀਟਵੁੱਡ ਪਾਰਕ ਸੈਕੰਡਰੀ ਸਕੂਲ ਦੀ ਵਿਦਿਆਰਥਣ ਤੇ ਇੰਡੀਆ ਕਲੱਬ ਦੀ ਖਿਡਾਰਨ ਨਿਸ਼ਾ ਬਚਰਾ 'ਫਾਰਵਰਡ' ਪੁਜ਼ੀਸ਼ਨ 'ਤੇ ਹਾਕੀ ਖੇਡਦੀ ਹੈ। ਇਸ ਤੋਂ ਪਹਿਲਾਂ ਅਵਨਾਜ਼ ਤੇ ਨਿਸ਼ਾ ਬ੍ਰਿਟਿਸ਼ ਕੋਲੰਬੀਆ ਦੀ ਅੰਡਰ-16 ਲੜਕੀਆਂ ਦੀ ਸੂਬਾਈ ਜੂਨੀਅਰ ਫੀਲਡ ਹਾਕੀ ਟੀਮ ਵਿਚ ਖੇਡ ਚੁੱਕੀਆਂ ਹਨ।






# ਬਾਦਲ ਪਰਿਵਾਰ ਆਪਣੇ ਹੱਥ ਰੱਖਣਾ ਚਾਹੁੰਦੈ ਅਕਾਲੀ ਦਲ ਦੀ ਵਾਗਡੋਰ !

**ਅੰਮ੍ਰਿਤਸਰ, (ਪੰਜਾਬ ਮੇਲ)-** ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਮਨਜ਼ੂਰ ਹੋਣ ਦੇ ਨਾਲ ਹੀ ਜਿਥੇ ਇਕ ਨਵੇਂ ਅਕਾਲੀ ਦਲ ਦੇ ਗਠਨ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਕੀਤੀ ਗਈ, ਉਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਗਠਿਤ 7 ਮੈਂਬਰੀ ਕਮੇਟੀ ਨੂੰ ਦਰਕਿਨਾਰ ਕਰ ਕੇ ਫਿਰ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕੀਤੀ ਗਈ, ਜਿਸ ਨੂੰ ਲੈ ਕੇ ਪੰਥਕ ਹਲਕਿਆਂ ਵਿਚ ਕਾਫੀ ਚਰਚਾ ਹੈ ਅਤੇ ਅਕਾਲੀ ਦਲ ਦੇ ਲਗਭਗ 70 ਪ੍ਰਤੀਸ਼ਤ ਮੈਂਬਰ ਇਸ ਦਾ ਵਿਰੋਧ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਬੀਤੇ ਦਿਨ ਚੰਡੀਗੜ੍ਹ ਵਿਖੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਹੋਈ, ਜਿਸ ਦੀ ਪ੍ਰਧਾਨਗੀ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਕੀਤੀ। ਪ੍ਰਧਾਨ ਦੇ ਅਹੁਦੇ ਲਈ ਚੋਣਾਂ 1 ਮਾਰਚ ਨੂੰ ਹੋਣਗੀਆਂ। ਗੁਲਜ਼ਾਰ ਸਿੰਘ ਰਣੀਕੇ ਨੂੰ ਮੁੱਖ ਚੋਣ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ ਅਤੇ ਮੈਂਬਰਸ਼ਿਪ ਮੁਹਿੰਮ 20 ਜਨਵਰੀ ਤੋਂ 20 ਫਰਵਰੀ ਤੱਕ ਸ਼ੁਰੂ ਕੀਤੀ ਜਾਵੇਗੀ, ਜਿਸ ਵਿਚ 25 ਲੱਖ ਮੈਂਬਰਸ਼ਿਪ ਦਾ ਟੀਚਾ ਰੱਖਿਆ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ 14 ਦਸੰਬਰ 1920 ਨੂੰ ਹੋਈ ਸੀ। ਇਸ ਤੋਂ ਬਾਅਦ ਪਾਰਟੀ ਦੇ 20 ਪ੍ਰਧਾਨ ਚੁਣੇ ਜਾ ਚੁੱਕੇ ਹਨ। ਹਾਲਾਂਕਿ, ਪ੍ਰਕਾਸ਼ ਸਿੰਘ ਬਾਦਲ 1995 ਵਿਚ ਪਾਰਟੀ ਦੀ ਵਾਗਡੋਰ




ਸੰਭਾਲਣ ਤੋਂ ਬਾਅਦ 2008 ਤੱਕ ਇਸ ਅਹੁਦੇ 'ਤੇ ਰਹੇ। ਇਸ ਤੋਂ ਬਾਅਦ ਸੁਖਬੀਰ ਬਾਦਲ ਨੂੰ ਪ੍ਰਧਾਨ ਬਣਾਇਆ ਗਿਆ। 16 ਨਵੰਬਰ, 2024 ਨੂੰ ਸੁਖਬੀਰ ਬਾਦਲ ਨੇ ਅਸਤੀਫਾ ਦੇ ਦਿੱਤਾ ਸੀ। ਹੁਣ 30 ਸਾਲਾਂ ਬਾਅਦ ਅਜਿਹਾ ਮੌਕਾ ਆਇਆ ਹੈ ਕਿ ਬਾਦਲ ਪਰਿਵਾਰ ਤੋਂ ਇਲਾਵਾ ਕੋਈ ਹੋਰ ਅਕਾਲੀ ਦਲ ਦਾ ਪ੍ਰਧਾਨ ਬਣ ਸਕਦਾ ਹੈ।

ਦੂਜੇ ਪਾਸੇ ਪੰਥਕ ਬੁੱਧੀਜੀਵੀਆਂ ਦਾ ਕਹਿਣਾ ਹੈ ਕਿ ਅਕਾਲੀ ਦਲ ਦਾ ਪ੍ਰਧਾਨ ਕੋਈ ਵੀ ਹੋਵੇ ਪਰ ਉਸ ਦੀ ਵਾਗਡੋਰ ਬਾਦਲ ਪਰਿਵਾਰ ਆਪਣੇ ਹੱਥਾਂ ਵਿਚ ਰੱਖਣਾ ਚਾਹੁੰਦਾ ਹੈ। ਇਸ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਕਮੇਟੀ ਨੂੰ ਪੂਰੀ ਤਰ੍ਹਾਂ ਅਣਗੌਲਿਆਂ ਕਰ ਕੇ ਆਪਣੇ ਚਹੇਤਿਆਂ ਨੂੰ ਬਾਦਲ ਪਰਿਵਾਰ ਵਲੋਂ ਮੈਂਬਰਸ਼ਿਪ ਦਾ ਕੰਮ ਸੌਂਪਿਆ ਗਿਆ ਹੈ।

ਪੰਥਕ ਸੂਤਰਾਂ ਅਨੁਸਾਰ ਬਾਦਲ ਪਰਿਵਾਰ ਪਿਛਲੇ 30 ਸਾਲਾਂ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰਦਾ ਰਿਹਾ ਹੈ। ਇਸ ਦੀ ਇਕ ਉਦਾਹਰਣ 1988 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਰਣਜੀਤ ਸਿੰਘ ਵਲੋਂ ਪੰਥਕ ਏਕਤਾ ਦਾ ਜਦੋਂ ਹੁਕਮ ਦਿੱਤਾ ਗਿਆ, ਤਾਂ ਬਾਦਲ ਪਰਿਵਾਰ ਵਲੋਂ ਇਸ ਨੂੰ ਮੰਨਣ ਤੋਂ ਸਾਫ ਇਨਕਾਰ ਕਰ ਦਿੱਤਾ ਗਿਆ। ਇਸੇ ਤਰ੍ਹਾਂ ਹੀ ਬਾਦਲ ਦਲ ਹਮੇਸ਼ਾ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ 'ਤੇ ਦਬਾਅ ਬਣਾਉਂਦਾ ਰਿਹਾ ਅਤੇ ਆਪਣੇ ਹੁਕਮ ਮੰਨਵਾਉਂਦਾ ਰਿਹਾ।


ਪੰਥਕ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਸਿੱਖ ਭਾਈਚਾਰੇ ਵਿਚ ਇਸ ਸਬੰਧੀ ਬਹੁਤ ਰੋਸ ਹੈ ਅਤੇ ਸੁਖਬੀਰ ਸਿੰਘ ਬਾਦਲ 'ਤੇ 4 ਦਸੰਬਰ ਨੂੰ ਹੋਇਆ ਹਮਲਾ ਅਤੇ ਉਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਲ ਦੌਰਾਨ ਉਨ੍ਹਾਂ 'ਤੇ ਹੋਏ ਹਮਲੇ ਇਸੇ ਰੋਸ ਦਾ ਨਤੀਜਾ ਹਨ।

ਦੂਜੇ ਪਾਸੇ, ਭਾਜਪਾ ਦੇ ਸਿੱਖ ਆਗੂ ਅਤੇ ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਅਕਾਲੀ ਦਲ ਬਾਦਲ ਦੀ ਲੀਡਰਸ਼ਿਪ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਟਕਰਾਅ ਦਾ ਫੈਸਲਾ ਕਰ ਲਿਆ ਹੈ ਅਤੇ ਪਵਿੱਤਰ ਤਖ਼ਤ ਸਾਹਿਬ ਨੂੰ ਨੀਵਾਂ ਦਿਖਾਉਣ ਦੀ ਹਿੰਮਤ ਕੀਤੀ ਹੈ।

ਪ੍ਰੋ. ਸਰਚੰਦ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਅਣਗੌਲਿਆਂ ਕਰਨ ਵਾਲੇ ਅਤੇ ਪੰਥ ਤੋਂ ਮੂੰਹ ਮੋੜਨ ਵਾਲੇ ਮੁਕਤਸਰ ਦੀ ਪਵਿੱਤਰ ਧਰਤੀ 'ਤੇ ਕਿਵੇਂ ਇਕੱਠੇ ਹੋ ਸਕਦੇ ਹਨ ਅਤੇ ਆਪਣੀ ਸ਼ਕਤੀ ਪ੍ਰਦਰਸ਼ਨ ਕਿਵੇਂ ਕਰਨਗੇ, ਜਿੱਥੇ ਜਥੇਦਾਰ ਭਾਈ ਮਹਾ ਸਿੰਘ ਨੇ ਆਪਣੇ ਅਤੇ ਆਪਣੇ ਸਾਥੀਆਂ ਦੀ ਗਲਤੀ ਨੂੰ ਲੈ ਕੇ ਦਸਵੇਂ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਮੁਆਫ਼ੀ ਮੰਗੀ ਅਤੇ ਬੇਦਾਵਾ ਪਾੜ ਕੇ ਗੁਰੂ ਤੋਂ ਟੁੱਟੀ ਗੰਢੀ ਜੋੜਨ ਦਾ ਪਵਿੱਤਰ ਕਾਰਜ ਕੀਤਾ ਸੀ।

# ਜਲੰਧਰ ਨੂੰ ਮਿਲਿਆ 7ਵਾਂ ਨਵਾਂ ਮੇਅਰ

**■ ਵਿਨੀਤ ਧੀਰ ਦੇ ਹੱਥ ਆਈ ਨਿਗਮ ਦੀ ਕਮਾਨ**



**ਜਲੰਧਰ, (ਪੰਜਾਬ ਮੇਲ)-** ਜਲੰਧਰ ਨਗਰ ਨਿਗਮ ਦੀਆਂ ਚੋਣਾਂ ਦੇ ਲਗਭਗ 20 ਦਿਨਾਂ ਬਾਅਦ ਸ਼ਹਿਰ ਨੂੰ 7ਵਾਂ ਅਤੇ ਨਵਾਂ ਮੇਅਰ ਮਿਲ ਗਿਆ ਹੈ। ਵਿਨੀਤ ਧੀਰ ਨੂੰ ਸਰਬਸੰਮਤੀ ਨਾਲ ਜਲੰਧਰ ਨਗਰ ਨਿਗਮ ਦਾ ਮੇਅਰ ਚੁਣਿਆ ਗਿਆ ਹੈ। ਇਸ ਦੇ ਨਾਲ ਹੀ ਬਲਬੀਰ ਸਿੰਘ ਬਿੱਟੂ ਢਿੱਲੋਂ ਨੂੰ ਸੀਨੀਅਰ ਡਿਪਟੀ ਮੇਅਰ ਨਿਯੁਕਤ ਕੀਤਾ ਗਿਆ ਹੈ ਅਤੇ ਮਲਕੀਤ ਸਿੰਘ ਸਰਪੰਚ ਨੂੰ ਡਿਪਟੀ ਮੇਅਰ ਬਣਾਇਆ ਗਿਆ ਹੈ।

ਮੇਅਰ ਦੀ ਚੋਣ ਸਥਾਨਕ ਰੈੱਡ ਕਰਾਸ ਭਵਨ 'ਚ ਕੌਂਸਲਰ ਹਾਊਸ ਦੀ ਪਹਿਲੀ ਮੀਟਿੰਗ ਦੌਰਾਨ ਕੀਤੀ ਗਈ। ਮੀਟਿੰਗ ਨੂੰ ਲੈ ਕੇ ਸਖ਼ਤ ਸੁਰੱਖਿਆ ਪ੍ਰਬੰਧਾਂ 'ਚ ਕੀਤੀ ਗਈ। ਆਮ ਆਦਮੀ ਪਾਰਟੀ ਵੱਲੋਂ ਵਾਰਡ ਨੰਬਰ-62 ਤੋਂ ਕੌਂਸਲਰ ਚੁਣੇ ਗਏ ਵਿਨੀਤ ਧੀਰ ਨੂੰ ਸ਼ਹਿਰ ਦਾ ਮੇਅਰ ਬਣਾਇਆ ਹੈ। ਬਿੱਟੂ ਵਾਰਡ ਨੰਬਰ-10 ਤੋਂ ਕੌਂਸਲਰ ਹਨ। ਇਸ ਤੋਂ ਇਲਾਵਾ ਵਾਰਡ ਨੰਬਰ 38 ਤੋਂ ਕੌਂਸਲਰ ਮਲਕੀਤ ਸਿੰਘ ਨੂੰ ਡਿਪਟੀ ਮੇਅਰ ਬਣਾਇਆ ਗਿਆ ਹੈ। ਸਦਨ ਦੀ ਮੀਟਿੰਗ ਵਿਚ ਤਿੰਨਾਂ ਆਗੂਆਂ ਵਿਚ ਸਹਿਮਤੀ ਬਣ ਗਈ ਹੈ।

ਸ਼ਹਿਰ ਵਿਚ ਕੁੱਲ੍ਹ 85 ਵਾਰਡ ਹਨ, ਜਿਸ ਵਿਚੋਂ ਆਮ ਆਦਮੀ ਪਾਰਟੀ ਆਪਣੇ ਦਮ 'ਤੇ ਸਿਰਫ਼ 38 ਸੀਟਾਂ ਹੀ ਜਿੱਤ ਸਕੀ ਪਰ ਬਹੁਮਤ ਲਈ 'ਆਪ' ਨੂੰ ਕੁੱਲ੍ਹ 43 ਕੌਂਸਲਰਾਂ ਦੀ ਲੋੜ ਸੀ। ਜਿਸ ਤੋਂ ਬਾਅਦ ਕਈ ਕੌਂਸਲਰ ਕਾਂਗਰਸ ਅਤੇ ਭਾਜਪਾ ਛੱਡ ਕੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। ਇਸ ਤੋਂ ਇਲਾਵਾ, 2 ਆਜ਼ਾਦ ਕੌਂਸਲਰਾਂ ਨੇ 'ਆਪ' ਨੂੰ ਆਪਣਾ ਸਮਰਥਨ ਦਿੱਤਾ ਸੀ। ਹੁਣ ਕੁੱਲ੍ਹ 46 ਵੋਟਾਂ ਪ੍ਰਾਪਤ ਕਰਨ ਤੋਂ ਬਾਅਦ, ਆਮ ਆਦਮੀ ਪਾਰਟੀ ਨੇ ਜਲੰਧਰ ਨਗਰ ਨਿਗਮ 'ਤੇ ਕਬਜ਼ਾ ਕਰ ਲਿਆ ਹੈ।

ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਨਿਗਮ ਨੇ ਸਾਰੀਆਂ ਤਿਆਰੀਆਂ ਨੂੰ ਅੰਜਾਮ ਦੇ ਦਿੱਤਾ ਹੈ। ਮੇਅਰ ਦੀ ਚੋਣ ਸਬੰਧੀ ਸਮਾਰੋਹ ਸਖ਼ਤ ਪ੍ਰਬੰਧਾਂ ਵਿਚਕਾਰ ਹੋਇਆ, ਜਿਸ ਲਈ ਰੈੱਡ ਕਰਾਸ ਭਵਨ ਦੇ ਆਲੇ-ਦੁਆਲੇ ਭਾਰੀ ਪੁਲਿਸ ਫੋਰਸ ਤਾਇਨਾਤ ਕੀਤੀ ਗਈ। ਸੂਤਰਾਂ ਤੋਂ ਪਤਾ ਲੱਗਾ ਕਿ ਮੀਡੀਆ ਨੂੰ ਵੀ ਹਾਲ ਦੇ ਅੰਦਰ ਜਾਣ ਦੀ ਇਜਾਜ਼ਤ ਨਹੀਂ ਸੀ ਅਤੇ ਮੀਡੀਆ ਕਰਮਚਾਰੀਆਂ ਲਈ ਬਾਹਰ ਟੈਂਟ ਲਾ ਕੇ ਅਤੇ ਵੱਡੀ ਸਕ੍ਰੀਨ ਜ਼ਰੀਏ ਪੂਰੀ ਪ੍ਰਕਿਰਿਆ ਵਿਖਾਈ ਜਾਵੇਗੀ। ਕੌਂਸਲਰ ਪਤੀਆਂ ਅਤੇ ਹੋਰਨਾਂ ਪਰਿਵਾਰਕ ਮੈਂਬਰਾਂ ਲਈ ਵੀ ਬਾਹਰ ਹੀ ਬੈਠਣ ਦਾ ਪ੍ਰਬੰਧ ਕੀਤਾ ਗਿਆ।

# ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਸਬੰਧੀ ਪ੍ਰਕਾਸ਼ਿਤ ਮੁੱਢਲੀਆਂ ਸੂਚੀਆਂ ਦੋਸ਼ ਪੂਰਣ : ਐਡਵੋਕੇਟ ਧਾਮੀ

**■ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਗੁਰਦੁਆਰਾ ਚੋਣ ਕਮਿਸ਼ਨਰ ਨੂੰ ਲਿਖਿਆ ਪੱਤਰ**

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ



ਧਾਮੀ ਨੇ ਗੁਰਦੁਆਰਾ ਚੋਣ ਕਮਿਸ਼ਨਰ ਜਸਟਿਸ ਐੱਸ.ਐੱਸ. ਸਾਰੋਂ ਨੂੰ ਪੱਤਰ ਲਿਖ ਕੇ ਕਮਿਸ਼ਨ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਸਬੰਧੀ ਪ੍ਰਕਾਸ਼ਿਤ ਮੁੱਢਲੀ ਸੂਚੀਆਂ ਦੇ ਸਬੰਧ ਵਿਚ ਇਤਰਾਜ਼ ਦਰਜ ਕਰਵਾਏ ਹਨ। ਉਨ੍ਹਾਂ ਕਿਹਾ ਕਿ ਪ੍ਰਕਾਸ਼ਿਤ ਕੀਤੀ ਗਈਆਂ ਸੂਚੀਆਂ ਵਿਚ ਕਈ ਗ਼ੈਰ ਸਿੱਖਾਂ ਦੇ ਨਾਮ ਸਾਹਮਣੇ ਆ ਰਹੇ ਹਨ, ਜਿਨ੍ਹਾਂ ਦੇ ਨਾਵਾਂ ਨਾਲ ਸਿੰਘ ਅਤੇ ਕੌਰ ਵੀ ਸ਼ਾਮਲ ਨਹੀਂ ਹੈ। ਇਸ ਤੋਂ ਇਲਾਵਾ ਸੂਚੀਆਂ ਵਿਚ ਵੋਟਰਾਂ ਦੀ ਸ਼ਨਾਖਤ ਲਈ ਪਛਾਣ ਦਰਸਾਉਂਦੀਆਂ ਫੋਟੋਆਂ ਵੀ ਸ਼ਾਮਲ ਨਹੀਂ ਕੀਤੀਆਂ ਗਈਆਂ। ਪ੍ਰਕਾਸ਼ਿਤ ਕੀਤੀਆਂ ਸੂਚੀਆਂ ਹਾਸਲ ਕਰਨ ਵਿਚ ਵੀ ਸਿੱਖ ਸੰਗਤ ਨੂੰ ਵੱਡੀਆਂ ਪ੍ਰੇਸ਼ਾਨੀਆਂ ਆ ਰਹੀਆਂ ਹਨ।

ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਚੱਲ ਰਹੀ ਪ੍ਰਕਿਰਿਆ ਤਹਿਤ ਸਹੀ ਤਰੀਕੇ ਨਾਲ ਇਤਰਾਜ਼ ਦਰਜ ਕਰਵਾਉਣੇ ਸੰਭਵ ਨਹੀਂ ਹਨ ਅਤੇ ਇਸ ਸਭ ਤੋਂ ਪੰਜਾਬ ਸਰਕਾਰ ਦੀ ਮਨਮਰਜ਼ੀ ਸਪੱਸ਼ਟ ਹੋ ਰਹੀ ਹੈ, ਜਿਸ ਸਬੰਧੀ ਸ਼੍ਰੋਮਣੀ ਕਮੇਟੀ ਪਹਿਲਾਂ ਹੀ ਖ਼ਦਸ਼ੇ ਪ੍ਰਗਟ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇੰਝ ਜਾਪਦਾ ਹੈ ਕਿ ਬਿਨਾਂ ਫੋਟੋਆਂ ਵਾਲੀਆਂ ਸੂਚੀਆਂ ਵੋਟਰਾਂ ਵੱਲੋਂ ਫੋਟੋ ਸਮੇਤ ਜਮ੍ਹਾਂ ਕਰਵਾਏ ਗਏ ਫਾਰਮਾਂ ਦੀ ਥਾਂ ਬੂਥ ਪੱਧਰ ਉੱਤੇ ਤਾਇਨਾਤ ਬੀ.ਐੱਲ.ਓ. ਵੱਲੋਂ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਸਬੰਧੀ ਸੂਚੀਆਂ ਵਿਚੋਂ ਚੁੱਕ ਕੇ ਤਿਆਰ ਕੀਤੀਆਂ ਗਈਆਂ ਹੋਣ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਬਿਹਤਰ ਪ੍ਰਬੰਧਕੀ ਵਿਵਸਥਾ ਲਈ ਇਹ ਜ਼ਰੂਰੀ ਹੈ ਕਿ ਇਸ ਸੰਸਥਾ ਦੇ ਮੈਂਬਰ ਚੁਣਨ ਲਈ ਵੋਟਰ ਵੀ ਨਿਯਮਾਂ ਅਨੁਸਾਰ ਯੋਗ ਤਰੀਕੇ ਨਾਲ ਹੀ ਰਜਿਸਟਰ ਕੀਤੇ ਜਾਣ। ਲਿਖੇ ਪੱਤਰ ਵਿਚ ਐਡਵੋਕੇਟ ਧਾਮੀ ਨੇ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਪਾਸੋਂ ਮੰਗ ਕੀਤੀ ਹੈ ਕਿ ਵੋਟਰ ਸੂਚੀਆਂ ਦੀ ਆਨਲਾਈਨ ਅਤੇ ਬਣਾਏ ਗਏ ਕੇਂਦਰਾਂ ਉੱਤੇ ਉਪਲੱਬਧਤਾ ਯਕੀਨੀ ਬਣਾਈ ਜਾਵੇ। ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਵੋਟਰ ਰਜਿਸਟ੍ਰੇਸ਼ਨ ਪ੍ਰਕਿਰਿਆ ਸਮੇਂ ਫ਼ੋਟੋਆਂ ਸਮੇਤ ਫਾਰਮ ਜਮ੍ਹਾਂ ਕਰਵਾਉਣ ਦੀਆਂ ਹਦਾਇਤਾਂ ਦੇ ਮੱਦੇਨਜ਼ਰ ਸੂਚੀਆਂ ਵੋਟਰਾਂ ਦੀਆਂ ਫੋਟੋਆਂ ਸਮੇਤ ਪ੍ਰਕਾਸ਼ਿਤ ਕੀਤੀਆਂ ਜਾਣ, ਤਾਂ ਤੋ ਪਤਾ ਲੱਗ ਸਕੇ ਕਿ ਵੋਟਰ ਬਣਨ ਵਾਲਾ ਵਿਅਕਤੀ ਸਾਬਤ ਸੂਰਤ/ਕੇਸਾਧਾਰੀ ਸਿੱਖ ਹੈ। ਉਨ੍ਹਾਂ ਗ਼ੈਰ-ਸਿੱਖਾਂ ਦੇ ਸ਼ਾਮਲ ਨਾਮ ਖਾਰਜ ਕਰਨ ਦੇ ਆਦੇਸ਼ ਜਾਰੀ ਕਰਨ ਦੀ ਵੀ ਮੰਗ ਕੀਤੀ।






ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਦਿੱਲੀ ਵਿਧਾਨ ਸਭਾ ਚੋਣਾਂ - ਰਾਜ ਮਹਿਲ ਬਨਾਮ ਸ਼ੀਸ਼ ਮਹਿਲ





ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ, ਦੇਸ਼ ਦੀ ਰਾਜਧਾਨੀ ਦਿੱਲੀ ਸਥਿਤ ਨਿਵਾਸ, ਚਰਚਾ ਵਿਚ ਹਨ। ਚਰਚਾ ਵਿਚ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਵੀ ਹਨ। ਇਹ ਚੋਣਾਂ ਦਿੱਲੀ ਵਿਧਾਨ ਸਭਾ ਦੀ ਸਥਾਪਨਾ ਤੋਂ ਬਾਅਦ ਸਤਵੀਂ ਵਾਰ ਹੋ ਰਹੀਆਂ ਹਨ।

ਚੋਣ ਪ੍ਰਚਾਰ, ਕੂੜ ਪ੍ਰਚਾਰ, 5 ਫਰਵਰੀ 2025 ਦੀਆਂ ਚੋਣਾਂ ਲਈ ਇਸ ਕਦਰ ਵਧ ਚੁੱਕਾ ਹੈ ਕਿ ਭਾਜਪਾ ਕਹਿ ਰਹੀ ਹੈ ਕਿ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਸ਼ੀਸ਼ ਮਹਿਲ ਨਿਵਾਸ 'ਚ ਸੋਨੇ ਦਾ ਟਾਇਲਟ ਲੱਗਿਆ ਹੋਇਆ ਹੈ। ਅਤੇ ਆਪ ਆਗੂ ਸੰਜੇ ਸਿੰਘ ਕਹਿ ਰਹੇ ਹਨ ਕਿ ਪ੍ਰਧਾਨ ਮੰਤਰੀ ਮੋਦੀ ਦੇ 2700 ਕਰੋੜ 'ਚ ਜੋ ਰਾਜ ਮਹਿਲ ਬਣਿਆ ਹੈ, ਉਸ 'ਚ 300 ਕਰੋੜ ਦੀ ਕਲੀਨ ਵਿਛੀ ਹੈ। 10-10 ਲੱਖ ਦੇ ਪੈੱਨ, 6700 ਜੋੜੀ ਜੁੱਤੇ ਹਨ, 12-12 ਕਰੋੜ ਦੀਆਂ ਗੱਡੀਆਂ, 5000 ਸੂਟ, 200 ਕਰੋੜ ਦੇ ਝੂਮਰ ਹਨ। ਭਾਜਪਾ ਅਤੇ ਵਿਚਲੀ ਇਹ ਸ਼ਬਦੀ ਜੰਗ ਇਸ ਗੱਲ ਦਾ ਸੰਕੇਤ ਹੈ ਕਿ ਦੋਵੇਂ ਮੁੱਖ ਧਿਰਾਂ ਕਿਸੇ ਵੀ ਹਾਲਤ ਵਿਚ ਦਿੱਲੀ 'ਤੇ ਕਾਬਜ਼ ਹੋਣਾ ਚਾਹੁੰਦੀਆਂ ਹਨ। ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ 'ਆਪ' ਕਨਵੀਨਰ ਸਾਬਕਾ ਮੁੱਖ ਮੰਤਰੀ ਦਿੱਲੀ ਅਰਵਿੰਦ ਕੇਜਰੀਵਾਲ ਦਾ 'ਅਕਸ' ਇਸ ਵਕਤ ਦਾਅ 'ਤੇ ਲੱਗਿਆ ਹੋਇਆ ਹੈ। ਪਰ ਇਸ ਸ਼ਕਤੀ ਹਥਿਆਉਣ ਦੀ ਜੰਗ ਵਿਚ ਲੋਕ ਮੁੱਦੇ ਗਾਇਬ ਹਨ।

70 ਮੈਂਬਰੀ ਵਿਧਾਨ ਸਭਾ ਲਈ ਮੁੱਖ ਮੁਕਾਬਲਾ ਭਾਵੇਂ ਆਪ, ਭਾਜਪਾ, ਕਾਂਗਰਸ ਦਰਮਿਆਨ ਹੈ, ਪਰ ਬਸਪਾ, ਸਪਾ ਆਦਿ ਹੋਰ ਛੋਟੀਆਂ ਸਿਆਸੀ ਪਾਰਟੀਆਂ ਵੀ ਆਪਣਾ ਰੰਗ ਵਿਖਾਉਣਗੀਆਂ। ਲਾਰਿਆਂ, ਵਾਅਦਿਆਂ, ਨੋਟਾਂ ਦੀ ਵਰਤੋਂ ਵੋਟਰਾਂ ਨੂੰ ਭਰਮਾਉਣ ਲਈ ਮੋਦੀ ਅਤੇ ਉਸਦੇ ਰਣਨੀਤੀਕਾਰ, ਕੇਜਰੀਵਾਲ ਅਤੇ ਉਸਦੇ ਪੈਰੋਕਾਰਾਂ ਵੱਲੋਂ ਵੱਡੇ ਜਾਲ ਵਿਛਾਏ ਜਾ ਰਹੇ ਹਨ।

ਦਿੱਲੀ ਦੇ ਵੋਟਰ ਸਦਾ ਅਚੰਭੇ ਕਰਨ ਲਈ ਜਾਣੇ ਜਾਂਦੇ ਹਨ। 2014 'ਚ ਭਾਜਪਾ ਨੂੰ ਦਿੱਲੀ ਦੇ ਵੋਟਰਾਂ ਨੇ ਪਾਰਲੀਮੈਂਟ ਵਿਚ ਵੱਡੀ ਜਿੱਤ ਦਿੱਤੀ ਅਤੇ ਸਾਲ ਦੇ ਵਿਚ-ਵਿਚ ਹੀ ਜਦੋਂ ਫਰਵਰੀ 2015 'ਚ ਵਿਧਾਨ ਸਭਾ ਚੋਣਾਂ ਹੋਈਆਂ, 'ਆਪ' ਨੇ ਭਾਜਪਾ ਨੂੰ ਕਰਾਰੀ ਹਾਰ ਦਿੱਤੀ। 2019 'ਚ ਭਾਜਪਾ ਪਾਰਲੀਮੈਂਟ ਚੋਣਾਂ ਦਿੱਲੀ 'ਚ ਫਿਰ ਜਿੱਤ ਗਈ, ਪਰ ਫਰਵਰੀ 2020 'ਚ ਫਿਰ ਆਪ ਕੋਲੋਂ ਵਿਧਾਨ ਸਭਾ ਚੋਣਾਂ 'ਚ ਬੁਰੀ ਤਰ੍ਹਾਂ ਹਾਰ ਗਈ। ਹੁਣ ਵੀ ਭਾਵੇਂ ਦਿੱਲੀ 'ਚ ਤਿਕੋਣੀ ਟੱਕਰ ਹੈ, ਪਰ ਮੁੱਖ ਮੁਕਾਬਲਾ ਭਾਜਪਾ ਅਤੇ ਆਪ ਵਿਚਕਾਰ ਹੈ।

ਵਿਧਾਨ ਸਭਾ ਚੋਣਾਂ ਸਾਲ-2020 ਵਿਚ 'ਆਪ' ਨੂੰ 53.6 ਫ਼ੀਸਦੀ ਅਤੇ ਬੀ.ਜੇ.ਪੀ. ਨੂੰ 38.5 ਫ਼ੀਸਦੀ ਵੋਟਾਂ ਮਿਲੀਆਂ। 2022 'ਚ ਦਿੱਲੀ ਮਿਊਂਸਪਲ ਕਾਰਪੋਰੇਸ਼ਨ ਚੋਣਾਂ 'ਚ ਭਾਜਪਾ 39 ਫ਼ੀਸਦੀ ਅਤੇ ਆਪ 42 ਫ਼ੀਸਦੀ ਵੋਟ ਪ੍ਰਾਪਤ ਕਰ ਗਈ। ਜਦਕਿ ਲੋਕ ਸਭਾ-2024 ਦੀਆਂ 7 ਸੀਟਾਂ ਦਿੱਲੀ ਵਿਚ ਭਾਜਪਾ ਹਥਿਆ ਗਈ। ਹਾਲਾਂਕਿ ਕਾਂਗਰਸ ਅਤੇ ਆਪ ਨੇ ਇੱਕਠਿਆਂ ਇਹ ਚੋਣਾਂ ਲੜੀਆਂ ਸਨ। ਫਰਵਰੀ 2025 ਦੀਆਂ ਵਿਧਾਨ ਸਭਾ ਚੋਣਾਂ 'ਚ ਮੁੜ ਆਪ ਅਤੇ ਕਾਂਗਰਸ ਇਕੱਲਿਆਂ ਹੀ ਚੋਣ ਲੜ ਰਹੀਆਂ ਹਨ।

ਰਾਜਧਾਨੀ ਦਿੱਲੀ 'ਚ ਪਹਿਲੀ ਵਾਰ 1993 ਵਿਧਾਨ ਸਭਾ ਬਣੀ। ਭਾਜਪਾ ਨੂੰ ਦਿੱਲੀ 'ਚ 27 ਸਾਲਾਂ ਤੋਂ ਸੱਤਾ ਦਾ ਇੰਤਜ਼ਾਰ ਹੈ। ਜਦਕਿ ਆਪ 10 ਸਾਲਾਂ ਤੋਂ ਲਗਾਤਾਰ ਸੱਤਾਧਾਰੀ ਹੈ, ਹਾਲਾਂਕਿ ਭਾਜਪਾ ਵੱਖੋ-ਵੱਖਰੇ ਹਥਕੰਡੇ ਵਰਤਕੇ 'ਆਪ' ਨੂੰ ਦਿੱਲੀ 'ਤੇ ਸਹੀ ਢੰਗ ਨਾਲ ਰਾਜ ਨਹੀਂ ਕਰਨ ਦੇ ਰਹੀ। ਭਾਜਪਾ ਵਲੋਂ ਹਰ ਹਰਬਾ ਵਰਤਕੇ 'ਆਪ' ਨੇਤਾਵਾਂ ਉਤੇ


ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA




ਨਿਰੰਤਰ ਕੇਸ ਦਰਜ ਕੀਤੇ, ਕਰਵਾਏ ਜਾ ਰਹੇ ਹਨ। 'ਆਪ' ਦੇ ਨੇਤਾਵਾਂ ਨੂੰ ਲਗਾਤਾਰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਦਿੱਲੀ 'ਚ ਆਪ ਕੋਲੋਂ ਰਾਜ-ਭਾਗ ਖੋਹਣ ਲਈ ਭਾਜਪਾ ਲਗਾਤਾਰ ਹਮਲਾਵਰ ਹੈ। ਰਾਜਧਾਨੀ ਦਿੱਲੀ ਨੂੰ ਸੱਤਾ ਖੋਹਣ ਦੇ ਢੰਗ-ਤਰੀਕਿਆਂ ਦੀ ਪ੍ਰਯੋਗਸ਼ਾਲਾ ਬਣਾ ਦਿੱਤਾ ਗਿਆ ਹੈ। ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਵਲੋਂ ਜਦੋਂ ਇਕ ਲੰਮੀ ਸੁਣਵਾਈ ਤੋਂ ਬਾਅਦ ਫ਼ੈਸਲਾ ਦਿੱਤਾ ਗਿਆ ਕਿ ਚੁਣੀ ਹੋਈ ਸਰਕਾਰ ਦੇ ਅਧਿਕਾਰਾਂ ਵਿਚ ਕਟੌਤੀ ਦਾ ਅਧਿਕਾਰ ਉਪ ਰਾਜਪਾਲ ਕੋਲ ਨਹੀਂ ਹੈ, ਤਾਂ ਭਾਜਪਾ ਦੀ ਕੇਂਦਰ ਸਰਕਾਰ ਨੇ ਨਵੇਂ ਨੋਟੀਫਿਕੇਸ਼ਨ ਜਾਰੀ ਕਰਕੇ ਇਹ ਯਕੀਨੀ ਬਣਾਇਆ ਕਿ ਕੇਜਰੀਵਾਲ ਦੀ ਸਰਕਾਰ ਆਪਣੀਆਂ ਘੋਸ਼ਿਤ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਨਾ ਕਰ ਸਕੇ। ਨਤੀਜਾ ਇਹ ਨਿਕਲਿਆ ਕਿ ਚੁਣੀ ਹੋਈ ਸਰਕਾਰ ਦੇ ਕੋਲ ਇਕ ਸੇਵਾਦਾਰ ਦੀ ਨਿਯੁਕਤੀ ਦੇ ਹੱਕ ਵੀ ਨਹੀਂ ਹਨ।

ਦਿੱਲੀ ਵਿਚ ਭਾਜਪਾ ਪਿਛਲੀਆਂ 6 ਚੋਣਾਂ ਤੋਂ ਆਪਣੀ ਸਰਕਾਰ ਨਹੀਂ ਬਣਾ ਸਕੀ। ਦਿੱਲੀ ਵਿਚ ਉਸ ਕੋਲ 30 ਤੋਂ 32 ਫ਼ੀਸਦੀ ਵੋਟਾਂ ਹਨ। ਇਸ ਸਮੇਂ ਦੌਰਾਨ ਆਪ ਜਾਂ ਕਾਂਗਰਸ ਨੇ ਜਦੋਂ ਵੀ ਜਿੱਤ ਪ੍ਰਾਪਤ ਕੀਤੀ, ਭਾਜਪਾ ਵੋਟ ਪ੍ਰਤੀਸ਼ਤ ਇਸ ਪ੍ਰਤੀਸ਼ਤ ਤੋਂ ਵੱਧ ਨਹੀਂ ਕਰ ਸਕੀ।

'ਆਪ' ਜਿਸ ਵਲੋਂ ਦਿੱਲੀ ਤੋਂ ਬਾਅਦ ਪੰਜਾਬ ਜਿੱਤਿਆ। ਹਰਿਆਣਾ, ਗੁਜਰਾਤ ਤੱਕ ਵੀ ਉਸ ਵਲੋਂ ਚੋਣਾਂ ਲੜੀਆਂ ਗਈਆਂ, ਪਰ ਇਸ ਵਾਰ ਉਸ ਲਈ ਦਿੱਲੀ ਚੋਣਾਂ ਸੌਖਿਆਂ ਜਿੱਤਣੀਆਂ ਸੰਭਵ ਨਹੀਂ, ਕਿਉਂਕਿ ਦਿੱਲੀ ਦਾ ਮੱਧ ਵਰਗ ਪੁੱਛ ਰਿਹਾ ਹੈ ਕਿ ਜੇਕਰ 'ਆਪ' ਨੂੰ ਦਿੱਲੀ 'ਚ ਬਹੁਮਤ ਦੇ ਦਿੱਤੀ ਅਤੇ ਰਾਜਪਾਲ ਨੇ ਉਸ ਨੂੰ ਫਿਰ ਵੀ ਕੰਮ ਨਾ ਕਰਨ ਦਿੱਤਾ, ਤਾਂ ਫਿਰ ਕੀ ਹੋਏਗਾ? ਕਿਉਂਕਿ ਦਿੱਲੀ ਦੀਆਂ ਸੜਕਾਂ ਖ਼ਰਾਬ ਹਨ। ਲਗਾਤਾਰ ਹਵਾ ਪ੍ਰਦੂਸ਼ਨ ਇਥੇ ਵੱਧ ਰਿਹਾ ਹੈ। ਕੀਤੇ ਹੋਏ ਵਾਅਦਿਆਂ ਮੁਤਾਬਕ ਨਾ ਦਿੱਲੀ 'ਚ ਨਵੇਂ ਹਸਪਤਾਲ ਬਣੇ ਹਨ ਅਤੇ ਨਾ ਹੀ ਕੂੜਾ-ਪ੍ਰਬੰਧਨ ਠੀਕ ਹੋ ਸਕਿਆ, ਨਾ ਠੀਕ ਢੰਗ ਨਾਲ ਪਾਣੀ ਦੀ ਉਪਲੱਬਧਤਾ ਹੋ ਸਕੀ ਹੈ।

ਦਿੱਲੀ ਵਾਲੇ ਵੋਟਰਾਂ ਦੀ ਇੱਕ ਵੱਖਰੀ ਪਛਾਣ ਅਤੇ ਖ਼ਾਸੀਅਤ ਹੈ। ਕੁਝ ਇੱਕੋ ਜਾਤ-ਬਰਾਦਰੀ ਵਾਲੇ ਪ੍ਰਵਾਸੀ ਹਨ, ਜਿਨ੍ਹਾਂ ਦੀਆਂ ਮੰਗਾਂ ਵੱਖਰੀਆਂ ਹਨ। ਕੁਝ ਮੱਧ ਵਰਗੀ ਲੋਕ ਹਨ। ਇੱਕ ਵੱਖਰੀ ਤਰ੍ਹਾਂ ਦੀ ਭੀੜ ਨੂੰ ਵੋਟਾਂ ਤੋਂ ਪਹਿਲਾਂ ਪਾਰਟੀਆਂ, ਵੱਖੋ-ਵੱਖਰੇ ਲਾਲਚ ਦੇਕੇ ਭਰਮਾਉਣ ਦਾ ਯਤਨ ਕਰਦੀਆਂ ਹਨ। ਕਿਧਰੇ ਬੇਟੀਆਂ, ਔਰਤਾਂ ਲਈ ਪੈਨਸ਼ਨ ਦਾ ਲਾਲਚ ਹੈ, ਕਿਧਰੇ ਬਜ਼ੁਰਗਾਂ ਲਈ ਮੁਫ਼ਤ ਬੀਮਾ ਯੋਜਨਾ। ਪਾਰਟੀਆਂ ਇੱਕ ਤੋਂ ਵੱਧ ਇੱਕ ਭਰਮਾਊ ਨਾਹਰਾ ਦਿੰਦੀਆਂ ਹਨ।

ਅਸਲ ਵਿਚ ਆਮ ਲੋਕਾਂ ਦੀ ਮੰਗ ਰੋਟੀ, ਕੱਪੜਾ, ਮਕਾਨ, ਸਿਹਤ ਸਹੂਲਤਾਂ, ਸਿੱਖਿਆ ਸਹੂਲਤਾਂ, ਰੁਜ਼ਗਾਰ, ਚੰਗਾ ਵਾਤਾਵਰਨ, ਬਣਨੀ ਚਾਹੀਦੀ ਹੈ। ਸਿਆਸੀ ਪਾਰਟੀਆਂ ਦੇ ਆਪਣੇ ਚੋਣ ਮੈਨੀਫੈਸਟੋ ਇਨ੍ਹਾਂ ਵਾਅਦਿਆਂ ਨਾਲ ਭਰੇ ਵੀ ਦਿੱਸਦੇ ਹਨ, ਪਰ ਇਹ ਚੋਣਾਂ ਜਿੱਤਣ ਤੋਂ ਬਾਅਦ ਧਰੇ-ਧਰਾਏ ਰਹਿ ਜਾਂਦੇ ਹਨ। ਇਹ ਸਾਰੇ ਵਾਅਦੇ ਦੇਸ਼ ਦੇ ਦਿਲ, ਦਿੱਲੀ 'ਤੇ ਰਾਜ ਕਰਨ ਲਈ ਕਾਂਗਰਸ ਦੀ ਮੁੱਖ ਮੰਤਰੀ ਬਣੀ ਸ਼ੀਲਾ ਦੀਕਸ਼ਤ ਨੇ ਕਾਂਗਰਸ ਵਲੋਂ ਦਿੱਤੇ ਸਨ, ਜਿਸਨੇ ਲੰਮਾ ਸਮਾਂ ਦਿੱਲੀ ਸੰਭਾਲੀ। ਉਹ 1998 'ਚ ਪਹਿਲੀ ਵਾਰ ਮੁੱਖ ਮੰਤਰੀ ਬਣੀ ਸੀ। ਉਸ ਤੋਂ ਬਾਅਦ ਕਾਂਗਰਸ ਦੇ ਦਿੱਲੀ 'ਚ ਪੈਰ ਨਾ ਲੱਗੇ, ਕਿਉਂਕਿ ਕਾਂਗਰਸ ਚੋਣ ਮੈਨੀਫੈਸਟੋ ਵਾਲੇ ਵਾਅਦੇ ਪੂਰਿਆਂ ਨਾ ਕਰ ਸਕੀ। ਇਸ ਵਾਰ ਦਿੱਲੀ ਦੀ ਕਾਂਗਰਸ, ਸ਼ੀਲਾ ਦੀਕਸ਼ਤ ਦੇ ਸਪੁੱਤਰ ਸੰਦੀਪ ਦੀਕਸ਼ਤ ਉਤੇ ਵਿਧਾਨ ਸਭਾ ਦੀ ਖੇਡ, ਖੇਡ ਰਹੀ ਹੈ। ਇਹ ਜਾਣਦਿਆਂ ਹੋਇਆਂ ਵੀ ਕਿ ਕਾਂਗਰਸ ਦਿੱਲੀ 'ਚ ਰਾਜ-ਭਾਗ 'ਤੇ ਕਾਬਜ ਨਹੀਂ ਹੋ ਸਕਦੀ, ਕਿਉਂਕਿ ਉਸਦਾ ਦਿੱਲੀ 'ਚ ਲੋਕ-ਆਧਾਰ ਖਿਸਕ ਚੁੱਕਾ ਹੈ, ਪਰ ਉਹ ਇਸ ਆਸ ਵਿਚ ਹੈ ਕਿ ਉਸਦੀ ਵੋਟ ਫ਼ੀਸਦੀ ਵਧੇਗੀ, ਉਂਜ ਕਾਂਗਰਸ ਚਾਹੇਗੀ ਕਿ ਭਾਜਪਾ ਦੀ ਥਾਂ 'ਆਪ' ਹੀ ਦਿੱਲੀ ਤਖ਼ਤ ਸੰਭਾਲੇ, ਕਿਉਂਕਿ ਉਹ ਇੰਡੀਆਂ ਗੱਠਜੋੜ ਦੀ ਮੈਂਬਰ ਹੈ, ਹਾਲਾਂਕਿ 'ਆਪ' ਵਲੋਂ ਕਾਂਗਰਸ ਉਤੇ ਇੰਡੀਆ ਗੱਠਜੋੜ 'ਚ ਤਿੱਖੇ ਹਮਲੇ ਕੀਤੇ ਹਨ। ਇਥੇ ਇਹ ਵੀ ਵਰਨਣ ਕਰਨਾ ਜ਼ਰੂਰੀ ਹੈ ਕਿ ਸਪਾ, ਬੈਨਰਜੀ ਅਤੇ ਸੀ.ਪੀ.ਐੱਮ. ਵਲੋਂ ਵੀ ਕੇਜਰੀਵਾਲ ਨੂੰ ਹੀ ਸਮਰਥਨ ਦਿੱਤਾ ਗਿਆ ਹੈ।

ਦਿੱਲੀ ਚੋਣਾਂ 'ਚ 'ਆਪ' ਕਦੇ ਵੀ ਨਹੀਂ ਚਾਹੇਗੀ ਕਿ ਉਸਦੀ ਹਾਰ ਹੋਵੇ, ਇਥੋਂ ਤੱਕ ਕਿ ਉਹ ਮੌਜੂਦਾ ਬਹੁਮੱਤ ਸੀਟਾਂ ਆਪਣੇ ਨਾਂਅ ਕਰਨ 'ਤੇ ਜ਼ੋਰ ਲਗਾਏਗੀ। 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਦਾ ਅਕਸ ਦਾਅ 'ਤੇ ਹੈ, ਕਿਉਂਕਿ ਉਸਨੇ ਲੋਕਾਂ ਤੋਂ ਵੋਟਾਂ ਇਸ ਆਧਾਰ 'ਤੇ ਮੰਗੀਆਂ ਹਨ ਕਿ ਉਹ ਇੱਕ ਇਮਾਨਦਾਰ ਸਿਆਸਤਦਾਨ ਹੈ, ਪਰ ਭਾਜਪਾ ਉਸਨੂੰ ਬੇਈਮਾਨ ਸਿੱਧ ਕਰਨਾ ਚਾਹੁੰਦੀ ਹੈ। ਉਂਜ ਵੀ ਜੇਕਰ ਕੇਜਰੀਵਾਲ ਦੀ ਪਾਰਟੀ 'ਆਪ' ਦਿੱਲੀ 'ਚ ਹਾਰਦੀ ਹੈ, ਤਾਂ ਅੱਗੋਂ ਇਸਦਾ ਅਸਰ ਸਿੱਧਾ ਪੰਜਾਬ ਉਤੇ ਪਏਗਾ ਅਤੇ ਕੇਜਰੀਵਾਲ ਦਾ ਵੱਡਾ ਰਾਸ਼ਟਰੀ ਨੇਤਾ ਬਨਣ ਦਾ ਸੁਪਨਾ ਖੇਰੂੰ-ਖੇਰੂੰ ਹੋ ਜਾਏਗਾ।

ਭਾਜਪਾ ਹਰ ਹੀਲੇ ਦਿੱਲੀ 'ਤੇ ਕਾਬਜ਼ ਹੋਣ ਦੀ ਤਾਕ 'ਚ ਹੈ। ਮਹਾਂਰਾਸ਼ਟਰ ਅਤੇ ਹਰਿਆਣਾ 'ਚ ਸਿਆਸੀ ਦਾਅ ਖੇਡਕੇ ਜਿਵੇਂ ਉਸਨੇ ਰਾਜਭਾਗ ਸੰਭਾਲਿਆ ਹੈ, ਉਹ ਚਾਹੇਗੀ ਕਿ ਦਿੱਲੀ ਉਸਦੇ ਹੱਥ ਆ ਜਾਏ। ਪ੍ਰਧਾਨ ਮੰਤਰੀ ਨੇ ਦਿੱਲੀ 'ਤੇ ਕਾਬਜ਼ ਹੋਣ ਲਈ ਡਬਲ ਇੰਜਨ ਸਰਕਾਰ ਦੇ ਫ਼ਾਇਦੇ ਗਿਣਾਉਣੇ ਸ਼ੁਰੂ ਕਰ ਦਿੱਤੇ ਹਨ। ਨਵੀਆਂ ਸਕੀਮਾਂ ਦਿੱਲੀ ਵਾਲਿਆਂ ਲਈ ਦੇਣ ਦੇ ਵਾਅਦੇ ਕੀਤੇ ਹਨ।

ਸਿਆਸੀ ਪੰਡਿਤ ਇਹ ਅੰਦਾਜ਼ੇ ਲਾ ਰਹੇ ਹਨ ਕਿ ਭਾਜਪਾ ਦੀ ਆਰ.ਐੱਸ.ਐੱਸ. ਦੇ ਯਤਨਾਂ ਨਾਲ ਵੋਟ ਟਿਕਾਊ ਹੈ ਅਤੇ ਆਪ ਅਤੇ ਕਾਂਗਰਸ ਦਾ ਵੋਟ ਬੈਂਕ ਮੁੱਖ ਤੌਰ 'ਤੇ ਘੱਟ ਗਿਣਤੀਆਂ ਅਤੇ ਦਲਿਤ ਹਨ। ਭਾਜਪਾ ਆਸ ਕਰੇਗੀ ਕਿ ਜਿਵੇਂ ਉਸਨੇ ਮਹਾਂਰਾਸ਼ਟਰ ਅਤੇ ਹਰਿਆਣਾ 'ਚ ਕਾਂਗਰਸ ਦੀ ਵੋਟ ਬੈਂਕ 'ਤੇ ਸੰਨ੍ਹ ਲਾਈ ਹੈ, ਉਹ ਇਥੇ ਵੀ ਇਹੋ ਕਿਸਮ ਦੀ ਸੰਨ੍ਹ ਲਾਉਣ 'ਚ ਕਾਮਯਾਬ ਹੋ ਜਾਏਗੀ ਅਤੇ ਉਸਦੀ ਵੋਟ ਬੈਂਕ ਵਿਚ 10 ਤੋਂ 12 ਫ਼ੀਸਦੀ ਦਾ ਵਾਧਾ ਹੋ ਜਾਵੇਗਾ ਅਤੇ ਉਹ ਚੋਣ ਜਿੱਤ ਜਾਏਗੀ। ਉਸਨੂੰ ਇਹ ਵੀ ਆਸ ਹੈ ਕਿ ਜੇਕਰ ਕਾਂਗਰਸ ਆਪਣੀ ਵੋਟ ਬੈਂਕ 'ਚ ਵਾਧਾ ਕਰਦੀ ਹੈ, ਤਾਂ ਇਹ ਵੋਟ ਬੈਂਕ 'ਆਪ' ਦੀ ਹੀ ਟੁੱਟੇਗੀ ਤੇ ਇਸਦਾ ਫ਼ਾਇਦਾ ਭਾਜਪਾ ਨੂੰ ਹੋਵੇਗਾ।

ਦਿੱਲੀ 2025 ਵਿਧਾਨ ਸਭਾ ਚੋਣਾਂ 'ਚ ਸਫ਼ਲਤਾ ਰਾਸ਼ਟਰੀ ਅਤੇ ਸਥਾਨਕ ਮੰਗਾਂ 'ਤੇ ਵੀ ਨਿਰਭਰ ਹੋਏਗੀ। ਕਾਰਪੋਰੇਸ਼ਨ ਅਤੇ ਰਾਸ਼ਟਰੀ ਲੋਕ ਸਭਾ ਚੋਣਾਂ 'ਚ ਵੋਟਰ ਜਿਨ੍ਹਾਂ ਉਮੀਦਵਾਰਾਂ ਨੂੰ ਚੁਣਦੇ ਹਨ, ਬਿਨ੍ਹਾਂ ਸ਼ੱਕ ਉਸਦਾ ਆਧਾਰ ਵੱਖਰਾ ਗਿਣਿਆ ਜਾਂਦਾ ਹੈ, ਪਰ ਪਾਰਟੀਆਂ ਨਾਲ ਜੁੜੀ ਵੋਟ ਇਨ੍ਹਾਂ ਚੋਣਾਂ ਵੇਲੇ ਵੀ ਬਹੁਤੀਆਂ ਹਾਲਤਾਂ 'ਚ ਨਹੀਂ ਖਿਸਕਦੀ।

ਇਸ ਸਮੇਂ ਆਪ ਦਿੱਲੀ 'ਚ ਹੋਰ ਵੱਡੀ ਤਾਕਤ ਅਤੇ ਬਹੁਮਤ ਪ੍ਰਾਪਤ ਕਰਨ ਦੀ ਲੜਾਈ ਲੜ ਰਹੀ ਹੈ ਅਤੇ ਭਾਜਪਾ ਕੇਜਰੀਵਾਲ ਦਾ ਅਕਸ ਛੋਟਾ ਕਰਨ ਦੇ ਆਹਰ 'ਚ ਦਿੱਲੀ ਜਿੱਤਣ ਲਈ ਯਤਨਸ਼ੀਲ ਹੈ। ਉਂਜ ਭਾਜਪਾ ਨੂੰ ਇਸ ਗੱਲ ਵਿਚ ਵੀ ਤਸੱਲੀ ਮਿਲੇਗੀ, ਜੇਕਰ 'ਆਪ' ਦੀਆਂ ਸੀਟਾਂ ਵਿਧਾਨ ਸਭਾ ਵਿਚ ਘੱਟਦੀਆਂ ਹਨ।

ਪਰ ਜੇਕਰ 'ਆਪ' ਵੱਡੇ ਬਹੁਮਤ ਨਾਲ ਫਿਰ ਦਿੱਲੀ ਵਿਧਾਨ ਸਭਾ ਚੋਣਾਂ 'ਚ ਜੇਤੂ ਰਹਿੰਦੀ ਹੈ, ਤਾਂ ਇਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸਿਆਸੀ ਕੱਦ-ਬੁੱਤ ਲਈ ਇੱਕ ਵੱਡਾ ਝਟਕਾ ਹੋਏਗਾ।



# ਉਮੰਗਾਂ, ਖੁਸ਼ੀਆਂ ਦੀ ਲੋਹੜੀ

ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈਕੋਰਟ
ਚੰਡੀਗੜ੍ਹ
ਮੋਬ : 78374-90309
ਪੰਜਾਬ ਮੇਲ USA





ਲੋਹੜੀ ਦਾ ਸਬੰਧ ਘਰ ਆਏ ਨਵੇ ਬੱਚੇ ਤੋਂ ਇਲਾਵਾ ਖੇਤੀਬਾੜੀ, ਪਕਵਾਨਾਂ, ਮੌਸਮ ਤੇ ਸੱਜਰੇ ਗਏ ਮੁਕਲਾਵਿਆਂ ਨਾਲ ਵੀ ਜੁੜਿਆ ਹੋਇਆ ਹੈ। ਇਹ ਉਮੰਗਾਂ, ਆਸਾਂ ਤੇ ਖੁਸ਼ੀ ਖੇੜਿਆਂ ਦਾ ਤਿਉਹਾਰ, ਜੋ ਧਰਮਾਂ ਜਾਤਾਂ ਤੋਂ ਉਪਰ ਹੈ। ਉੱਤਰੀ ਭਾਰਤ ਦਾ ਵਿਚ ਬੜੀ ਧੂਮਧਾਮ ਨਾਲ ਮਨਾਉਂਦੇ ਹਨ। ਇਹ ਸਰਦੀਆਂ ਦੇ ਸ਼ੁਰੂ ਅਤੇ ਹਾੜ੍ਹੀ ਦੀਆਂ ਫ਼ਸਲਾਂ ਦੇ ਪ੍ਰਫੁੱਲਤ ਹੋਣ ਦਾ ਸੰਕੇਤ ਵੀ ਹੈ, ਜਿਸ ਘਰ ਮੁੰਡੇ ਨੇ ਜਨਮ ਲਿਆ ਹੋਵੇ ਲੋਹੜੀ ਨੂੰ ਵੱਡੇ ਜੋਸ਼ ਨਾਲ ਮਨਾਇਆ ਜਾਂਦਾ ਹੈ। ਮੌਜੂਦਾ ਦੌਰ ਵਿਚ ਕੁੜੀਆਂ ਦੀ ਲੋਹੜੀ ਵੀ ਕਈ ਘਰਾਂ ਵਿਚ ਬਹੁਤ ਚਾਅ ਨਾਲ ਮਨਾਈ ਜਾਂਦੀ ਹੈ। ਕਿਸੇ ਵੀ ਖੇਤਰ ਵਿਚ ਦੇਖਿਆ ਜਾਵੇ, ਤਾਂ ਕੁੜੀਆਂ ਮੁੰਡਿਆਂ ਨਾਲੋਂ ਘੱਟ ਨਹੀਂ, ਇਸੇ ਲਈ ਅਜੋਕੇ ਜ਼ਮਾਨੇ ਅਨੁਸਾਰ ਆਪਣੇ ਵਿਚਾਰ ਬਦਲ ਕੇ ਇਹ ਗਾਉਣਾ ਚਾਹੀਦਾ ਹੈ:-

ਪੁੱਤਾਂ ਨਾਲ ਧੀਆਂ ਦੀ
ਲੋਹੜੀ ਨਵੇਂ ਜੀਆਂ ਦੀ
ਖੁਸ਼ੀਆਂ ਨਾਲ ਮਨਾਵਾਂਗੇ
ਰਲ ਮਿਲ ਭੰਗੜੇ ਪਾਵਾਂਗੇ

ਪੁਰਾਤਨ ਸਮੇਂ ਵਿਚ ਲੋਕ ਆਪਣੇ ਸ਼ਰੀਕੇ 'ਤੇ ਨਗਰ ਵਿਚ ਗੁੜ ਤੇ ਮੂੰਗਫਲੀ ਵੰਡ ਖੁਸ਼ੀ ਸਾਂਝੀ ਕਰਦੇ ਸਨ। ਕਿਸੇ ਸਮੇਂ ਪੰਜਾਬ ਵਿਚ ਲੋਹੜੀ ਸੂਰਜ ਦੇਵ ਦੀ ਪੂਜਾ ਲਈ ਪ੍ਰਚੱਲਿਤ ਸੀ। ਸੂਰਜ ਜਨਵਰੀ ਵਿਚ ਧਰਤੀ ਤੋਂ ਕਾਫ਼ੀ ਦੂਰ ਹੁੰਦਾ ਤੇ ਕਿਰਨਾਂ ਧਰਤੀ ਉੱਤੇ ਪਹੁੰਚਦਿਆਂ ਬਹੁਤੀਆਂ ਗਰਮ ਨਹੀਂ ਰਹਿੰਦੀਆਂ। ਪੁਰਾਤਨ ਕਾਲ ਵਿਚ ਲੋਕ ਇਸ ਪ੍ਰਕਿਰਿਆ ਨੂੰ ਸੂਰਜ ਦੀ ਤਪਸ਼ ਘੱਟ ਜਾਣ ਨਾਲ ਜੋੜਦੇ ਸਨ। ਸੂਰਜ ਦੇ ਚਾਨਣ 'ਤੇ ਤਪਸ਼ ਨੂੰ ਮੁੜ ਸੁਰਜੀਤ ਕਰਨ ਲਈ ਲੋਹੜੀ ਦੀ ਅੱਗ ਬਾਲ਼ੀ ਜਾਂਦੀ ਸੀ। ਇਹ ਸੂਰਜ ਨੂੰ ਰੌਸ਼ਨੀ ਤੇ ਗਰਮੀ ਦੇਣ ਦਾ ਪੁਰਾਤਨ ਲੋਕਧਾਰਾਈ ਢੰਗ ਸੀ।

ਪੁਰਾਤਨ ਸਮੇਂ ਵਿਚ ਲੋਹੜੀ ਮੰਗਣ ਦਾ ਰਿਵਾਜ਼ ਇਕ ਮਨੋਰੰਜਨ ਦਾ ਸਾਧਨ ਵੀ ਸੀ, ਜੋ ਲੋਕਾਂ ਨੂੰ ਆਪਸ ਵਿਚ ਜੋੜ ਕੇ ਰੱਖਦਾ ਸੀ। ਲੋਹੜੀ ਤੋਂ 5-7 ਦਿਨ ਪਹਿਲਾਂ ਹੀ ਮੁੰਡੇ ਕੁੜੀਆਂ ਟੋਲੀਆਂ ਬਣਾ ਕੇ ਘਰਾਂ ਵਿਚ ਜਾ ਕੇ ਲੋਹੜੀ ਮੰਗਦੇ, ਜਿਸ ਵਿਚ ਬਾਲਣ ਤੇ ਖਾਣ ਦੇ ਸਮਾਨ ਦੀ ਮੰਗ ਹੁੰਦੀ ਤੇ ਲੋਹੜੀ ਨਾਲ ਸਬੰਧਿਤ ਗੀਤ ਗਾਉਂਦੇ ਹਨ:-

ਦੇਹ ਮਾਈ ਪਾਥੀ,
ਤੇਰਾ ਪੁੱਤ ਚੜੂਹਗਾ ਹਾਥੀ
ਦੇਹ ਮਾਈ ਲੋਹੜੀ,
ਤੇਰਾ ਪੁੱਤ ਚੜੂਹਗਾ ਘੋੜੀ

ਜਦ ਕੋਈ ਘਰ ਵਾਲਾ ਲੋਹੜੀ ਦੇਣ ਵਿਚ ਦੇਰ ਕਰਦਾ ਹੈ, ਤਾਂ ਕਾਹਲ ਨੂੰ ਦਰਸਾਉਂਦੀਆਂ ਹੋਈਆਂ ਇਹ ਸਤਰਾਂ ਗਾਈਆਂ ਜਾਂਦੀਆਂ ਹਨ, ਤਾਂ ਜੋ ਦੂਜੀ ਟੋਲੀ ਅੱਗੇ ਪਹੁੰਚ ਜ਼ਿਆਦਾ ਲੋਹੜੀ ਨਾ ਮੰਗ ਲਵੇ।

ਸਾਡੇ ਪੈਰਾਂ ਹੇਠ ਰੋੜ,
ਸਾਨੂੰ ਛੇਤੀ ਛੇਤੀ ਤੋਰ।
ਸਾਡੇ ਪੈਰਾਂ ਹੇਠ ਸਲਾਈਆਂ,
ਅਸੀਂ ਕਿਹੜੇ ਵੇਲੇ ਦੀਆਂ ਆਈਆਂ।

ਜਦ ਕੋਈ ਘਰ ਵਾਲਾ ਫਿਰ ਵੀ ਲੋਹੜੀ ਨਾ ਦੇਵੇ, ਤਾਂ ਇਹ ਟੋਲੀਆਂ ਇਹ ਸੈਨਤਾਂ ਰੂਪੀ ਸੋਹਲੇ ਗਾਉਂਦੀਆਂ ਹੋਈਆਂ ਅਗਲੇ ਘਰਾਂ ਲਈ ਰਵਾਨਾ ਹੋ ਜਾਂਦੀਆਂ ਹਨ।

ਹੁੱਕਾ ਬਈ ਹੁੱਕਾ, ਇਹ ਘਰ ਭੁੱਖਾ।

ਲੋਹੜੀ ਦਾ ਇਤਿਹਾਸ ਦੁੱਲਾ ਭੱਟੀ ਦੀ ਕਹਾਣੀ ਨਾਲ ਵੀ ਜੁੜਿਆ ਹੋਇਆ ਹੈ। ਦੁੱਲਾ ਭੱਟੀ ਅਕਬਰ ਦੇ ਸ਼ਾਸਨ ਕਾਲ ਦੌਰਾਨ ਇੱਕ ਬਾਗ਼ੀ ਸੀ, ਜੋ ਕਿ ਅਮੀਰ ਲੋਕਾਂ ਦਾ ਮਾਲ ਲੁੱਟ ਕੇ ਗਰੀਬ ਲੋਕਾਂ ਵਿਚ ਵੰਡ ਦਿੰਦਾ ਸੀ। ਉਸ ਇਲਾਕੇ ਦੇ ਗਰੀਬ ਲੋਕ ਉਸ ਦੀ ਇਸ ਦਰਿਆ-ਦਿਲੀ ਦੇ ਕਾਇਲ ਅਤੇ ਉਸ ਦਾ ਆਦਰ-ਸਤਿਕਾਰ ਕਰਦੇ ਸਨ। ਇੱਕ ਵਾਰ ਉਸ ਨੇ ਇੱਕ ਲੜਕੀ ਤੋਂ ਅਗਵਾਕਾਰਾਂ ਤੋਂ ਛੁਡਾਇਆ ਤੇ ਉਸ ਨੂੰ ਆਪਣੀ ਧਰਮ ਦੀ ਧੀ ਬਣਾ ਲਿਆ। ਜਦ ਦੁੱਲਾ-ਭੱਟੀ ਨੇ ਉਸ ਲੜਕੀ ਦਾ ਵਿਆਹ ਕੀਤਾ, ਤਾਂ ਉਸ ਨੇ ਉਸ ਦੇ ਵਿਆਹ ਵਿਚ ਤੋਹਫ਼ੇ ਦੇ ਤੌਰ 'ਤੇ ਸ਼ੱਕਰ ਪਾ ਦਿੱਤੀ ਸੀ। ਇੱਕ ਹੋਰ ਦੰਤ-ਕਥਾ ਅਨੁਸਾਰ ਸੁੰਦਰੀ-ਮੁੰਦਰੀ ਇੱਕ ਗਰੀਬ ਬ੍ਰਾਹਮਣ ਦੀਆਂ ਮੰਗੀਆਂ ਹੋਈਆਂ ਧੀਆਂ ਸਨ ਪਰ ਗਰੀਬੀ ਕਾਰਨ ਵਿਆਹ ਵਿਚ ਦੇਰ ਹੋ ਰਹੀ ਸੀ। ਹਾਕਮ ਨੂੰ ਕੁੜੀਆਂ ਦੇ ਸੁਹੱਪਣ ਦਾ ਪਤਾ ਲੱਗ ਗਿਆ, ਤਾਂ ਉਸ ਨੇ ਜਬਰੀ ਚੁੱਕਣ ਦੀ ਧਾਰ ਲਈ। ਇਸ ਦੀ ਭਿਣਕ ਬ੍ਰਾਹਮਣ ਨੂੰ ਵੀ ਪੈ ਗਈ। ਉਸ ਨੇ ਕੁੜੀਆਂ ਦਾ ਜਲਦੀ ਵਿਆਹ ਕਰਨ ਲਈ ਜੰਗਲ ਵਿਚ ਦੁੱਲੇ ਨਾਲ ਸੰਪਰਕ ਕੀਤਾ ਅਤੇ ਦੁੱਲੇ ਨੇ ਵਿਆਹ ਦੀ ਜ਼ਿੰਮੇਵਾਰੀ ਓਟੀ। ਕੁੜੀਆਂ ਦੇ ਸਹੁਰਿਆਂ ਨੇ ਹਾਕਮ ਤੋਂ ਡਰਦਿਆਂ ਕਿਹਾ ਕਿ ਉਹ ਰਾਤ ਸਮੇਂ ਹੀ ਵਿਆਹੁਣ ਆਉਣਗੇ। ਪਿੰਡ ਤੋਂ ਬਾਹਰ ਜੰਗਲ ਵਿਚ ਵਿਆਹ ਰਚਾਉਣ ਦਾ ਪ੍ਰਬੰਧ ਕੀਤਾ ਗਿਆ। ਰੌਸ਼ਨੀ ਲਈ ਲੱਕੜੀਆਂ ਇਕੱਠੀਆਂ ਕਰਕੇ ਅੱਗ ਬਾਲੀ ਗਈ। ਦੁੱਲੇ ਨੇ ਆਲੇ-ਦੁਆਲੇ ਦੇ ਪਿੰਡਾਂ ਤੋਂ ਦਾਨ ਇਕੱਠਾ ਕੀਤਾ। ਪਿੰਡ ਵਿਚ ਜਿਨ੍ਹਾਂ ਦੇ ਘਰ ਨਵੇਂ ਵਿਆਹ ਹੋਏ ਸਨ ਜਾਂ ਜਿਨ੍ਹਾਂ ਦੇ ਬਾਲ ਜਨਮੇ ਸਨ, ਉਨ੍ਹਾਂ ਨੇ ਵੀ ਸੁੰਦਰ-ਮੁੰਦਰੀ ਦੇ ਵਿਆਹ 'ਤੇ ਆਪਣੇ ਵੱਲੋਂ ਕੁਝ ਨਾ ਕੁਝ ਗੁੜ-ਸ਼ੱਕਰ ਤੇ ਦਾਣੇ ਆਦਿ ਦੇ ਰੂਪ ਵਿਚ ਦਾਨ ਦਿੱਤਾ। ਦੁੱਲੇ ਕੋਲ ਕੰਨਿਆ-ਦਾਨ ਦੇਣ ਲਈ ਇੱਕ ਲੱਪ ਸ਼ੱਕਰ ਦੀ ਹੀ ਸੀ। ਕੁੜੀਆਂ ਦਾ ਡੋਲਾ ਤੁਰ ਗਿਆ ਤੇ ਗ਼ਰੀਬ ਬ੍ਰਾਹਮਣ ਨੇ ਦੁੱਲੇ ਦਾ ਲੱਖ-ਲੱਖ ਸ਼ੁਕਰ ਕੀਤਾ। ਇਸ ਕਰਕੇ ਹੀ ਹਰ ਲੋਹੜੀ ਦੇ ਦਿਨ ਦੁੱਲੇ ਨੂੰ ਯਾਦ ਕੀਤਾ ਜਾਂਦਾ ਹੈ। ਬੱਚੇ ਜਦ ਲੋਹੜੀ ਮੰਗਣ ਦੂਜਿਆਂ ਦੇ ਘਰਾਂ 'ਚ ਜਾਂਦੇ ਹਨ, ਤਾਂ ਉਹ ਇਹ ਗੀਤ ਗਾਉਂਦੇ ਹੋਏ ਨਜ਼ਰ ਆਉਂਦੇ ਹਨ।

ਸੁੰਦਰ ਮੁੰਦਰੀਏ ਹੋ
ਤੇਰਾ ਕੌਣ ਵਿੱਚਾਰ ਹੋ
ਦੁੱਲਾ ਭੱਟੀ ਵਾਲਾ ਹੋ
ਸਾਨੂੰ ਦੇ ਦੇ ਲੋਹੜੀ,
ਤੇਰੀ ਜੀਵੇ ਜੋੜੀ

ਨਵੀਆਂ ਵਿਆਹੀਆਂ ਕੁੜੀਆਂ ਨੂੰ ਲੋਹੜੀ ਜਾਂ ਭਾਜੀ ਦੇਣ ਦਾ ਰਿਵਾਜ਼ ਵੀ ਜੁੜਿਆ ਹੈ। ਪੇਕੇ ਪਰਿਵਾਰ ਵਾਲੇ ਲੋਹੜੀ ਲੈ ਕੇ ਕੁੜੀ ਦੇ ਸਹੁਰੇ ਘਰ ਜਾਂਦੇ ਅਤੇ ਕੁੜੀ ਨੂੰ ਕੁੱਝ ਦਿਨ ਲਈ ਪੇਕੇ ਘਰ ਲੈ ਆਉਂਦੇ ਹਨ। ਭਾਜੀ ਵਿਚ ਪੰਜੀਰੀ, ਬੂੰਦੀ ਦੇ ਲੱਡੂ, ਪਤਾਸੇ, ਚੋਲਾਂ ਦੀਆਂ ਪਿੰਨੀਆਂ, ਗੁੜ, ਰਿਉੜ, ਮੂੰਗਫਲੀ, ਸੂਟ, ਕੰਬਲ, ਪੱਗ ਦਿੰਦੇ ਹਨ। ਕਈ ਕੁੜੀ ਦੇ ਸਹੁਰੇ ਉਸ ਭਾਜੀ ਨੂੰ ਆਪਣੇ ਰਿਸ਼ਤੇਦਾਰਾਂ ਅਤੇ ਗੁਆਂਢੀਆਂ ਵਿਚ ਵੰਡਦੇ। ਅਜੋਕੇ ਸਮੇਂ ਵਿਚ ਵੀ ਮਾਪੇ ਲੋਹੜੀ ਸਮੇਂ ਮਹਿੰਗੇ ਤੋਹਫੇ ਤੇ ਘਰ ਦੀ ਵਰਤੋਂ ਦਾ ਸਮਾਨ ਦੇਣ ਲੱਗੇ ਹਨ।

ਲੋਹੜੀ ਦੀ ਰਾਤ ਭੁੱਗਾ ਬਾਲਣ ਦੀ ਰੀਤ ਸਭ ਤੋਂ ਅਹਿਮ ਹੈ। ਮੂੰਗਫਲੀ, ਰਿਉੜੀਆਂ, ਤਿਲਾਂ ਦੀ ਗੱਚਕ, ਮੱਕੀ ਦੇ ਫੁੱਲੇ ਆਦਿ ਦੀਆਂ ਭਰੀਆਂ ਪਰਾਂਤਾਂ ਮਹਿਮਾਨਾਂ ਵਿਚ ਵੰਡਦੇ ਹਨ। ਘਰ ਦੇ ਖੁੱਲ੍ਹੇ ਵਿਹੜੇ ਵਿਚ ਲੱਕੜਾਂ ਜਾਂ ਗੋਹੇ ਦੀਆਂ ਪਾਥੀਆਂ ਦਾ ਢੇਰ ਲਗਾਕੇ ਅੱਗ ਲਗਾਈ ਜਾਂਦੀ ਹੈ, ਜਿਸ ਨੂੰ ਭੁੱਗਾ ਕਿਹਾ ਜਾਂਦਾ ਹੈ। ਖੁਸ਼ੀਆਂ 'ਚ ਗੜੂੱਚ ਸਾਰੇ ਪਰਿਵਾਰਕ ਮੈਂਬਰ ਇਸਦੇ ਦੁਆਲੇ ਇਕੱਠੇ ਹੋ ਕੇ ਬੈਠ ਜਾਂਦੇ ਹਨ ਅਤੇ ਬਲਦੇ ਭੁੱਗੇ ਵਿਚ ਤਿਲ, ਰਿਉੜੀਆਂ, ਮੂੰਗਫਲੀ ਸਮਰਪਿਤ ਹੋ ਕੇ ਬੋਲਦੇ ਹਨ।

ਈਸ਼ਰ ਆ, ਦਲਿੱਦਰ ਜਾ
ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾ।

ਬਦਲੇ ਜ਼ਮਾਨੇ ਨੇ ਇਸ ਤਿਉਹਾਰ ਨੂੰ ਹੋਰ ਵਡੇਰਾ ਕਰ ਦਿੱਤਾ। ਜਿੱਥੇ ਪਹਿਲਾਂ ਪੁੱਤਰ ਹੋਣ 'ਤੇ ਹੀ ਲੋਹੜੀ ਮਨਾਈ ਜਾਂਦੀ ਸੀ, ਅੱਜ ਲੋਕਾਂ ਨੇ ਬਰਾਬਰ ਰੁਤਬਾ ਦਿੰਦਿਆਂ ਧੀਆਂ ਦੀ ਵੀ ਲੋਹੜੀ ਮਨਾਉਂਦੇ ਹਨ। ਨਵੀਆਂ ਜੋੜੀਆਂ ਇਸ ਦਿਨ ਹੋਰ ਉਤਸ਼ਾਹਿਤ ਤੇ ਨਵੇਂ ਬਣੇ ਸੱਸ-ਸਹੁਰੇ ਦਾਦਾ-ਦਾਦੀ ਦੇ ਰੁਤਬੇ ਲਈ ਕਾਹਲੇ ਹੁੰਦੇ ਹਨ। ਆਪਣੇ ਕੁਲ ਦੇ ਵਾਧੇ ਤੇ ਨਵੇਂ ਜੀਅ ਦਾ ਸਵਾਗਤ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਹੈ। 90ਵਿਆਂ ਤੱਕ ਵੀ ਇਸ ਤਿਉਹਾਰ ਦੀ ਮਹਿਕ ਵੱਖਰੀ ਹੀ ਸੀ। ਆਪਣੇ ਘਰ ਕੁਨਬੇ ਤੇ ਆਂਢ-ਗੁਆਂਢ ਨੂੰ ਇਕੱਠਾ ਕਰ ਦੇਰ ਰਾਤ ਜਸ਼ਨ ਮਨਾਉਂਦੇ ਸਨ। ਬੱਚੇ ਇਕੱਠੇ ਹੋ ਮਸਤੀਆਂ ਕਰਦੇ ਘਰੋਂ-ਘਰੀ ਲੋਹੜੀ ਮੰਗਣ ਜਾਂਦੇ। ਪਿੰਡ ਵਿਚ ਮਸਤੀ ਦਾ ਵੱਖਰਾ ਹੀ ਸਰੂਰ ਹੁੰਦਾ ਸੀ, ਜੋ ਅੱਜ ਮਹਿੰਗੇ ਹੋਟਲਾਂ ਜਾਂ ਪੈਲਸਾਂ ਵਿਚ ਹੀ ਦੱਬ ਗਿਆ। ਜਿਸਦੀ ਮਹਿਕ ਲੱਖਾਂ ਖਰਚ ਕੇ ਨਹੀਂ ਮਿਲਦੀ। ਪੰਜਾਬ ਦੇ ਤਿਉਹਾਰ ਨਵੀਂ ਪੀੜ੍ਹੀ ਲਈ ਪ੍ਰੇਰਨਾਦਾਇਕ ਹਨ। ਜੋ ਇਨ੍ਹਾਂ ਨੂੰ ਮਿਲ ਕੇ ਰਹਿਣ, ਖਾਣ, ਵੰਡਣ ਤੇ ਮਿਹਨਤ ਕਰਨਾ ਸਿਖਾਉਂਦੇ ਹਨ। ਸੋ ਆਉ, ਪੰਜਾਬੀ ਦੀ ਅਮੀਰ ਵਿਰਾਸਤ ਨੂੰ ਸਾਂਭਦਿਆਂ ਉਨ੍ਹਾਂ ਨੂੰ ਤਿਉਹਾਰ ਮਾਨਣ ਦੇ ਨਾਲ ਜਾਨਣ ਦੀ ਆਦਤ ਵੀ ਪਾਈਏ।

# ਹਿਮਾਚਲੀ ਪਿੰਡ ਦੇ ਪਹਾੜੀ ਸਿੱਖ

-ਅਵਤਾਰ ਸਿੰਘ ਪੰਜਤੂਰ
ਪੀਐੱਚ.ਡੀ. ਰਿਸਰਚ ਸਕਾਲਰ
ਪੰਜਾਬੀ ਯੂਨੀਵਰਸਿਟੀ ਪਟਿਆਲਾ
ਮੋ: +91-99144-33964
ਪੰਜਾਬ ਮੇਲ USA



ਗੁਰੂ ਨਾਨਕ ਸਾਹਿਬ ਦੇ ਸਿੱਖ ਸੰਸਾਰ ਦੇ ਵੱਖ-ਵੱਖ ਕੋਨਿਆਂ ਵਿਚ ਵੱਸੇ ਹੋਏ ਹਨ। ਕਈ ਜਗ੍ਹਾ ਜਾ ਕੇ ਹੈਰਾਨੀ ਹੁੰਦੀ ਹੈ ਕਿ ਇੱਥੇ ਵੀ ਗੁਰੂ ਨਾਨਕ ਨਾਮ ਲੇਵਾ ਸਿੱਖ ਰਹਿੰਦੇ ਹਨ? ਸਤੰਬਰ ਮਹੀਨੇ ਆਪਣੇ ਪੀ.ਐੱਚ.ਡੀ. ਦੇ ਖੋਜ ਕਾਰਜ ਦੇ ਸੰਬੰਧ ਵਿਚ ਸ਼ਿਮਲਾ ਵਿਖੇ ਪੁਰਾਣੇ ਦਸਤਾਵੇਜ਼ ਦੇਖਣ ਲਈ ਗਿਆ। ਉਥੋਂ ਦੇ ਸਿੱਖਾਂ ਅਤੇ ਗੁਰਦੁਆਰਿਆਂ ਵਿਚ ਵਿਚਰਣ ਦਾ ਮੌਕਾ ਮਿਲਿਆ। ਵੱਖ-ਵੱਖ ਗੁਰਦੁਆਰਿਆਂ ਵਿਚ ਆਪਣੇ ਵਿਚਾਰ ਰੱਖਣ ਦਾ ਯਤਨ ਕੀਤਾ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ ਵਿਖੇ ਵਿਚਾਰ ਕਰਨ ਤੋਂ ਬਾਅਦ ਇੱਕ ਸਿੰਘ ਨੇ ਗੱਲਬਾਤ ਕਰਨ ਲਈ ਖੜ੍ਹਾ ਕਰ ਲਿਆ। ਉਸ ਨੇ ਦੱਸਿਆ ਕਿ ਮੈਂ ਹਿਮਾਚਲ ਦੇ ਕਾਂਗੜਾ ਜ਼ਿਲ੍ਹੇ ਦਾ ਰਹਿਣ ਵਾਲਾ ਹਾਂ ਅਤੇ ਦਸੰਬਰ ਮਹੀਨੇ ਸਾਡੇ ਘਰ ਇੱਕ ਪ੍ਰੋਗਰਾਮ ਹੈ, ਤੁਸੀਂ ਜ਼ਰੂਰ ਆਉਣਾ। ਮੈਂ ਉਸਨੂੰ ਹਾਂ ਵਿਚ ਕਿਹਾ ਕਿ ਮੈਂ ਸਮਾਂ ਕੱਢ ਕੇ ਜ਼ਰੂਰ ਆਵਾਂਗਾ। ਉੱਥੇ ਜਾਕੇ ਜੋ ਮੈਂ ਮਹਿਸੂਸ ਕੀਤਾ, ਉਸ ਨੂੰ ਸ਼ਬਦਾਂ ਦੀ ਲੜੀ ਵਿਚ ਪ੍ਰੋਣ ਦਾ ਯਤਨ ਕੀਤਾ, ਤਾਂ ਕਿ ਇਹ ਜਾਣਕਾਰੀ ਦੂਸਰਿਆਂ ਤੱਕ ਪਹੁੰਚ ਸਕੇ।

28 ਦਸੰਬਰ 2024 ਦਿਨ ਸ਼ਨੀਵਾਰ ਨੂੰ ਬਾਰਸ਼ ਅਤੇ ਠੰਡ ਦਾ ਮੌਸਮ ਸੀ। ਪਰਿਵਾਰ ਵੱਲੋਂ ਦੱਸੇ ਪਤੇ ਮੁਤਾਬਿਕ ਜਲੰਧਰ ਤੋਂ ਜਵਾਲਾ ਜੀ ਦੀ ਬੱਸ ਲੈਣ ਲਈ ਕਿਹਾ ਗਿਆ। ਪਰ ਜਵਾਲਾ ਜੀ ਤੋਂ ਤਕਰੀਬਨ 11 ਕਿ.ਮੀ. ਦੂਰ ਦੇਹਰਾ ਤੱਕ ਦੀ ਬੱਸ ਮਿਲੀ। ਜਲੰਧਰ ਤੋਂ ਵਾਇਆ ਹੁਸ਼ਿਆਰਪੁਰ, ਚਿੰਤਪੁਰਨੀ ਹੁੰਦਿਆ ਦੇਹਰਾ ਤੱਕ 107 ਕਿ.ਮੀ. ਦਾ ਸਫ਼ਰ ਸਵੇਰੇ 11 ਵਜੇ ਤੋਂ ਲੈ ਕੇ ਤਕਰੀਬਨ 3 ਵਜੇ ਤੱਕ ਮੁੱਕਿਆ। ਅੱਗੋਂ ਦੇਹਰਾ ਤੋਂ ਜਵਾਲਾ ਜੀ ਤੱਕ 11 ਕਿਲੋਮੀਟਰ ਲਈ ਫਿਰ ਬੱਸ ਲਈ। ਜਵਾਲਾ ਜੀ ਤੋਂ ਅੱਗੇ 18 ਕਿ.ਮੀ. ਦੇ ਕਰੀਬ ਦੇ ਸਫ਼ਰ ਲਈ ਅੱਗੋਂ ਲੈਣ ਲਈ ਕਾਰ ਖੜ੍ਹੀ ਹੋਈ ਸੀ। ਜਿਸ ਵਿਚ ਪੰਜਾਬ ਤੋਂ ਆਏ ਇਸ ਪਰਿਵਾਰ ਦੇ ਰਿਸ਼ਤੇਦਾਰ ਵੀ ਸਨ। ਮੇਨ ਹਾਈਵੇਅ ਤੋਂ ਹੁੰਦਿਆਂ ਪਹਾੜੀ ਅਤੇ ਵਿਚ-ਵਿਚ ਖਰਾਬ ਰਸਤੇ ਤੋਂ ਹੁੰਦਿਆਂ ਕਾਰ ਨੇ ਪੌਣੇ ਘੰਟੇ ਦਾ ਪੰਧ ਮੁਕਾ ਕੇ ਲਗੜੂ ਪਿੰਡ ਲੰਘਾ ਕੇ ਪਿੰਡ ਦੇ ਬਾਹਰਵਾਰ ਉਤਾਰ ਦਿੱਤਾ। ਪਰਿਵਾਰ ਦੇ ਆਏ ਹੋਏ ਰਿਸ਼ਤੇਦਾਰ ਨਾਲ ਮੈਂ ਵੀ ਫਿਰ ਅੱਗੇ ਪਹਾੜੀ ਉੱਪਰ ਚੜ੍ਹਨਾ ਸ਼ੁਰੂ ਕਰ ਦਿੱਤਾ। ਅੱਧਾ ਪੌਣਾ ਕਿ.ਮੀ. ਚੜ੍ਹਾਈ ਚੜ੍ਹਕੇ ਇਸ ਪਰਿਵਾਰ ਦਾ ਘਰ ਸੀ। ਜਿਸ ਲਈ ਕੋਈ ਖਾਸ ਰਸਤਾ ਵੀ ਨਹੀਂ ਬਣਿਆ ਹੋਇਆ ਸੀ, ਸਿਰਫ ਇਕ ਪਗੰਡਡੀ ਰਾਹੀਂ ਜਾਣਾ ਪੈਂਦਾ ਸੀ। ਹੋਰ ਆਵਾਜਾਈ ਦੇ ਸਾਧਨ ਦੂਰ ਦੀ ਗੱਲ ਸੀ। ਉਸ ਘਰ ਪਹੁੰਚ ਕੇ ਸਰਦਾਰ ਪ੍ਰਕਾਸ਼ ਸਿੰਘ ਜੀ ਨਾਲ ਮੁਲਾਕਾਤ ਕੀਤੀ। ਚਾਹ ਪੀਣ ਦੇ ਨਾਲ ਗੱਲਾਂ-ਬਾਤਾਂ ਸ਼ੁਰੂ ਹੋ ਗਈਆਂ। ਗੱਲਬਾਤ ਰਾਹੀਂ ਪਤਾ ਲੱਗਿਆ ਕਿ ਇਸ ਪਹਾੜੀ ਉੱਪਰ 3-4 ਘਰ ਹਨ, ਜਿਸ ਵਿਚ ਇਕੱਲਾ ਸਿੱਖਾਂ ਦਾ ਘਰ ਹੈ। ਇਸ ਪਰਿਵਾਰ ਦੀ ਇਕ ਬੇਟੀ ਲੁਧਿਆਣਾ ਵਿਆਹੀ ਹੋਈ ਹੈ ਅਤੇ ਦੂਸਰੀ ਬੇਟੀ ਪਾਲਮਪੁਰ ਵਿਆਹੀ ਹੋਈ ਹੈ। ਮੈਂ ਹੈਰਾਨ ਸਾਂ ਕਿ ਸਾਰਾ ਪਰਿਵਾਰ ਅੰਮ੍ਰਿਤਧਾਰੀ ਸੀ ਅਤੇ ਬੇਟੀਆਂ ਨੇ ਵੀ ਸਿਰ 'ਤੇ ਕੇਸਕੀਆਂ ਸਜਾਈਆਂ ਹੋਈਆਂ ਸਨ। ਪਰਿਵਾਰ ਨਾਲ ਵਿਚਾਰ-ਚਰਚਾ ਦੌਰਾਨ ਪੁੱਛਿਆ ਕਿ ਤੁਹਾਨੂੰ ਸਿੱਖੀ ਸਰੂਪ ਵਿਚ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਕਿਉਂਕਿ ਬਹੁਗਿਣਤੀ ਇੱਥੇ ਹਿੰਦੂ ਪਰਿਵਾਰਾਂ ਦੀ ਹੈ। ਇਸ ਘਰ ਵਿਚ ਸੰਤ ਜਰਨੈਲ ਸਿੰਘ ਭਿੰਡਰਾਵਾਲਿਆਂ ਦੀ ਤਸਵੀਰ ਵੀ ਲੱਗੀ ਹੋਈ ਸੀ। ਵਿੱਦਿਆ ਬਹੁਤ ਵੱਡੀ ਚੀਜ਼ ਹੈ, ਪਰਿਵਾਰ ਦੇ ਮੁਖੀ ਪ੍ਰਕਾਸ਼ ਸਿੰਘ ਜੀ ਨੇ ਦੱਸਿਆ ਕਿ ਸਾਡੇ ਕੋਲ ਸੰਵਿਧਾਨ ਨਾਲ ਸੰਬੰਧਿਤ ਕਿਤਾਬਾਂ ਹਨ। ਕੋਈ ਵੀ ਸਾਡੇ ਨਾਲ ਇਸ ਸੰਬੰਧੀ ਸਵਾਲ ਕਰਦਾ ਹੈ, ਤਾਂ ਅਸੀਂ ਕਹਿ ਦਿੰਦੇ ਹਾਂ ਕਿ ਸਾਨੂੰ ਸੰਵਿਧਾਨਕ ਹੱਕ ਹੈ। ਇਹ ਸੰਵਿਧਾਨ ਹੈ ਤੁਸੀਂ ਪੜ੍ਹ ਲਉ। ਦੂਸਰਾ ਉਨ੍ਹਾਂ ਦੱਸਿਆ ਕਿ ਸਾਨੂੰ ਇੱਥੋਂ ਦੇ ਜੰਮਪਲ ਹੋਣ ਕਰਕੇ ਪਹਾੜੀ ਬੋਲੀ ਆਉਂਦੀ ਹੈ। 1984 ਦੇ ਹਾਲਾਤਾਂ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਉਸ ਸਮੇਂ ਹਿਮਾਚਲ ਦੇ ਕਈ ਗੁਰਦੁਆਰੇ ਸਾੜੇ ਗਏ ਸਨ। ਸਾਨੂੰ ਵੀ ਜੰਗਲਾਂ ਵਿਚ ਲੁੱਕ-ਛਿਪ ਕੇ ਗੁਜ਼ਾਰਾ ਕਰਨਾ ਪਿਆ ਸੀ। ਪ੍ਰਕਾਸ਼ ਸਿੰਘ ਜੀ ਨੇ ਆਪਣੇ ਘਰ ਵਿਚ ਸਿੱਖ ਧਰਮ ਨਾਲ ਸੰਬੰਧਿਤ ਕਈ ਕਿਤਾਬਾਂ ਰੱਖੀਆਂ ਹੋਈਆਂ ਸਨ। ਪ੍ਰਕਾਸ਼ ਸਿੰਘ ਦੀਆਂ ਦੋ ਬੇਟੀਆਂ ਤੋਂ ਇਲਾਵਾ ਇਕ ਬੇਟਾ ਵੀ ਹੈ, ਜਿਸ ਨੇ ਅੰਮ੍ਰਿਤ ਛਕਿਆ ਹੋਇਆ ਹੈ। ਇਸ ਪਰਿਵਾਰ ਦੇ ਬਜ਼ੁਰਗਾਂ ਦਾ ਪਿਛੋਕੜ ਜਲੰਧਰ ਤੋਂ ਹੈ। ਪ੍ਰਕਾਸ਼ ਸਿੰਘ ਆਪਣੀ ਪਰਿਵਾਰਕ ਉਪਜੀਵਕਾ ਚਲਾਉਣ ਲਈ ਸ਼ਿਮਲਾ ਵਿਚ ਪਿਛਲੇ ਕਈ ਸਾਲਾਂ ਤੋਂ ਠੇਕੇਦਾਰੀ ਕਰ ਰਹੇ ਹਨ। ਇਸ ਪਰਿਵਾਰ ਦੀ ਥੋੜੀ ਬਹੁਤ ਖੇਤੀਬਾੜੀ ਹੈ ਅਤੇ ਪਸ਼ੂ ਵੀ ਰੱਖੇ ਹੋਏ ਹਨ। ਇਸ ਟੱਬਰ ਦੇ ਆਹਮੋ-ਸਾਹਮਣੇ ਦੋ ਘਰ ਹਨ। ਇਕ ਪੱਕਾ ਮਕਾਨ ਹੈ ਅਤੇ ਇਕ ਕੱਚਾ ਹੈ। ਪਰ ਦੋਨੋਂ ਬਹੁਤ ਸੋਹਣੇ ਹਨ। ਉਨ੍ਹਾਂ ਦੱਸਿਆ ਕਿ ਕੱਚਾ ਮਕਾਨ ਗਰਮੀਆਂ ਵਿਚ ਠੰਡਾ ਰਹਿੰਦਾ ਹੈ ਅਤੇ ਸਰਦੀਆਂ ਵਿਚ ਨਿੱਘਾ।

ਅਗਲੇ ਦਿਨ ਅੰਮ੍ਰਿਤ ਵੇਲੇ ਜਦੋਂ ਮੇਰੀ ਜਾਗ ਖੁੱਲ੍ਹੀ, ਕੰਨਾਂ ਵਿਚ ਆਸਾ ਦੇ ਵਾਰ ਦੀ ਬਾਣੀ ਗੂੰਜ ਰਹੀ ਸੀ। ਇਸ਼ਨਾਨ ਪਾਣੀ ਕਰਕੇ ਨਿਤਨੇਮ ਕੀਤਾ। ਸਵੇਰੇ ਸੱਤ ਕੁ ਵਜੇ ਘਰ ਦੀ ਛੱਤ 'ਤੇ ਚੜ੍ਹਕੇ ਪਹਾੜਾਂ ਦਾ ਬੜਾ ਸੁੰਦਰ ਨਜ਼ਾਰਾ ਸੀ।

ਦੂਰ ਪਹਾੜ 'ਤੇ ਪਈ ਚਿੱਟੀ ਬਰਫ ਦਾ ਸੁੰਦਰ ਨਜ਼ਾਰਾ ਦਿਖ ਰਿਹਾ ਸੀ। 9 ਵਜੇ ਦੇ ਕਰੀਬ ਟੈਂਟ, ਸਾਊਂਡ ਅਤੇ ਹਲਵਾਈ ਆਉਣੇ ਸ਼ੁਰੂ ਹੋ ਗਏ। ਗੁਰਦੁਆਰਾ ਦੂਰ ਹੋਣ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਵੀ ਨਹੀਂ ਲਿਆਂਦਾ ਜਾ ਸਕਦਾ ਸੀ। 11 ਵਜੇ ਦੇ ਕਰੀਬ ਪਰਿਵਾਰ ਦੇ ਜਵਾਈ ਵੱਲੋਂ ਸੁਖਮਨੀ ਸਾਹਿਬ ਦਾ ਪਾਠ ਆਰੰਭ ਕੀਤਾ ਗਿਆ। ਫਿਰ ਪੌਣੇ ਘੰਟੇ ਦੇ ਕਰੀਬ ਮੇਰੇ ਦੁਆਰਾ ਵਿਚਾਰ ਕੀਤੀ ਗਈ। ਸੰਗਤ ਵਿਚ ਉੱਪਰੋਂ ਦੀ ਕਿਰਪਾਨਾਂ ਪਾਈ 5 ਸੱਤ ਦੁਮਾਲਿਆਂ ਵਾਲੇ ਸਿੰਘ ਸਨ। ਬਾਕੀ 200 ਦੇ ਕਰੀਬ ਸਭ ਹਿੰਦੂ ਪਰਿਵਾਰ ਸਨ। ਕਈਆਂ ਦੇ ਸਿਰ ਪਹਾੜੀ ਹਿਮਾਚਲੀ ਟੋਪੀ ਪਾਈ ਸੀ। ਸਮਾਪਤੀ ਤੋਂ ਬਾਅਦ ਮੈਨੂੰ ਮਹਾਤਮਾ ਕਹਿ ਕੇ ਪੈਰੀਂ ਹੱਥ ਲਾ ਰਹੇ ਸੀ, ਆਪ ਕੇ ਪ੍ਰਵਚਨ ਬਹੁਤ ਅੱਛੇ ਥੇ। ਮੈਂ ਉਨ੍ਹਾਂ ਦੇ ਹੱਥ ਫੜ੍ਹ ਰਿਹਾ ਸੀ ਅਤੇ ਮੈਂ ਕਿਹਾ ਕਿ ਮੈਂ ਕੋਈ ਮਹਾਤਮਾ ਨਹੀਂ, ਯੂਨੀਵਰਸਿਟੀ ਦਾ ਵਿਦਿਆਰਥੀ ਹਾਂ। ਇਸ ਪਰਿਵਾਰ ਵੱਲੋਂ ਬਹੁਤ ਸਤਿਕਾਰ ਮਿਲਿਆ। ਪਹਾੜੀ ਲੋਕ ਛੋਟ-ਛੋਟੇ ਲਿਫਾਫਿਆਂ ਵਿਚ ਖੰਡ ਲੈ ਕੇ ਆ ਰਹੇ ਸਨ। ਮੈਂ ਉਸ ਪਰਿਵਾਰ ਨੂੰ ਪੁੱਛਿਆ ਕਿ ਇਹ ਕੀ ਹੈ? ਉਨ੍ਹਾਂ ਦੱਸਿਆ ਕਿ ਇਹ ਸਾਡੇ ਇੱਧਰ ਰਿਵਾਜ਼ ਹੈ। ਡੇਢ ਵਜੇ ਦੇ ਕਰੀਬ ਸਾਰੇ ਲੰਗਰ ਲਈ ਇਕੱਤਰ ਹੋਏ। ਇਸ ਨੂੰ ਧਾਮ ਕਿਹਾ ਜਾਂਦਾ ਹੈ, ਜਿਸ ਵਿਚ ਪ੍ਰਸ਼ਾਦਾ ਨਹੀਂ ਬਣਾਇਆ ਜਾਂਦਾ। ਸਿਰਫ ਚਾਵਲ, ਦਾਲ ਸਬਜ਼ੀਆਂ ਅਤੇ ਬੂੰਦੀ ਦਾ ਮਿੱਠਾ ਹੁੰਦਾ ਹੈ। ਲੋਕ ਪੱਤਲਾਂ ਵਿਚ ਚੌਲ ਪੁਵਾਕੇ ਹੱਥਾਂ ਨਾਲ ਖਾ ਰਹੇ ਸਨ। ਜਾਂਦੀ ਵਾਰ ਹਰੇਕ ਪਰਿਵਾਰ ਪੈਕ ਕੀਤੇ ਹੋਏ ਚੌਲਾਂ ਦਾ ਲਿਫਾਫਾ ਲੈ ਕੇ ਜਾ ਰਿਹਾ ਸੀ।

ਇਹ ਕਹਾਣੀ ਸਾਂਝੀ ਕਰਨ ਦਾ ਮਕਸਦ ਸਿਰਫ ਇਤਨਾ ਸੀ ਕਿ ਸਾਡੇ ਕੋਲ ਬਹੁਤ ਸਾਰੇ ਬਹਾਨੇ ਹੁੰਦੇ ਹਨ। ਸਿੱਖੀ ਤੋਂ ਦੂਰ ਹੋਣ ਦੇ, ਕੇਸ ਕਟਵਾਉਣ ਦੇ, ਅੰਮ੍ਰਿਤ ਨਾ ਛਕਣ ਦੇ, ਪਰ ਜਿਸਨੇ ਸਿੱਖੀ ਕਮਾਉਣੀ ਹੋਵੇ, ਉਹ ਪਹਾੜਾਂ ਦੇ ਔਖੇ ਹਾਲਾਤਾਂ ਵਿਚ ਰਹਿ ਕੇ ਵੀ ਕਮਾ ਲੈਂਦਾ ਹੈ। ਇਸ ਪਰਿਵਾਰ ਦੀ ਦਲੇਰੀ, ਦ੍ਰਿੜ੍ਹਤਾ ਅਤੇ ਗੁਰੂ 'ਤੇ ਭਰੋਸਾ ਹੀ ਹੈ, ਜੋ ਪਹਾੜਾਂ ਵਿਚ ਰਹਿਕੇ ਹਿੰਦੂ ਇਲਾਕੇ ਵਿਚ ਵੀ ਸਿੱਖੀ ਕਮਾ ਰਿਹਾ ਹੈ। ਸਾਡੀਆਂ ਸਿਰਮੌਰ ਸਿੱਖ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਇਹੋ ਜਿਹੇ ਸਿੱਖਾਂ ਦੀ ਹੌਂਸਲਾ ਅਫਜ਼ਾਈ ਕੀਤੀ ਜਾਵੇ, ਤਾਂ ਜੋ ਸਿੱਖੀ ਹੋਰ ਬੁਲੰਦ ਹੋ ਸਕੇ। ਇਸ ਪਰਿਵਾਰ ਵਿਚ ਤਕਰੀਬਨ ਡੇਢ ਕੁ ਦਿਨ ਬਿਤਾ ਕੇ ਇਸ ਇਲਾਕੇ ਦੇ ਰਹਿਣ-ਸਹਿਣ ਦਾ ਪਤਾ ਲੱਗਿਆ।

# ਪੁੱਤਾਂ ਦੀ ਘੋੜੀ ਗਾਉਣ ਲਈ ਧੀਆਂ ਦੀ ਲੋਹੜੀ ਮਨਾਉਣੀ ਜ਼ਰੂਰੀ ਹੈ

ਸੰਜੀਵ ਝਾਂਜੀ
ਜਗਰਾਉਂ।
ਸੰਪਰਕ : 80049-10000
ਪੰਜਾਬ ਮੇਲ USA



ਪੰਜਾਬ ਵਿਚ ਮਾਘ ਦੀ ਸੰਗਰਾਂਦ ਤੋਂ ਪਹਿਲੀ ਰਾਤ ਲੋਹੜੀ ਮਨਾ ਕੇ ਨਵੇਂ ਜੰਮੇ ਪੁੱਤ ਦੀ ਖੁਸ਼ੀ ਮਨਾਈ ਜਾਂਦੀ ਹੈ। ਲੋਹੜੀ ਦੀ ਤਿਆਰੀ 10-15 ਦਿਨ ਪਹਿਲਾਂ ਹੀ ਭਾਵ ਜਨਵਰੀ ਦਾ ਮਹੀਨਾ ਸ਼ੁਰੂ ਹੁੰਦੇ ਹੀ ਸ਼ੁਰੂ ਹੋ ਜਾਂਦੀ ਹੈ। ਨਵੇਂ ਜੰਮੇ ਮੁੰਡੇ ਦੀ ਮਾਂ, ਦਾਦੀ ਅਤੇ ਹੋਰ ਰਿਸ਼ਤੇਦਾਰ ਸ਼ਰੀਕੇ 'ਚ ਸ਼ਗਨਾਂ ਦਾ ਗੁੜ ਅਤੇ ਰਿਉੜੀਆਂ, ਮੂੰਗਫਲੀ ਦੇ ਨਾਲ ਵੰਡਣ ਝੁੰਡ ਬਣਾ ਕੇ ਤੁਰ ਪੈਂਦੇ ਹਨ। ਹਾਲਾਂਕਿ ਬਦਲਦੇ ਜ਼ਮਾਨੇ ਨੇ ਇਸ ਰਸਮ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ ਅਤੇ ਹੁਣ ਇਨ੍ਹਾਂ ਦੀ ਥਾਂ ਗੱਚਕ, ਰਿਉੜੀਆਂ ਦੇ ਡੱਬਿਆਂ ਨੇ ਲੈ ਲਈ ਹੈ, ਗੁੜ ਵੰਡਣ ਦਾ ਰਿਵਾਜ਼ ਤਾਂ ਲਗਭਗ ਖਤਮ ਹੀ ਹੋ ਗਿਆ ਹੈ ਪਰ ਫੇਰ ਵੀ ਸਾਡਾ ਇਹ ਸੱਭਿਆਚਾਰ ਸਾਡੇ ਪੇਂਡੂ ਖੇਤਰਾਂ ਵਿਚ ਕਿਤੇ-ਕਿਤੇ ਸਿਸਕ ਰਿਹਾ ਹੈ।

ਲੋਹੜੀ ਤੋਂ ਕੁੱਝ ਦਿਨ ਪਹਿਲਾਂ ਗਲ਼ੀ-ਮੁਹੱਲੇ ਦੀਆਂ ਛੋਟੀਆਂ-ਛੋਟੀਆਂ ਕੁੜੀਆਂ ਅਤੇ ਨਿੱਕੇ-ਨਿੱਕੇ ਬਾਲ ਆਪਣੇ ਗਰੁੱਪ ਬਣਾ ਕੇ ਲੋਹੜੀ ਮੰਗਣ ਤੁਰ ਪੈਂਦੇ ਹਨ। ਲੋਹੜੀ ਤੋਂ ਪਹਿਲੇ ਦਿਨਾਂ 'ਚ ਲੋਹੜੀ ਆਮ ਤੌਰ 'ਤੇ ਛੋਟੇ ਬੱਚੇ ਹੀ ਮੰਗਦੇ ਹਨ ਅਤੇ ਇਨ੍ਹਾਂ ਨੂੰ ਲੋਹੜੀ ਦੇਣਾ ਵੀ ਸ਼ਗਨ ਮੰਨਿਆ ਜਾਂਦਾ ਰਿਹਾ ਹੈ। ਇਹ ਲੋਹੜੀ ਮੰਗਣ ਦਾ ਤਰੀਕਾ ਸੰਗੀਤਮਈ ਹੁੰਦਾ ਹੀ ਹੈ।

ਸੁੰਦਰ ਮੁੰਦਰੀਏ! ਹੋ
ਤੇਰਾ ਕੌਣ ਵਿਚਾਰਾ, ਹੋ
ਦੁੱਲਾ ਭੱਟੀ ਵਾਲਾ, ਹੋ
ਦੁੱਲੇ ਧੀ ਵਿਆਹੀ, ਹੋ!
ਸੇਰ ਸ਼ੱਕਰ ਪਾਈ, ਹੋ!
ਕੁੜੀ ਦੀ ਝੋਲੀ ਪਾਈ, ਹੋ!
ਕੁੜੀ ਦਾ ਸਾਲੂ ਪਾਟਾ, ਹੋ!
ਸਾਲੂ ਕੌਣ ਸਮੇਟੇ, ਹੋ!
ਚਾਚਾ ਗਾਲੀ ਦੇਸੇ, ਹੋ!
ਚਾਚੇ ਚੂਰੀ ਕੁੱਟੀ, ਹੋ!
ਜ਼ਿਮੀਦਾਰਾਂ ਲੁੱਟੀ, ਹੋ!
ਜ਼ਿਮੀਦਾਰ ਸਦਾਓ, ਹੋ!
ਗਿਣ ਗਿਣ ਪੋਲੇ ਆਓ, ਹੋ!
ਕੁੜੀ ਦਾ ਸੋਹਰਾ ਆਇਆ, ਹੋ!
ਉਹਦੀ ਲੰਮੀ ਦਾਹੜੀ, ਹੋ!
ਉੱਤੇ ਧਰਾਂ ਅੰਗਿਆਰੀ, ਹੋ!
ਉੱਤੋਂ ਫੂਕ ਮਾਰੀ, ਹੋ!
ਉਹਦੀ ਸੜ ਗਈ ਦਾਹੜੀ, ਹੋ!

ਲੋਹੜੀ ਦੇ ਇਨ੍ਹਾਂ ਮੁੰਡਿਆਂ ਵਲੋਂ ਗਾਏ ਜਾਂਦੇ ਗੀਤਾਂ ਵਿਚ ਵੀਰ ਰਸ ਹੁੰਦਾ ਹੈ ਅਤੇ ਕੁੜੀਆਂ ਦੇ ਗੀਤਾਂ ਵਿਚ ਵੀਰਾਂ ਦੇ ਵਿਆਹ ਕੁੜਮਾਈ ਅਤੇ ਭਤੀਜਿਆਂ ਦੇ ਜਨਮ ਲਈ ਸ਼ੁੱਭ ਇਛਾਵਾਂ ਅਤੇ ਅਸੀਸਾਂ ਹੁੰਦੀਆਂ ਹਨ।



ਗੁੜ ਰੋੜੀਆਂ ਸੀ, ਨੀ ਭਾਈਆਂ ਜੋੜੀਆਂ ਸੀ।

ਨਿੱਕੀ ਨਿੱਕੀ ਮੰਜੀ ਦੇ ਰੰਗੀਲੇ ਪਾਵੇ,
ਵੀਰੇ ਦੇ ਘਰ ਬੇਟਾ ਹੋਵੇ, ਵੱਡਾ ਹੋਵੇ, ਵਡੇਰਾ ਹੋਵੇ,
ਨੀਲੀ ਘੋੜੀ ਚੜ੍ਹ-ਚੜ੍ਹ ਆਵੇ,
ਲੈ ਲਾ ਨੀ ਭਾਬੋ ਆਪਣੀ ਨੂੰਹ,
ਭਾਵੇਂ ਪੀੜੀ ਤੇ ਬਿਠਾਲ, ਭਾਵੇਂ ਪੱਟ 'ਤੇ ਬਿਠਾਲ, ਘੁੰਡ ਚੱਕ ਕੇ ਦਿਖਾਲ।

ਇਸ ਤਰ੍ਹਾਂ ਘਰਾਂ 'ਚੋ ਇਕੱਠੀਆਂ ਕੀਤੀਆਂ ਪਾਥੀਆਂ ਅਤੇ ਲੱਕੜਾਂ ਨੂੰ ਬੱਚੇ ਕਿਸੇ ਇਕ ਦੇ ਘਰ 'ਚ ਇਕੱਠਾ ਕਰਦੇ ਰਹਿੰਦੇ ਹਨ ਅਤੇ ਲੋਹੜੀ ਵਾਲੇ ਦਿਨ ਮੁਹੱਲੇ ਦੀ ਸਾਂਝੀ ਧੂਨੀ ਲਗਾ ਕੇ ਲੋਹੜੀ ਮਨਾਉਂਦੇ ਹਨ। ਪਿਛਲੇ ਲਗਪਗ ਡੇਢ ਕੁ ਦਹਾਕਿਆਂ ਤੋਂ ਇਸ ਤਰ੍ਹਾਂ ਲੋਹੜੀ ਮੰਗਣ ਦਾ ਰਿਵਾਜ਼ ਲਗਭਗ ਖਤਮ ਜਿਹਾ ਹੋ ਗਿਆ ਹੈ ਅਤੇ ਹੁਣ ਲੋਹੜੀ ਪਾਥੀਆਂ ਅਤੇ ਲੱਕੜਾਂ ਨੂੰ ਖਰੀਦ ਕੇ ਸਿੱਧੇ ਤੌਰ 'ਤੇ ਮਨਾਉਣੀ ਸ਼ੁਰੂ ਹੋ ਗਈ ਹੈ। ਬੱਚੇ ਵੀ ਹੁਣ ਲੋਹੜੀ ਮੰਗਣ ਵਿਚ ਹੱਤਕ ਮਹਿਸੂਸ ਕਰਨ ਲੱਗ ਪਏ ਹਨ।

ਉੱਤਰ ਭਾਰਤ ਦੇ ਕਈ ਸੂਬਿਆਂ 'ਚ ਲੋਹੜੀ ਦਾ ਇਹ ਤਿਉਹਾਰ ਅਪਾਰ ਖੁਸ਼ੀ ਦੇ ਨਾਲ ਮਨਾਇਆ ਜਾਂਦਾ ਹੈ। ਵੰਡ ਤੋਂ ਪਹਿਲਾਂ ਇਹ ਤਿਉਹਾਰ ਅੱਜ ਦੇ ਪਾਕਿਸਤਾਨ ਦੇ ਕਈ ਹਿੱਸਿਆਂ ਗੁੱਜਰਾਂਵਾਲਾ, ਸਿਆਲਕੋਟ, ਲਾਹੌਰ, ਲਾਇਲਪੁਰ, ਜੇਹਲਮ ਤੇ ਗੰਜੀਬਾਰ ਇਲਾਕਿਆਂ ਵਿਚ ਮਨਾਉਣ ਦਾ ਵੀ ਰਿਵਾਜ਼ ਰਿਹਾ ਹੈ। ਲੋਹੜੀ ਦੇ ਤਿਉਹਾਰ ਨਾਲ ਸੰਬੰਧਤ ਜਿਹੜੀ ਦੁੱਲਾ ਭੱਟੀ ਦੀ ਕਹਾਣੀ ਪ੍ਰਸਿੱਧ ਹੈ, ਉਹ ਵੀ ਗੰਜੀਬਾਰ ਇਲਾਕੇ ਨਾਲ ਹੀ ਸੰਬੰਧਤ ਹੈ।

ਅੱਜਕੱਲ੍ਹ ਲੋਹੜੀ ਮੰਗਣ ਵਾਲਿਆਂ ਨੂੰ ਇਨ੍ਹਾਂ ਵਿਚੋਂ ਬਹੁਤੇ ਤਾਂ ਚੇਤੇ ਹੀ ਨਹੀਂ ਹੁੰਦੇ। ਇਹ ਸਾਡੇ ਪੰਜਾਬੀ ਸੱਭਿਆਚਾਰ ਦੀ ਵਿਡੰਬਣਾ ਹੈ ਕਿ ਇਨ੍ਹਾਂ ਗੀਤਾਂ ਨਾਲ ਸਾਡੀਆਂ ਮੌਜੂਦਾ ਪੀੜ੍ਹੀਆਂ ਜਾਣੂ ਨਹੀਂ ਹਨ ਅਤੇ ਅਸੀਂ ਸਿਰਫ 'ਸੁੰਦਰ ਮੁੰਦਰੀਏ ਹੋ, ਤੇਰਾ ਕੌਣ ਵਿਚਾਰ ਹੋ' ਨੂੰ ਹੀ ਲੋਹੜੀ ਦਾ ਗੀਤ ਬਣਾਈ ਅਤੇ ਸਮਝੀ ਬੈਠੇ ਹਾਂ। ਇਹ ਗੀਤ ਤਾਂ ਲੋਹੜੀ ਦੇ ਗੀਤਾਂ ਦਾ ਇਕ ਅੰਸ਼ ਹੈ ਅਤੇ ਦੁੱਲੇ ਭੱਟੀ ਵਲੋਂ ਕੀਤੇ ਸ਼ਾਨਦਾਰ ਕੰਮ ਦੀ ਸ਼ਲਾਘਾ ਅਤੇ ਉਸ ਨੂੰ ਸ਼ਾਬਾਸ਼ੀ ਹੈ।

ਕਹਿੰਦੇ ਹਨ ਕਿ ਮੌਜੂਦਾ ਪਾਕਿਸਤਾਨ ਦੇ ਗੰਜੀਬਾਰ ਇਲਾਕੇ (ਅੱਜਕੱਲ੍ਹ ਦਾ ਬਹਾਵਲਨਗਰ ਖੇਤਰ) 'ਚ ਇਕ ਬ੍ਰਾਹਮਣ ਰਹਿੰਦਾ ਸੀ। ਉਸਦੀਆਂ ਦੋ ਬਹੁਤ ਹੀ ਸੁਨੱਖੀਆਂ ਧੀਆਂ ਸਨ, ਜਿਨ੍ਹਾ ਨਾਂ ਸੁੰਦਰੀ ਅਤੇ ਮੁੰਦਰੀ ਸੀ। ਹਰ ਕੋਈ ਉਸਦੀ ਸੁੰਦਰਤਾ ਦਾ ਦੀਵਾਨਾ ਸੀ। ਉਹ ਅਕਬਰ ਦੇ ਗੰਜੀਬਾਰ ਇਲਾਕੇ ਦੇ ਮੁਗਲ ਅਹਿਲਕਾਰ ਦੀ ਨਜ਼ਰੀਂ ਚੜ੍ਹ ਗਈਆਂ। ਉਸ ਨੇ ਸੁੰਦਰੀ-ਮੁੰਦਰੀ ਦੇ ਬ੍ਰਾਹਮਣ ਪਿਤਾ ਨੂੰ ਲਾਲਚ ਭਰਪੂਰ ਇਕ ਸੁਨੇਹਾ ਭੇਜ ਕੇ ਹਿਦਾਇਤ ਕੀਤੀ ਕਿ ਉਹ ਸੁੰਦਰੀ ਅਤੇ ਮੁੰਦਰੀ ਨੂੰ ਉਸ ਦੇ ਹਰਾਮ ਵਿਚ ਭੇਜ ਦੇਵੇ। ਸੁਨੇਹਾ ਸੁਣਦੇ ਹੀ ਬ੍ਰਾਹਮਣ ਆਪਣੀ ਧੀ ਨੂੰ ਲੈ ਕੇ ਲਾਗਲੇ ਪਿੰਡੀ ਭੱਟੀਆਂ ਖੇਤਰ ਦੇ ਜੰਗਲਾਂ ਵੱਲ ਨੂੰ ਤੁਰ ਪਿਆ, ਜਿੱਥੇ ਉਸ ਵੇਲੇ ਦਾ ਪ੍ਰਸਿੱਧ ਡਾਕੂ ਦੁੱਲਾ ਭੱਟੀ ਰਹਿੰਦਾ ਸੀ। ਉਸ ਨੇ ਸਾਰੀ ਗੱਲ ਜਾ ਕੇ ਦੁੱਲਾ ਭੱਟੀ ਨੂੰ ਸੁਣਾਈ। ਦੁੱਲਾ ਭੱਟੀ ਨੇ ਉਨ੍ਹਾਂ ਕੁੜੀਆਂ ਲਈ ਯੋਗ ਵਰ ਲੱਭ ਕੇ ਅਤੇ ਉਨ੍ਹਾਂ ਨੂੰ ਆਪਣੀ ਧੀ ਸਮਝ ਕੇ ਵਿਆਹ ਦਿੱਤਾ। ਇਹ ਵਿਆਹ ਰਾਤ ਦੇ ਸਮੇਂ ਵਿਚ ਹੋਇਆ। ਉਸ ਵੇਲੇ ਦੁੱਲਾ ਭੱਟੀ ਕੋਲ ਉਸ ਨੂੰ ਦੇਣ ਲਈ ਕੁਝ ਵੀ ਨਹੀ ਸੀ। ਇਸ ਲਈ ਉਸ ਨੇ ਇਕ ਸੇਰ ਸ਼ੱਕਰ ਅਤੇ ਕੁੱਝ ਤਿਲ ਦੇ ਕੇ ਉਨ੍ਹਾਂ ਨੂੰ ਵਿਦਾ ਕਰ ਦਿੱਤਾ। ਅਗਲੀ ਸਵੇਰ ਜਦੋਂ ਗੰਜੀਬਾਰ ਇਲਾਕੇ ਦੇ ਮੁਗਲ ਅਹਿਲਕਾਰ ਨੂੰ ਸੁੰਦਰੀ ਅਤੇ ਮੁੰਦਰੀ ਦੇ ਵਿਆਹ ਦੀ ਘਟਨਾ ਦਾ ਪਤਾ ਲੱਗਾ, ਤਾਂ ਉਸ ਨੇ ਇਲਾਕੇ ਨੂੰ ਘੇਰਨ ਅਤੇ ਦੁੱਲਾ ਭੱਟੀ ਨੂੰ ਮਾਰਨ ਦਾ ਹੁਕਮ ਦਿੱਤਾ। ਗੰਜੀਬਾਰ ਇਲਾਕੇ ਦੇ ਅਵਾਮ ਅਤੇ ਦੁੱਲਾ ਭੱਟੀ ਨੇ ਫੌਜ ਨੂੰ ਖਦੇੜ ਦਿੱਤਾ। ਇਸ ਖੁਸ਼ੀ ਵਿਚ ਇਲਾਕੇ ਦੇ ਲੋਕਾਂ ਨੇ ਧੂਨੀਆਂ ਜਲਾ ਕੇ ਖੁਸ਼ੀ ਮਨਾਈ। ਇਸੇ ਦੁੱਲਾ ਭੱਟੀ ਨੂੰ ਯਾਦ ਕਰਦਿਆਂ ਇਹ ਗੀਤ ਲੋਹੜੀ ਮੰਗਣ ਵੇਲੇ ਜ਼ਰੂਰ ਗਾਇਆ ਜਾਂਦਾ ਹੈ।

ਪਰ ਅੱਜਕੱਲ੍ਹ ਜ਼ਮਾਨਾ ਬਦਲ ਗਿਆ ਹੈ। ਜਿਸ ਹਿਸਾਬ ਨਾਲ ਮੁੰਡਿਆਂ ਅਤੇ ਕੁੜੀਆਂ ਦੀ ਅਨੁਪਾਤ ਵਿਚ ਅੰਤਰ ਆ ਰਿਹਾ ਹੈ, ਉਸ ਹਿਸਾਬ ਨਾਲ ਪਿਛਲੇ ਕੁਝ ਕੁ ਸਾਲਾਂ ਤੋਂ ਲੋਕਾਂ ਦਾ ਧਿਆਨ ਕੁੜੀਆਂ ਦੀ ਲੋਹੜੀ ਮਨਾਉਣ ਵੱਲ ਵੀ ਹੋਇਆ ਹੈ। ਕੁੱਝ ਕੁ ਥਾਵਾਂ 'ਤੇ ਧੀਆਂ ਦੀ ਲੋਹੜੀ ਮਨਾਉਣ ਦੀਆਂ ਖ਼ਬਰਾਂ ਵੀ ਪਿਛਲੇ ਸਾਲਾਂ ਦੌਰਾਨ ਆਈਆਂ ਹਨ, ਜੋ ਕਿ ਇਕ ਚੰਗੀ ਤੇ ਸ਼ਲਾਘਾਯੋਗ ਗੱਲ ਹੈ। ਧੀ ਨਾਲ ਹੀ ਜੀਵਨ ਹੈ। ਜੇਕਰ ਅਸੀਂ ਧੀਆਂ ਦੀ ਲੋਹੜੀ ਮਨਾਵਾਂਗੇ, ਤਾਹੀਓਂ ਤਾਂ ਪੁੱਤਾਂ ਨੂੰ ਘੋੜੀ ਗਾ ਕੇ ਸ਼ਗਨ ਮਨਾਵਾਂਗੇ। ਜਿਹੜੇ ਲੋਕ ਹਾਲੇ ਇਹ ਲੋਹੜੀ ਮਨਾਉਣ ਨਹੀਂ ਲੱਗੇ, ਉਨ੍ਹਾਂ ਨੂੰ ਹੋਰਾਂ ਦੇ ਸੰਗ ਰੱਲ ਕੇ ਇਹ ਕਸਮ ਖਾਣੀ ਚਾਹੀਦੀ ਹੈ ਕਿ ਅਸੀਂ ਵੀ ਕੁੜੀਆਂ ਦੀ ਲੋਹੜੀ ਮੁੰਡਿਆਂ ਵਾਂਗ ਹੀ ਮਨਾਇਆ ਕਰਾਂਗੇ।

ਰਲ਼ ਤੀਜ ਤੇ ਤਿਉਹਾਰ ਮਨਾਇਆ ਕਰਾਂਗੇ।
ਨਾਲ਼ੇ ਹੱਸਾਂਗੇ ਤੇ ਖ਼ੁਸ਼ੀ ਵੀ ਮਨਾਇਆ ਕਰਾਂਗੇ।
ਮੁੰਡਿਆਂ ਦੀ ਲੋਹੜੀ ਤਾਂ ਮਨਾਉਂਦੇ ਆਂ ਅਸੀਂ,
ਹੁਣ ਕੁੜੀਆਂ ਦੀ ਲੋਹੜੀ ਵੀ ਮਨਾਇਆ ਕਰਾਂਗੇ।

# ਕੌਣ ਸੀ ਦੁੱਲਾ ਭੱਟੀ?


ਸੰਜੀਵ ਝਾਂਜੀ
ਜਗਰਾਉਂ।
ਸੰਪਰਕ : 80049-10000
ਪੰਜਾਬ ਮੇਲ USA



ਸੁੰਦਰੀ ਅਤੇ ਮੁੰਦਰੀ ਦਾ ਵਿਆਹ ਕਰਨ ਕਾਰਨ ਦੁੱਲਾਂ ਭੱਟੀ ਅਮਰ ਹੋ ਗਿਆ। ਲੁੱਟਾਂ-ਖੋਹਾਂ ਕਰਨੀਆਂ ਅਤੇ ਡਾਕੇ ਮਾਰਨ ਵਾਲੇ ਡਾਕੂ ਹਮੇਸ਼ਾ ਬਦਨਾਮ ਹੀ ਹੋਇਆ ਕਰਦੇ ਅਤੇ ਆਮ ਲੋਕਾਂ 'ਚ ਇਨ੍ਹਾਂ ਦਾ ਡਰ-ਭੈਅ ਬਣਿਆ ਹੁੰਦਾ ਹੈ ਪਰ ਇਹ ਗਾਥਾ ਪੰਜਾਬ ਦੇ ਮਸ਼ਹੂਰ ਲੋਕ ਨਾਇਕਾਂ ਜੱਗਾ ਡਾਕੂ, ਜਿਊਣਾ ਮੌੜ ਅਤੇ ਦੁੱਲਾ ਭੱਟੀ ਦੇ ਕੰਮ, ਸੁਭਾਅ ਅਤੇ ਵਤੀਰੇ ਨਾਲ ਮੇਲ ਨਹੀਂ ਖਾਂਦੀ। ਡਾਕੇ ਮਾਰਨੇ ਤੇ ਲੁੱਟ ਦਾ ਮਾਲ ਦੀਨ-ਦੁਖੀਆਂ ਅਤੇ ਲੋੜਵੰਦਾਂ 'ਤੇ ਲਗਾ ਦੇਣ ਕਾਰਨ ਹੀ ਇਨ੍ਹਾਂ ਨੇ ਪੰਜਾਬੀਆਂ ਦੇ ਦਿਲਾਂ 'ਚ ਡੂੰਘੀ ਅਮਿੱਟ ਛਾਪ ਛੱਡੀ ਹੈ। ਅੱਜ ਵੀ ਇਹ ਪੰਜਾਬੀਆਂ ਦੀਆਂ ਜ਼ੁਬਾਨਾਂ 'ਤੇ ਰਾਜ ਕਰਦੇ ਹਨ। ਸੁੰਦਰੀ ਅਤੇ ਮੁੰਦਰੀ ਨਾਮੀਂ ਦੋ ਹਿੰਦੂ ਕੁੜੀਆਂ ਨੂੰ ਜ਼ਾਲਮਾਂ ਦੀਆਂ ਬੁਰੀਆਂ ਨਜ਼ਰਾਂ ਤੋਂ ਬਚਾ ਕੇ ਉਨ੍ਹਾਂ ਦਾ ਪਿਓ ਬਣ ਕੇ ਉਨ੍ਹਾਂ ਦਾ ਵਿਆਹ ਕਰਨ ਕਾਰਨ ਦੁੱਲਾ ਭੱਟੀ ਸਦਾ-ਸਦਾ ਲਈ ਅਮਰ ਹੋ ਗਿਆ। ਹਰ ਸਾਲ ਅਸੀਂ "ਸੁੰਦਰ ਮੁੰਦਰੀਏ! ਹੋ, ਤੇਰਾ ਕੌਣ ਵਿਚਾਰਾ ਹੋ" ਗੀਤ ਗਾ ਕੇ ਉਸਨੂੰ ਯਾਦ ਕਰਦੇ ਹਾਂ। ਇਹ ਦੁੱਲਾ ਭੱਟੀਆਂ ਵਾਲਾ ਪੰਜਾਬ ਦੇ ਇਤਿਹਾਸ ਦਾ ਇਕ ਅਮਰ ਕਿਰਦਾਰ ਹੈ।

ਘੁੱਟ-ਘੁੱਟ ਪੀਲੋ ਦੋਸਤੋ, ਵਗੇ ਇਲਮ ਦੀ ਨਹਿਰ।
ਵਾਰ ਦੁੱਲੇ ਰਜਪੂਤ ਦੀ, ਗੌਣ ਖੜੋਤੇ ਸ਼ਾਇਰ। (ਬਾਬੂ ਰਜਬ ਅਲੀ)

ਕੀ ਤੁਸੀਂ ਦੁੱਲੇ ਭੱਟੀ ਬਾਰੇ ਕੁਝ ਹੋਰ ਵੀ ਜਾਣਦੇ ਹੋ? ਦੁੱਲਾ ਭੱਟੀ ਦਾ ਜਨਮ ਮੁਗਲ ਬਾਦਸ਼ਾਹ ਅਕਬਰ ਦੇ ਰਾਜਕਾਲ ਦੌਰਾਨ ਸੋਲਵੀਂ ਸਦੀ ਦੇ ਸੱਤਵੇਂ ਦਹਾਕੇ ਦੇ ਆਖਰੀ ਸਾਲ (1569) ਵਿਚ ਮੁਸਲਿਮ ਰਾਜਪੂਤ ਰਾਏ ਫ਼ਰੀਦ ਖ਼ਾਨ ਭੱਟੀ ਦੇ ਘਰ, ਮਾਤਾ ਲੱਧੀ ਦੀ ਕੁੱਖੋਂ




ਸਾਂਦਲ ਬਾਰ ਦੇ ਇਲਾਕੇ ਦੇ ਇਕ ਪਿੰਡ ਭੱਟੀਆਂ/ਦੁੱਲੇਕੀ (ਅੱਜਕੱਲ੍ਹ ਦੁੱਲੇਕੀ ਬਾਈਪਾਸ ਦਾ ਇਲਾਕਾ) ਵਿਖੇ ਹੋਇਆ। ਰਾਏ ਫ਼ਰੀਦ ਖ਼ਾਨ ਭੱਟੀ ਇਸ ਇਲਾਕੇ ਦਾ ਸਰਦਾਰ ਸੀ। ਇਹ ਇਲਾਕਾ ਅੱਜਕੱਲ੍ਹ ਪਾਕਿਸਤਾਨੀ ਪੰਜਾਬ ਦੇ ਜ਼ਿਲ੍ਹਾ ਹਾਫਿਜ਼ਾਬਾਦ ਦੀ ਤਹਿਸੀਲ ਪਿੰਡੀ ਭੱਟੀਆਂ ਵਿਚ ਪੈਂਦਾ ਹੈ।

ਦੁੱਲੇ ਦੇ ਜਨਮ ਤੋਂ ਕੁਝ ਚਿਰ ਪਹਿਲਾਂ ਅਕਬਰ ਨੇ ਇਲਾਕੇ ਦੀਆਂ ਸਾਰੀਆਂ ਜ਼ਮੀਨਾਂ ਦੀ ਮਿਣਤੀ ਕਰਵਾ ਕੇ ਲਗਾਨ ਸਰਦਾਰਾਂ/ਜ਼ਿਮੀਦਾਰਾਂ ਦੀ ਥਾਂ ਖੁਦ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਪਰ ਲਗਾਨ/ਮਾਮਲਾ ਇਕੱਠਾ ਕਰਨਾ ਜ਼ਿਮੀਂਦਾਰ ਆਪਣਾ ਹੱਕ ਸਮਝਦੇ ਸਨ, ਜਿਸ ਕਾਰਨ ਉਹ ਭੜਕ ਗਏ ਤੇ ਬਗ਼ਾਵਤ ਕਰ ਦਿੱਤੀ। ਰਾਏ ਫ਼ਰੀਦ ਖ਼ਾਨ ਭੱਟੀ ਵੀ ਬਗ਼ਾਵਤੀ ਹੋ ਗਿਆ ਪਰ ਮੁਗ਼ਲਾਂ ਦੀਆਂ ਵੱਡੀਆਂ ਫੌਜਾਂ ਨੇ ਜਲਦੀ ਹੀ ਬਗ਼ਾਵਤ ਨੂੰ ਕੁਚਲ ਦਿੱਤਾ। ਰਾਏ ਫ਼ਰੀਦ ਖ਼ਾਨ ਭੱਟੀ, ਉਸਦੇ ਪਿਤਾ ਸਾਂਦਲ ਖ਼ਾਨ ਭੱਟੀ ਅਤੇ ਸਾਥੀਆਂ ਨੂੰ ਫਾਂਸੀ 'ਤੇ ਲਟਕਾ ਦਿੱਤਾ ਅਤੇ ਜਗੀਰ ਜ਼ਬਤ ਕਰ ਲਈ। ਕਹਿੰਦੇ ਹਨ ਕਿ ਫ਼ਰੀਦ ਖ਼ਾਨ, ਉਸ ਦੇ ਪਿਤਾ ਸਾਂਦਲ ਖ਼ਾਨ ਉਰਫ ਬਿਜਲੀ ਖਾਨ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਾਸ਼ਾਂ ਤੂੜੀ ਨਾਲ ਭਰ ਕੇ ਲਾਹੌਰ ਦੇ ਸ਼ਾਹੀ ਕਿਲ੍ਹੇ ਦੇ ਦਰਵਾਜ਼ੇ 'ਤੇ ਲਟਕਾ ਦਿੱਤੀਆਂ ਗਈਆਂ ਸਨ।

ਦੁੱਲੇ ਦਾ ਜਨਮ ਇਸ ਘਟਨਾ ਤੋਂ ਚਾਰ ਕੁ ਮਹੀਨੇ ਬਾਅਦ ਹੋਇਆ। ਉਹ ਬਚਪਨ ਤੋਂ ਹੀ ਬੜਾ ਦਲੇਰ ਅਤੇ ਹੱਕ-ਸੱਚ ਦਾ ਹਾਮੀ ਸੀ। ਤੀਰ, ਤਲਵਾਰ ਆਦਿ ਚਲਾਉਣਾ ਉਸਨੂੰ ਬੜਾ ਪਸੰਦ ਸੀ। ਜਦੋਂ ਉਸਨੂੰ ਆਪਣੇ ਪਿਓ-ਦਾਦੇ ਦੀ ਮੌਤ ਦੀ ਹੋਣੀ ਬਾਰੇ ਪਤਾ ਲੱਗਾ, ਤਾਂ ਉਸ ਵਿਚ ਬਦਲਾ ਲੈਣ ਦੀ ਚਿੰਗਾਰੀ ਸੁਲਗ ਉੱਠੀ। ਉਸ ਨੇ ਲੋਕਾਂ ਨੂੰ ਆਪਣੇ ਨਾਲ ਜੋੜ ਕੇ ਅਕਬਰ ਅਤੇ ਮੁਗ਼ਲ ਰਾਜ ਖ਼ਿਲਾਫ਼ ਬਗ਼ਾਵਤ ਕਰ ਦਿੱਤੀ। ਮੁਗ਼ਲਾਂ ਦੇ ਕਈ ਹੰਕਾਰੀ ਅਤੇ ਨਿਰਦਈ ਵਜ਼ੀਰਾਂ ਆਦਿ ਨੂੰ ਕਤਲ ਕਰ ਦਿੱਤਾ। ਉਸ ਨੇ ਅਨੇਕਾਂ ਗ਼ਰੀਬ ਘਰਾਂ ਦੀਆਂ ਕੁੜੀਆਂ ਦੇ ਵਿਆਹ ਕੀਤੇ। ਇਲਾਕੇ ਦੇ ਲੋਕਾਂ ਪ੍ਰਤੀ ਉਸ ਦਾ ਵਿਵਹਾਰ ਬਹੁਤ ਹੀ ਪਿਆਰ ਭਰਿਆ ਸੀ। ਉਸ ਦੇ ਕਈ ਡਾਕੇ ਬੜੇ ਮਸ਼ਹੂਰ ਹੋਏ ਸਨ। ਅਕਬਰ ਲਈ ਖ਼ਾਸ ਅਰਬੀ ਘੋੜੇ ਲੈ ਕੇ ਜਾਂਦੇ ਕਾਬੁਲ ਦੇ ਵਪਾਰੀ ਅਤੇ ਸ਼ਾਹ ਇਰਾਨ ਵੱਲੋਂ ਭੇਜੇ ਗਏ ਤੋਹਫ਼ੇ ਲੁੱਟ ਕੇ ਉਸਨੇ ਅਕਬਰ ਨੂੰ ਸਿੱਧੀ ਚੁਣੌਤੀ ਦੇ ਦਿੱਤੀ। ਸਰਕਾਰੀ ਖ਼ਜ਼ਾਨਾ ਅਤੇ ਹੋਰ ਲੁੱਟ ਦਾ ਸਾਮਾਨ ਗ਼ਰੀਬਾਂ ਵਿਚ ਵੰਡਣ ਕਾਰਨ ਉਹ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਲੱਗਾ। ਲੋਕ ਦੁੱਲੇ ਨੂੰ ਹੀਰੋ ਸਮਝਣ ਲੱਗੇ। ਦੁੱਲੇ ਦੀ ਪਰੋਪਕਾਰੀ ਚੜ੍ਹਤ ਨੂੰ ਕੁਚਲਣ ਦੀ ਸਰਕਾਰ ਨੇ ਬੜੀ ਕੋਸ਼ਿਸ਼ ਕੀਤੀ। ਅਕਬਰ ਨੇ ਉਸ ਨੂੰ ਕਾਬੂ ਕਰਨ ਲਈ ਆਪਣੇ ਦੋ ਬਹੁਤ ਹੀ ਕਾਬਲ ਜਰਨੈਲ ਮਿਰਜ਼ਾ ਅਲਾਉਦੀਨ ਅਤੇ ਮਿਰਜ਼ਾ ਜ਼ਿਆਉਦੀਨ ਖ਼ਾਨ ਵੱਡੀ ਗਿਣਤੀ 'ਚ ਫੌਜ ਸਮੇਤ ਲਾਹੌਰ ਭੇਜੇ। ਦੁੱਲੇ ਨੂੰ ਫੜਣ ਲਈ ਹਰ ਹੀਲਾ ਕੀਤਾ ਗਿਆ, ਉਸਦੇ ਘਰ/ਇਲਾਕੇ ਦੀਆਂ ਔਰਤਾਂ ਤੱਕ ਨੂੰ ਬੰਦੀ ਬਣਾ ਲਿਆ ਗਿਆ ਪਰ ਸਰਕਾਰ ਨੂੰ ਸਫਲਤਾ ਨਾ ਮਿਲੀ। ਫਿਰ ਸਰਕਾਰ ਨੇ ਧੋਖੇ ਦਾ ਸਹਾਰਾ ਲਿਆ। ਦੁੱਲੇ ਭੱਟੀ ਦਾ ਚਾਚਾ ਜਲਾਲੂਦੀਨ ਮੁਗ਼ਲਾਂ ਦਾ ਮੁਖ਼ਬਰ ਬਣ ਗਿਆ। ਵਿਚੋਲੇ ਪਾ ਕੇ ਸਮਝੌਤੇ ਦੀ ਗੱਲਬਾਤ ਕਰਨ ਲਈ ਦੁੱਲੇ ਨੂੰ ਸੱਦਿਆ ਗਿਆ। ਗੱਲਬਾਤ ਦੌਰਾਨ ਉਸ ਨੂੰ ਰੋਟੀ ਵਿਚ ਨਸ਼ਾ ਮਿਲਾ ਕੇ ਦੇ ਦਿੱਤਾ। ਸਿੱਟੇ ਵੱਜੋਂ ਉਹ ਬੇਹੋਸ਼ ਹੋ ਗਿਆ। ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਲਾਹੌਰ ਬੰਦ ਕਰ ਦਿੱਤਾ ਗਿਆ। ਆਖ਼ਰ 26 ਮਾਰਚ 1599 ਵਿਚ ਮਹਿਜ਼ 30 ਕੁ ਸਾਲ ਦੀ ਉਮਰ ਵਿਚ ਦੁੱਲਾ ਭੱਟੀ ਨੂੰ ਲਾਹੌਰ ਵਿਚ ਕੋਤਵਾਲੀ ਦੇ ਸਾਹਮਣੇ ਫਾਂਸੀ ਲਗਾ ਦਿੱਤੀ ਗਈ। (ਕੁਝ ਇਤਿਹਾਸਕਾਰ ਜਨਮ ਦਾ ਸਮਾਂ 1547 ਅਤੇ ਮੌਤ ਦਾ ਸਮਾਂ 1589 ਮੰਨਦੇ ਹਨ।)

ਕਹਿੰਦੇ ਹਨ ਕਿ ਉਸ ਦੀਆਂ ਆਖ਼ਰੀ ਰਸਮਾਂ ਮਹਾਨ ਸੂਫ਼ੀ ਸੰਤ ਸ਼ਾਹ ਹੁਸੈਨ ਨੇ ਨਿਭਾਈਆਂ ਸਨ। ਉਸ ਦੀ ਕਬਰ ਲਾਹੌਰ ਦੇ ਮਿਆਣੀ ਸਾਹਿਬ ਕਬਰਿਸਤਾਨ ਵਿਚ ਬਣੀ ਹੋਈ ਹੈ। ਫਾਂਸੀ ਤਾਂ ਲੱਗ ਗਈ ਪਰ ਇਲਾਕੇ ਦੇ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲਾ ਦੁੱਲਾ ਭੱਟੀ ਅਮਰ ਹੋ ਗਿਆ। ਪੀੜ੍ਹੀਆਂ ਦੀਆਂ ਪੀੜ੍ਹੀਆਂ ਲੰਘਣ ਦੇ ਬਾਵਜੂਦ ਅੱਜ ਵੀ ਪੰਜਾਬੀ ਉਸਨੂੰ ਯਾਦ ਸਲਾਮ ਕਰਦੇ ਹਨ। "ਸੁੰਦਰ ਮੁੰਦਰੀਏ! ਹੋ, ਤੇਰਾ ਕੌਣ ਵਿਚਾਰਾ ਹੋ, ਦੁੱਲਾ ਭੱਟੀ ਵਾਲਾ ਹੋ" ਗੀਤ ਅਸਲ ਵਿਚ ਉਸਦੇ ਨੇਕ ਕਾਰਜਾਂ ਪ੍ਰਤੀ ਉਸਨੂੰ ਸੱਚੀ ਸ਼ਰਧਾਂਜਲੀ ਹੀ ਹੈ।

# ਮਕਰ ਸੰਕ੍ਰਾਂਤੀ

-ਸਰਬਜੀਤ ਸਿੰਘ
sarbjits@gmail.com
ਪੰਜਾਬ ਮੇਲ USA



ਸੂਰਜ, ਜਿਸ ਦਿਨ ਨਵੀਂ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ, ਉਸ ਦਿਨ ਨੂੰ ਸੰਕ੍ਰਾਂਤ (ਸੰਗਰਾਂਦ) ਕਿਹਾ ਜਾਂਦਾ ਹੈ। ਬਿਕ੍ਰਮੀ ਕੈਲੰਡਰ ਵਿਚ ਸਾਲ ਦੇ 12 ਮਹੀਨੇ (ਵੈਸਾਖ ਤੋਂ ਚੇਤ) ਅਤੇ ਤਾਰਾ ਮੰਡਲ ਵਿਚ 12 ਹੀ ਰਾਸ਼ੀਆਂ ਮੰਨੀਆਂ ਗਈਆਂ ਹਨ। ਇਸ ਤਰ੍ਹਾਂ ਪੂਰੇ ਸਾਲ ਵਿਚ 12 ਸੰਕ੍ਰਾਂਤੀਆਂ ਆਉਂਦੀਆਂ ਹਨ। ਇਨ੍ਹਾਂ ਵਿਚੋਂ ਦੋ ਸੰਕ੍ਰਾਂਤੀਆਂ ਬਹੁਤ ਹੀ ਮਹੱਤਵਪੂਰਨ ਮੰਨੀਆਂ ਜਾਂਦੀਆਂ ਹਨ। ਪਹਿਲੀ ਕਰਕ ਸੰਕ੍ਰਾਂਤੀ, ਜਿਸ ਦਿਨ ਸੂਰਜ ਮਿਥੁਨ ਰਾਸ਼ੀ ਤੋਂ ਕਰਕ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ। ਦੂਜੀ ਹੈ ਮਕਰ ਸੰਕ੍ਰਾਂਤੀ, ਜਿਸ ਦਿਨ ਸੂਰਜ ਧਨ ਰਾਸ਼ੀ ਤੋਂ ਮਕਰ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ। ਸੰਮਤ 2081 ਬਿਕ੍ਰਮੀ ਵਿਚ ਕਰਕ ਸੰਕ੍ਰਾਂਤੀ ਭਾਵ ਸਾਵਣ ਦੀ ਸੰਗਰਾਂਦ 16 ਜੁਲਾਈ 2024 ਈ: ਅਤੇ ਮਕਰ ਸੰਕ੍ਰਾਂਤੀ ਜਨਵਰੀ 14 ਨੂੰ 2025 ਈ: ਨੂੰ ਹੈ। ਇਨ੍ਹਾਂ ਦਿਨਾਂ ਵਿਚ ਪਵਿੱਤਰ ਨਦੀਆਂ ਵਿਚ ਇਸ਼ਨਾਨ, ਜਾਪ ਅਤੇ ਪੁੰਨ-ਦਾਨ-ਕਰਨ ਦਾ ਖਾਸ ਮਹੱਤਵ ਮੰਨਿਆ ਜਾਂਦਾ ਹੈ। ਸੂਰਜ, ਜਿਸ ਦਿਨ ਮਕਰ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ, ਉਸ ਤੋਂ ਇਕ ਦਿਨ ਪਹਿਲਾ, ਭਾਵ ਪੋਹ ਮਹੀਨੇ ਦੇ ਆਖਰੀ ਦਿਨ ਉੱਤਰੀ ਭਾਰਤ ਵਿਚ ਲੋਹੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਲੋਹੜੀ ਦਾ ਤਿਉਹਾਰ 30 ਪੋਹ ਸੰਮਤ 2081 ਬਿਕ੍ਰਮੀ (13 ਜਨਵਰੀ 2025 ਈ:) ਦਿਨ ਸੋਮਵਾਰ ਨੂੰ ਹੈ। ਇਸੇ ਦਿਨ ਪੋਹ ਦੀ ਪੂਰਨਮਾਸ਼ੀ ਵੀ ਹੈ।

ਕੋਈ ਸਮਾਂ ਸੀ, ਜਦੋਂ ਇਹ ਮੰਨਿਆ ਜਾਂਦਾ ਸੀ ਕਿ ਸੂਰਜ, ਧਰਤੀ ਦੀ ਪ੍ਰਕਰਮਾ ਕਰਦਾ ਹੈ। ਹੁਣ ਇਹ ਸਾਬਿਤ ਹੋ ਚੁੱਕਾ ਹੈ ਕਿ ਧਰਤੀ, ਸੂਰਜ ਦੀ ਪ੍ਰਕਰਮਾ ਕਰਦੀ ਹੈ। ਪਰ ਧਰਤੀ ਤੋਂ ਵੇਖਣ ਵੇਲੇ, ਅੱਜ ਵੀ ਇਸੇ ਤਰ੍ਹਾਂ ਵਿਖਾਈ ਦਿੰਦਾ ਹੈ ਕਿ ਜਿਵੇਂ ਧਰਤੀ ਖੜ੍ਹੀ ਹੈ ਅਤੇ ਸੂਰਜ ਘੁੰਮ ਰਿਹਾ ਹੈ। ਅੱਜ-ਕੱਲ੍ਹ, ਜੇ ਸੂਰਜ ਚੜ੍ਹਨ ਵੇਲੇ ਜੇ ਧਿਆਨ ਨਾਲ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਹਰ ਰੋਜ਼ ਸੂਰਜ ਥੋੜ੍ਹਾ ਸਮਾਂ ਪਹਿਲਾਂ ਅਤੇ ਉੱਤਰ ਵੱਲੋਂ ਚੜ੍ਹਦਾ ਹੈ। 21 ਦਸੰਬਰ 2024 ਈ : ਨੂੰ, ਉੱਤਰੀ ਧਰੁਵ 'ਤੇ ਦਿਨ ਛੋਟਾ ਅਤੇ ਰਾਤ ਵੱਡੀ ਸੀ। 22 ਦਸੰਬਰ ਤੋਂ ਦਿਨ ਵੱਡਾ ਹੋਣਾ ਆਰੰਭ ਹੋ ਗਿਆ ਹੈ। ਯਾਦ ਰਹੇ ਦੱਖਣੀ ਧਰੁਵ 'ਤੇ ਇਸ ਤੋਂ ਉਲਟ ਹੁੰਦਾ ਹੈ। ਹੁਣ 21 ਜੂਨ ਤੱਕ ਦਿਨ ਦੀ ਲੰਬਾਈ ਵੱਧਦੀ ਹੀ ਜਾਵੇਗੀ। ਜੰਤਰੀਆਂ ਦੀ ਭਾਸ਼ਾ ਵਿਚ ਇਸ ਨੂੰ ਉਤਰਾਇਣ ਕਹਿੰਦੇ ਹਨ। 21 ਜੂਨ ਤੋਂ ਪਿੱਛੋਂ ਜਦੋਂ ਦਿਨ ਦੀ ਲੰਬਾਈ ਘਟਣੀ ਆਰੰਭ ਹੋਵੇਗੀ, ਸੂਰਜ ਦੱਖਣ ਵੱਲ ਨੂੰ ਮੁੜ ਪਵੇਗਾ। ਸਨਾਤਨ ਧਰਮ ਵਿਚ ਇਹ ਧਾਰਨਾ ਪ੍ਰਚੱਲਤ ਹੈ ਕਿ ਜਦੋਂ ਸੂਰਜ ਦਖਰਾਇਣ ਨੂੰ (June Solstice) ਮੁੜਦਾ ਹੈ, ਤਾਂ ਸਵਰਗਾਂ ਦੇ ਦਰਵਾਜ਼ੇ ਬੰਦ ਹੋ ਜਾਂਦੇ ਹਨ। ਜਦੋਂ ਸੂਰਜ ਉਤਰਾਇਣ ਨੂੰ (December Solstice) ਮੁੜਦਾ ਹੈ, ਤਾਂ ਸਵਰਗਾਂ ਦੇ ਬੂਹੇ ਖੁੱਲ੍ਹ ਜਾਂਦੇ ਹਨ। ਇਸੇ ਕਾਰਨ ਹੀ ਯੋਗੀ ਲੋਕ ਸਮੇਂ ਦੀ ਵਿਚਾਰ ਕਰਕੇ ਪ੍ਰਾਣ ਤਿਆਗਦੇ ਸਨ। ਇਸ ਨੂੰ ਦਖਰਾਇਣ ਕਹਿੰਦੇ ਹਨ। ਇਸ ਨੂੰ ਹੀ ਸੂਰਜ ਦਾ ਰੱਥ ਫਿਰਨਾ ਕਿਹਾ ਜਾਂਦਾ ਹੈ।

"ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" (ਪੰਨਾ : 1108)

ਹੁਣ ਸਮੱਸਿਆ ਇਹ ਹੈ ਕਿ ਕੁਦਰਤ ਦੇ ਨਿਯਮ ਮੁਤਾਬਕ ਤਾਂ ਸੂਰਜ 21 ਦਸੰਬਰ (2024 ਈ:) ਨੂੰ 9:22:19 (UTC Tine) ਉਤਰਾਇਣ ਨੂੰ ਮੁੜ ਪਿਆ ਸੀ। ਪਰ ਅਜੇ ਮਕਰ ਸੰਕ੍ਰਾਂਤੀ ਨਹੀ ਆਈ। ਮਕਰ ਸੰਕ੍ਰਾਂਤੀ ਭਾਵ ਸੂਰਜ ਦਾ ਮਕਰ ਰਾਸ਼ੀ ਵਿਚ ਪ੍ਰਵੇਸ਼ 14 ਜਨਵਰੀ 2025 ਈ: ਨੂੰ ਸਵੇਰੇ 8:55 'ਤੇ ਹੋਵੇਗਾ। ਇਸੇ ਤਰ੍ਹਾਂ ਹੀ ਸੂਰਜ ਦਖਰਾਇਣ ਨੂੰ (June Solstice) 21 ਜੂਨ ਨੂੰ ਮੁੜ ਪੈਂਦਾ ਹੈ ਪਰ ਕਰਕ ਸੰਕ੍ਰਾਂਤੀ, ਭਾਵ ਸਾਵਣ ਦੀ ਸੰਗਰਾਂਦ 16 ਜੁਲਾਈ ਨੂੰ ਆਉਂਦੀ ਹੈ। ਇਸ ਦਾ ਕਾਰਨ ਹੈ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ ਦਾ, ਉਸ ਸਮੇ ਤੋਂ ਵੱਧ ਹੋਣਾ ਜਿੰਨਾਂ ਸਮਾਂ ਧਰਤੀ ਸੂਰਜ ਦੁਆਲੇ ਇਕ ਚੱਕਰ ਪੂਰਾ ਕਰਨ ਨੂੰ ਲੈਂਦੀ ਹੈ। ਗੁਰੂ ਕਾਲ ਵੇਲੇ ਬਿਕ੍ਰਮੀ ਸਾਲ ਦੀ ਲੰਬਾਈ 365.2587 ਦਿਨ (ਸੂਰਜੀ ਸਿਧਾਂਤ) ਸੀ। ਨਵੰਬਰ 1964 ਈ: ਵਿਚ ਹਿੰਦੂ ਵਿਦਵਾਨਾਂ ਨੇ ਇਸ ਵਿਚ ਸੋਧ ਕਰਕੇ, ਇਸ ਲੰਬਾਈ ਨੂੰ 365.2563 ਦਿਨ (ਦ੍ਰਿਕ ਗਿਣਤ ਸਿਧਾਂਤ) ਮੰਨ ਲਈ ਸੀ। ਜਦੋਂ ਕਿ ਧਰਤੀ ਸੂਰਜ ਦੁਆਲੇ ਇਕ ਚੱਕਰ 365.2422 ਦਿਨਾਂ ਵਿਚ ਪੂਰਾ ਕਰ ਲੈਂਦੀ ਹੈ। ਇਹ ਹੈ ਬਿਕ੍ਰਮੀ ਕੈਲੰਡਰ ਦੀ ਸਮੱਸਿਆ।

ਬਿਕ੍ਰਮੀ (ਸੂਰਜ ਸਿਧਾਂਤ)

**ਐਤਵਾਰ, ੧ ਮਾਘ, ੫੮੯**

**ਪੋਹ ਸੁਦੀ ੬, ੫੮੯**

ਖਸ਼ਟਮੀ ਦੂਜਾ (93%)

ਥਿਤੀ ਅਰੰਭ: Dec 18, 532 at 7:12 AM
ਥਿਤੀ ਸਮਾਪਤੀ: Dec 19, 532 at 9:17 AM

ਸੰਗਰਾਂਦ: Dec 19, 532
ਸੰਕ੍ਰਾਂਤਿ: Dec 19, 532 at 1:07 PM

ਨਛੱਤਰ: ਉਤਰਾ ਭਾਦ੍ਰਪਦ

ਰਾਸ਼ੀ: ♑ ਮਕਰ

https://nanakshahi.net

ਅੱਜ ਦੇ ਉੱਪਲਭਦ ਸਾਧਨਾਂ ਦੀ ਵਰਤੋਂ ਕਰਕੇ ਜੇ ਥੋੜ੍ਹਾ ਪਿੱਛੇ ਜਾਈਏ, ਤਾਂ ਇਹ ਜਾਣਕਾਰੀ ਮਿਲਦੀ ਹੈ ਕਿ 532 ਈ: ਵਿਚ ਸੂਰਜ ਦਾ ਰੱਥ 19 ਦਸੰਬਰ (ਜੂਲੀਅਨ) ਨੂੰ ਉਤਰਾਇਣ ਨੂੰ ਮੁੜਿਆ ਸੀ ਅਤੇ ਇਸੇ ਦਿਨ ਹੀ ਮਕਰ ਸੰਕ੍ਰਾਂਤੀ ਭਾਵ ਮਾਘ ਦੀ ਸੰਗਰਾਂਦ (1 ਮਾਘ ਸੰਮਤ 589 ਬਿਕ੍ਰਮੀ) ਸੀ। ਹੁਣ ਜੇ 19 ਦਸੰਬਰ 532 ਈ: ਜੂਲੀਅਨ ਨੂੰ ਗਰੈਗੋਰੀਅਨ ਵਿਚ ਬਦਲੀ ਕਰੀਏ, ਤਾਂ ਇਹ 21 ਦਸੰਬਰ ਬਣਦੀ ਹੈ। ਇਸ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਕੁਦਰਤ ਦੇ ਨਿਯਮ ਮੁਤਾਬਕ ਸੂਰਜ ਦਾ ਰੱਥ ਤਾਂ ਆਪਣੇ ਸਹੀ ਸਮੇਂ 'ਤੇ ਹੀ ਉਤਰਾਇਣ ਨੂੰ ਮੁੜਦਾ ਹੈ ਪਰ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ ਵੱਧ ਹੋਣ ਕਾਰਨ ਮਕਰ ਸੰਕ੍ਰਾਂਤੀ ਹੌਲੀ-ਹੌਲੀ ਖਿਸਕ ਰਹੀ ਹੈ।

ਜੇ ਅਸੀਂ ਬਹੁਤਾ ਪਿੱਛੇ ਨਾ ਵੀ ਜਾਈਏ, ਗੁਰੂ ਕਾਲ ਤੋਂ ਹੀ ਵੇਖੀਏ, ਤਾਂ ਰੁੱਤਾਂ ਦਾ ਖਿਸਕਣਾ ਸਪੱਸ਼ਟ ਵਿਖਾਈ ਦਿੰਦਾ ਹੈ। ਗੁਰੂ ਨਾਨਕ ਜੀ ਸਮੇਂ ਸੂਰਜ ਦਾ ਰੱਥ ਦਖਰਾਇਣ (June Solstice) ਨੂੰ 12 ਜੂਨ 1469 ਈ: (ਜੂਲੀਅਨ) ਅਤੇ ਉਤਰਾਇਣ ਨੂੰ 12 ਦਸੰਬਰ 1469 ਈ: (ਜੂਲੀਅਨ) ਨੂੰ ਮੁੜਿਆ ਸੀ। 12 ਜੂਨ 1469 ਈ: (ਜੂਲੀਅਨ), ਜਾਂ 21 ਜੂਨ 1469 ਈ. (ਗਰੈਗੋਰੀਅਨ) ਦਿਨ ਸੋਮਵਾਰ ਨੂੰ 16 ਹਾੜ ਅਤੇ 12 ਦਸੰਬਰ 1469 ਈ: (ਜੂਲੀਅਨ) ਜਾਂ 21 ਦਸੰਬਰ 1469 ਈ: (ਗਰੈਗੋਰੀਅਨ) ਦਿਨ ਮੰਗਲਵਾਰ ਨੂੰ 15 ਪੋਹ ਸੀ। 21 ਦਸੰਬਰ (2024 ਈ:) ਦਿਨ ਸ਼ਨਿੱਚਰਵਾਰ ਜਿਸ ਦਿਨ ਸੂਰਜ ਦਾ ਰੱਥ ਉਤਰਾਇਣ ਨੂੰ ਮੁੜਿਆ ਸੀ, ਉਸ ਦਿਨ 7 ਪੋਹ (ਸੰਮਤ 2081 ਬਿਕ੍ਰਮੀ) ਸੀ। 1469 ਈ: ਵਿਚ 16 ਹਾੜ ਨੂੰ ਦਖਰਾਇਣ ਨੂੰ ਮੁੜਨ ਵਾਲਾ ਸੂਰਜ ਦਾ ਰੱਥ, ਅੱਜਕੱਲ੍ਹ 7 ਹਾੜ ਨੂੰ ਫਿਰਦਾ ਹੈ। ਯਾਦ ਰਹੇ ਇਸ ਦਿਨ ਤੋਂ ਉੱਤਰੀ ਭਾਰਤ ਵਿਚ ਵਰਖਾ ਰੁੱਤ ਦਾ ਆਰੰਭ ਮੰਨਿਆ ਜਾਂਦਾ ਹੈ।

ਉਪਰੋਕਤ ਵਿਚਾਰ-ਚਰਚਾ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ ਵੱਧ ਹੋਣ ਕਾਰਨ ਰੁੱਤਾਂ ਖਿਸਕ ਰਹੀਆਂ ਹਨ। ਸਾਲ 3000 ਈ: ਵਿਚ ਸੂਰਜ ਦਾ ਰੱਥ ਤਾਂ 22 ਦਸੰਬਰ ਨੂੰ ਉਤਰਾਇਣ ਨੂੰ ਮੁੜੇਗਾ ਪਰ, ਲੋਹੜੀ 27 ਜਨਵਰੀ ਅਤੇ ਮਕਰ ਸੰਕ੍ਰਾਂਤੀ 28 ਜਨਵਰੀ ਨੂੰ ਆਵੇਗੀ। ਖੈਰ! ਜਿਨ੍ਹਾਂ ਦਾ ਕੈਲੰਡਰ ਹੈ, ਉਹ ਜਾਨਣ ਕਿ ਇਸ ਸਮੱਸਿਆ ਦਾ ਹੱਲ ਕਦੋਂ ਕਰਨਾ ਹੈ। ਪਰ ਸਾਡੀ ਕੀ ਮਜਬੂਰੀ ਹੈ ਕਿ ਅਸੀਂ ਸਭ ਕੁਝ ਜਾਣਦੇ-ਬੁੱਝਦੇ ਹੋਏ ਵੀ ਹਨੇਰਾ ਢੋਅ ਰਹੇ ਹਾਂ? ਇਹ ਉਹੀ ਸਮੱਸਿਆ ਹੈ, ਜਿਸ ਦਾ ਹੱਲ ਦੂਜੀਆਂ ਕੌਮਾਂ ਨੇ 1582 ਈ: ਵਿਚ (ਜੂਲੀਅਨ ਤੋਂ ਗਰੈਗੋਰੀਅਨ) ਕਰ ਲਿਆ ਸੀ। ਧੰਨ ਹਨ ਗੁਰੂ ਦੇ ਉਹ ਸਿੱਖ, ਜਿਹੜੇ 21ਵੀਂ ਸਦੀ ਵਿਚ ਵੀ, ਇਸ ਸਮੱਸਿਆ ਦਾ ਹੱਲ ਕਰਨ ਨੂੰ ਤਿਆਰ ਨਹੀਂ। ਭਲਾ ਜੇ ਅਸੀਂ ਵੀ ਆਪਣੇ ਕੈਲੰਡਰ ਦੇ ਸਾਲ ਦੀ ਲੰਬਾਈ, ਧਰਤੀ ਦੇ ਸੂਰਜ ਦੁਆਲੇ ਚੱਕਰ ਪੂਰਾ ਕਰਨ ਦੇ ਸਮੇਂ ਦੇ ਬਰਾਬਰ ਕਰ ਲਈਏ, ਤਾਂ ਕੁਦਰਤ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੋਵੇ?

# ਸੁਰਾਂ ਦਾ ਸਿਰਨਾਵਾਂ ਸਰਦੂਲ ਸਿਕੰਦਰ

## ਜਨਮਦਿਨ 'ਤੇ ਵਿਸ਼ੇਸ਼ ਲੇਖ

ਸੁਖਵਿੰਦਰ ਸਿੰਘ ਮੁੱਲਾਂਪੁਰ
ਵ.ਅੱਪ : +91-99141-84794
ਪੰਜਾਬ ਮੇਲ USA





ਸੰਗੀਤ ਦੀਆਂ ਧੁੰਨਾਂ 'ਤੇ ਗਾਏ ਗੀਤ ਸਾਡੇ ਕੰਨਾਂ ਵਿਚ ਰਸ ਘੋਲਦੇ ਹਨ। ਸੰਗੀਤ ਸਾਡੇ ਰੂਹ ਦੀ ਖੁਰਾਕ ਹੈ, ਇਸ ਬਿਨਾਂ ਵੀ ਜ਼ਿੰਦਗੀ ਅਧੂਰੀ ਹੈ। ਸੰਗੀਤ ਦੀਆਂ ਬਰੀਕੀਆਂ ਜਾਨਣ ਵਾਲਾ ਇਕ ਕਲਾਕਾਰ ਹੋਇਆ ਹੈ ਸਰਦੂਲ ਸਿਕੰਦਰ, ਜਿਸ ਦਾ ਜਨਮ 15 ਜਨਵਰੀ 1961 ਨੂੰ ਪਿੰਡ ਖੇੜੀ ਨੋਧ ਸਿੰਘ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵਿਖੇ ਪਿਤਾ ਤਬਲਾਵਾਦਕ ਸਾਗਰ ਮਸਤਾਨਾ ਅਤੇ ਮਾਤਾ ਲੀਲਾਵਤੀ ਦੀ ਕੁੱਖੋਂ ਹੋਇਆ। ਇਸ ਦੇ ਪਿਤਾ ਬਹੁਤ ਵਧੀਆ ਗਾ ਲੈਂਦੇ ਸਨ। ਆਪਣੀ ਗਾਇਕੀ ਦੀ ਸੇਵਾ ਮੰਦਰਾਂ ਅਤੇ ਗੁਰਦੁਆਰਿਆਂ ਵਿਚ ਕਰਦੇ ਰਹਿੰਦੇ। ਸਰਦੂਲ ਸਿਕੰਦਰ ਨੇ ਆਪਣੀ ਗਾਇਕੀ ਆਪਣੇ ਪਿਤਾ ਕੋਲੋਂ ਸਿੱਖੀ ਪਰ ਇਹ ਚਰਨਜੀਤ ਅਹੂਜਾ ਨੂੰ ਆਪਣਾ ਉਸਤਾਦ ਮੰਨਦਾ। ਇਹ ਪਰਿਵਾਰ ਸੰਗੀਤ ਦੇ ਪਟਿਆਲਾ ਘਰਾਣੇ ਨਾਲ ਸਬੰਧਤ ਹੈ।

ਸਰਦੂਲ ਸਿਕੰਦਰ ਹੋਰੀ ਤਿੰਨ ਭਰਾ ਸਨ। ਸਭ ਤੋਂ ਵੱਡਾ ਗਮਦੂਰ, ਇਸ ਤੋਂ ਛੋਟਾ ਭਰਭੂਰ ਅਲੀ, ਸਭ ਤੋਂ ਛੋਟਾ ਸਰਦੂਲ ਸਕੰਦਰ ਸੀ। ਸਰਦੂਲ ਫ਼ਾਰਸੀ ਦਾ ਸ਼ਬਦ ਹੈ, ਜਿਸ ਦਾ ਮਤਲਬ ਬੱਬਰ ਸ਼ੇਰ ਹੁੰਦਾ ਹੈ। ਸਿਕੰਦਰ ਸ਼ਬਦ ਸਿਕੰਦਰ ਮਹਾਨ ਹੋਣ ਕਰਕੇ ਇਸ ਦੇ ਨਾਮ ਨਾਲ ਦਰਸ਼ਕਾਂ ਨੇ ਲਾ ਦਿੱਤਾ। ਇਹ ਤਿੰਨੇ ਭਰਾ 1976-77 ਵਿਚ ਬਹੁਤ ਵਧੀਆ ਧਾਰਮਿਕ ਪ੍ਰੋਗਰਾਮ ਕਰਦੇ ਸਨ। ਸਰਦੂਲ ਸਿਕੰਦਰ ਬਹੁਤ ਵਧੀਆ ਕੀਰਤਨ ਕਰ ਲੈਂਦਾ ਸੀ। ਪਰ ਅਫ਼ਸੋਸ ਅੱਜ ਤਿੰਨੇ ਭਰਾ ਹੀ ਇਸ ਦੁਨੀਆਂ 'ਤੇ ਨਹੀਂ ਹਨ!

ਸਰਦੂਲ ਸਿਕੰਦਰ ਦਾ ਵਿਆਹ ਬਹੁਤ ਵਧੀਆ ਗਾਇਕਾ ਅਤੇ ਫਿਲਮੀ ਕਲਾਕਾਰ ਅਮਰ ਨੂਰੀ ਨਾਲ 1993 'ਚ ਹੋਇਆ। ਇਸ ਦੇ ਘਰ ਦੋ ਪੁੱਤਰਾਂ ਅਲਾਪ ਸਿਕੰਦਰ ਅਤੇ ਸਾਰੰਗ ਸਿਕੰਦਰ ਨੇ ਜਨਮ ਲਿਆ। ਦੋਵੇਂ ਹੀ ਸੰਗੀਤਕ ਇੰਡਸਟਰੀ ਨਾਲ ਜੁੜੇ ਹੋਏ ਹਨ।

ਸਰਦੂਲ ਸਿਕੰਦਰ ਨੇ ਆਪਣੀ ਗਾਇਕੀ ਦੀ ਸ਼ੁਰੂਆਤ 1980 ਵਿਚ ਰੇਡੀਓ ਅਤੇ ਟੈਲੀਵਿਜ਼ਨ ਤੋਂ ਸ਼ੁਰੂ ਕੀਤੀ। ਸਰਦੂਲ ਸਿਕੰਦਰ ਇਕ ਵਾਰ ਦਿੱਲੀ ਐੱਚ.ਐੱਮ.ਵੀ. ਕੰਪਨੀ ਵਿਚ ਕਰਤਾਰ ਰਮਲੇ ਦੇ ਗੀਤ ਵਿਚ ਤੂੰਬੀ ਵਜਾਉਣ ਗਿਆ, ਉੱਥੇ ਇਹ ਆਪਣੀ ਆਵਾਜ਼ ਵਿਚ ਗੁਣਗੁਣਾ ਰਿਹਾ ਸੀ ਅਤੇ ਇਸ ਦੀ ਆਵਾਜ਼ ਕੰਪਨੀ ਦੇ ਕੰਨੀਂ ਪੈ ਗਈ। ਕੰਪਨੀ ਨੇ ਇਸ ਨੂੰ ਰਿਕਾਡਿੰਗ ਲਈ ਹਾਮੀ ਭਰ ਦਿੱਤੀ। ਇਹ ਮਜ਼ਾਕੀਆ ਸੁਭਾਹ ਦਾ ਇੰਨਸਾਨ ਸੀ। ਇਹ ਹੋਰ ਵਿਆਕਤੀਆਂ ਦੀ ਬੋਲੀ ਆਪਣੀ ਆਵਾਜ਼ ਵਿਚ ਸਹਿਜੇ ਹੀ ਬੋਲ ਲੈਂਦਾ ਸੀ। ਲਗਭਗ 1980 ਨੂੰ ਐੱਚ.ਐੱਮ.ਵੀ. ਕੰਪਨੀ ਵਿਚ ਇਸ ਦੀ ਇਕ ਕੈਸਿਟ "ਆ ਗਈ ਰੋਡਵੇਜ ਦੀ ਲਾਰੀ" ਆਈ ਸੀ। ਇਸ ਗੀਤ ਵਿਚ ਇਸ ਨੇ ਕਈ ਕਲਾਕਾਰਾਂ ਦੇ ਸਟਾਇਲ ਨੂੰ ਆਪਣੀ ਆਵਾਜ਼ ਵਿਚ ਗਾਇਆ, ਜੋ ਬੇਹੱਦ ਮਕਬੂਲ ਹੋਇਆ ਸੀ ਅਤੇ ਇਸ ਗੀਤ ਤੋਂ ਹੀ ਇਸ ਦੀ ਗਾਇਕੀ ਦਾ ਮੁੱਢ ਬੱਝਿਆ।

ਜਦ ਸਾਡੀ ਪੰਜਾਬੀ ਗਾਇਕੀ ਤੇ ਪੱਛਮੀ ਸੱਭਿਆਚਾਰ ਦਾ ਅਸਰ ਹੋਣ ਲੱਗਿਆ, ਤਾਂ ਸਾਡੇ ਗਾਇਕਾਂ ਨੇ ਆਪਣੀ ਗਾਇਕੀ ਦੀ ਟਿਊਨ ਬਦਲਣੀ ਸ਼ੁਰੂ ਕਰ ਦਿੱਤੀ। ਫਿਰ ਇਸ ਨੇ ਸਮਸ਼ੇਰ ਸੰਧੂ ਦਾ ਲਿਖਿਆ ਗੀਤ ਗਾਇਆ 'ਗਾਉਣ ਵਾਲਿਆਂ ਨੂੰ ਡਿਸਕੋ ਬੁਖਾਰ ਹੋ ਗਿਆ' ਇਹ ਗੀਤ ਬੇਹੱਦ ਮਕਬੂਲ ਹੋਇਆ।

ਇਸ ਦੇ ਹੋਰ ਗੀਤ, ਸਿਖ ਲੈ ਕਲਿਹਰੀਆ ਮੋਰਾ ਤੁਰਨਾ ਤੋਰ ਪੰਜਾਬਣ ਦੀ, ਫੁੱਲਾਂ ਦੀਏ ਕੱਚੀਏ ਵਪਾਰਨੇ, ਸਾਡੇਆਂ ਪਰ੍ਹਾਂ ਤੋਂ ਸਿੱਖੀ ਉਡਣਾ, ਇਕ ਚਰਖਾ ਗਲੀ ਦੇ ਵਿਚ ਡਾਹ ਲਿਆ, ਹਾਸੇ ਨਾਲ ਸੀ ਚਲਾਵਾਂ ਫੁਲ ਮਾਰਿਆ, ਭਾਬੀਏ ਗਿੱਧੇ ਦੇ ਵਿਚ ਨੱਚ ਲੈ, ਤੇਰਾ ਲਿਖਦੂ ਸਫੈਦਿਆਂ 'ਤੇ ਨਾਂ ਆਦਿ ਬਹੁਤ ਸਾਰੇ ਹਿਟ ਗੀਤ ਗਾਏ। ਸਰਦੂਲ ਸਿਕੰਦਰ ਨੇ ਲਗਭਗ 50 ਦੇ ਕਰੀਬ ਸੰਗੀਤ ਦੀਆਂ ਐਲਬਮਾਂ ਸਰੋਤਿਆਂ ਦੀ ਝੋਲੀ ਪਾਈਆਂ।

ਇਸ ਨੇ ਬਹੁਤ ਸਾਰੀਆਂ ਫਿਲਮਾਂ ਵਿਚ ਕੰਮ ਕੀਤਾ, ਜਿਵੇਂ ਜੱਗਾ ਡਾਕੂ, ਖੁਸ਼ੀਆਂ, ਪਿੰਡ ਦੀ ਕੁੜੀ, ਚੂੜੀਆਂ, ਪੰਚਾਇਤ, ਪੁਲੀਸ ਇੰਨ ਪੋਲੀਵੁਡ ਆਦਿ ਫਿਲਮਾਂ ਵਿਚ ਕੰਮ ਕੀਤਾ।

ਸਰਦੂਲ ਸਿਕੰਦਰ ਦੇ ਸਰੀਰ ਛੱਡਣ ਤੋਂ ਪੰਜ ਸਾਲ ਪਹਿਲਾਂ ਸਰਦੂਲ ਸਕੰਦਰ ਦਾ ਗੁਰਦਾ ਬਦਲੀ ਕੀਤਾ ਗਿਆ। ਇਹ ਗੁਰਦਾ ਅਮਰ ਨੂਰੀ ਵਲੋਂ ਦਿੱਤਾ ਗਿਆ ਸੀ। ਕਰੋਨਾ ਦੀ ਲਹਿਰ ਵੇਲੇ ਦਸੰਬਰ 2020 'ਚ ਸਰਦੂਲ ਸਿਕੰਦਰ ਨੂੰ ਕਰੋਨਾ ਪਾਜ਼ੀਟਿਵ ਆ ਗਿਆ ਸੀ ਅਤੇ ਸਾਹ ਲੈਣ ਵਿਚ ਸਮੱਸਿਆ ਆ ਰਹੀ ਸੀ। ਇਸ ਕਰਕੇ ਡੇਢ ਮਹੀਨਾ ਮੋਹਾਲੀ ਦੇ ਫੋਰਟਿਸ ਹਸਪਤਾਲ ਵਿਚ ਦਾਖ਼ਲ ਰਿਹਾ। ਉਹ ਦਿਲ ਅਤੇ ਸ਼ੂਗਰ ਦਾ ਮਰੀਜ਼ ਵੀ ਸੀ। ਉਸ ਦੀ ਹਾਲਤ ਦਿਨੋਂ-ਦਿਨ ਵਿਗੜਨ ਕਰਕੇ 24 ਫ਼ਰਵਰੀ 2021 ਨੂੰ ਸਾਡੇ ਕੋਲੋਂ ਸਦਾ ਲਈ ਵਿੱਛੜ ਗਿਆ। 25 ਫ਼ਰਵਰੀ ਨੂੰ ਉਸ ਦੇ ਪਿੰਡ ਖੇੜੀਨੋਧ ਸਿੰਘ ਵਿਖੇ ਸਪੁਰਦ-ਏ-ਖਾਕ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ 'ਚ ਸਰਦੂਲ ਸਿੰਕਦਰ ਨੂੰ ਚਾਹੁੰਣ ਵਾਲਿਆਂ ਨੇ ਉਥੇ ਪਹੁੰਚੇ ਕੇ ਸੇਜਲ ਅੱਖਾਂ ਨਾਲ ਉਸ ਪਿਆਰੇ ਨੂੰ ਵਿਦਾਇਗੀ ਦਿੱਤੀ ਗਈ। ਇਸ ਦੇ ਗਾਏ ਗੀਤ ਸਦਾ ਹੀ ਫਿਜਾ ਵਿੱਚ ਗੂੰਜਦੇ ਰਹਿਣਗੇ ਅਤੇ ਸਰੋਤੇ ਅਨੰਦ ਮਾਣਦੇ ਰਹਿਣਗੇ।

# ਮੇਲਾ ਮਾਘੀ ਦਾ ਜਲੌਅ

ਪ੍ਰੋ. ਨਵ ਸੰਗੀਤ ਸਿੰਘ
1-ਲਤਾ ਗਰੀਨ ਐਨਕਲੇਵ,
ਪਟਿਆਲਾ- 147002



ਪੰਜਾਬ ਮੇਲ USA



ਮਾਘੀ ਦਾ ਤਿਉਹਾਰ ਪੂਰੇ ਭਾਰਤ ਵਿਚ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਲੋਕੀਂ ਨਦੀਆਂ, ਦਰਿਆਵਾਂ ਅਤੇ ਸਰੋਵਰਾਂ ਆਦਿ ਵਿਚ ਇਸ਼ਨਾਨ ਕਰਨ ਨੂੰ ਉੱਤਮ ਸਮਝਦੇ ਹਨ। ਪ੍ਰਯਾਗ (ਇਲਾਹਾਬਾਦ) ਵਿਚ ਸੰਗਮ ਤੇ ਅਸਥਾਨ ਉੱਤੇ ਧਾਰਮਿਕ ਭਾਵਨਾਵਾਂ ਨਾਲ ਪੂਜਾ ਅਤੇ ਇਸ਼ਨਾਨ ਕੀਤਾ ਜਾਂਦਾ ਹੈ। ਮਾਘ ਦੇ ਮਹੀਨੇ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਇਹ ਜ਼ਿਕਰ ਮਿਲਦਾ ਹੈ:

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥ (ਪੰਨਾ : 136)

'ਪੋਹ ਰਿੱਧੀ ਮਾਘ ਖਾਧੀ' ਮੁਤਾਬਕ ਪੋਹ ਦੇ ਆਖ਼ਰੀ ਦਿਨ ਬਣਾਈ ਖਿਚੜੀ, ਖੀਰ ਜਾਂ ਕੋਈ ਹੋਰ ਵਸਤੂ ਅਗਲੇ ਦਿਨ, ਭਾਵ ਮਾਘ ਵਿਚ ਖਾਣਾ ਸ਼ੁਭ ਮੰਨਿਆ ਜਾਂਦਾ ਹੈ।

ਪੰਜਾਬ ਵਿਚ ਮਾਘੀ ਦਾ ਤਿਉਹਾਰ ਕਈ ਥਾਈਂ ਮਨਾਇਆ ਜਾਂਦਾ ਹੈ। ਪਰ ਮੁਕਤਸਰ ਵਿਖੇ ਇਹ ਮੇਲਾ ਧਾਰਮਿਕ ਜੋਸ਼ੋ-ਖਰੋਸ਼ ਅਤੇ ਪੂਰੇ ਜਲੌਅ ਨਾਲ ਮਨਾਇਆ ਜਾਂਦਾ ਹੈ। ਸ਼ਹਿਰ ਵਿਚ ਨਗਰ ਕੀਰਤਨ ਦਾ ਆਯੋਜਨ ਹੁੰਦਾ ਹੈ ਅਤੇ ਨਿਹੰਗ ਸਿੰਘਾਂ ਅਤੇ ਹੋਰ ਜਥੇਬੰਦੀਆਂ ਵੱਲੋਂ ਮਹੱਲੇ ਅਤੇ ਗੱਤਕੇ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਜਾਂਦਾ ਹੈ। ਮੁਕਤਸਰ ਦੇ ਗੁਰਦੁਆਰਾ ਟੁੱਟੀ ਗੰਢੀ ਦੇ ਸਰੋਵਰ ਵਿਚ ਪਹਿਲੀ ਮਾਘ ਦੀ ਆਮਦ 'ਤੇ ਮੂੰਹ ਹਨੇਰੇ ਹੀ ਇਸ਼ਨਾਨ ਕਰਨਾ ਪਵਿੱਤਰ ਸਮਝਿਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ (1666-1708 ਈ.) ਦੇ ਸਮੇਂ ਵਿਚ ਇਸ ਸ਼ਹਿਰ ਦਾ ਨਾਂ ਖਿਦਰਾਣਾ ਸੀ ਅਤੇ ਇੱਥੇ ਪਾਣੀ ਦਾ ਸੋਮਾ ਹੋਣ ਕਰਕੇ ਇਸ ਨੂੰ 'ਖਿਦਰਾਣੇ ਦੀ ਢਾਬ' ਕਿਹਾ ਜਾਂਦਾ ਸੀ। ਮੌਜੂਦਾ ਸਮੇਂ ਇਹ ਪੰਜਾਬ ਦਾ ਇੱਕ ਜ਼ਿਲ੍ਹਾ ਬਣ ਚੁੱਕਾ ਹੈ ਤੇ ਇਸ ਨੂੰ ਸ੍ਰੀ ਮੁਕਤਸਰ ਸਾਹਿਬ ਦਾ ਨਾਂ ਦਿੱਤਾ ਗਿਆ ਹੈ।

ਦਸਮੇਸ਼ ਪਿਤਾ ਨੇ ਮੁਗ਼ਲਾਂ ਨਾਲ ਆਖਰੀ ਜੰਗ ਮਈ 1704 ਈ. ਵਿਚ ਇਥੇ ਹੀ ਲੜੀ ਸੀ। ਇੱਥੇ ਹੀ ਆਨੰਦਪੁਰ ਸਾਹਿਬ ਤੋਂ ਭਾਈ ਮਹਾਂ ਸਿੰਘ ਦੀ ਅਗਵਾਈ ਵਿਚ ਗੁਰੂ ਜੀ ਨੂੰ ਬੇਦਾਵਾ ਦੇ ਗਏ ਚਾਲੀ ਸਿੰਘਾਂ ਨੇ ਮਾਈ ਭਾਗੋ ਦੀ ਕਮਾਨ ਹੇਠ ਜੰਗ ਵਿਚ ਹਿੱਸਾ ਲਿਆ ਸੀ। ਇਸੇ ਥਾਂ ਗੁਰੂ ਜੀ ਨੇ ਭਾਈ ਮਹਾਂ ਸਿੰਘ ਦੇ ਸਾਹਮਣੇ ਬੇਦਾਵੇ ਦਾ ਕਾਗਜ਼ ਪਾੜ ਕੇ ਟੁੱਟੀ ਗੰਢ ਦਿੱਤੀ ਸੀ। ਦਸਮ ਪਾਤਸ਼ਾਹ ਨੇ ਜੰਗ ਵਿਚ ਜੂਝ ਮੋਏ ਸਿੰਘਾਂ ਦਾ ਆਪਣੇ ਹੱਥੀਂ ਸਸਕਾਰ ਕਰਕੇ ਇਸ ਧਰਤੀ ਨੂੰ 'ਮੁਕਤ-ਸਰ' ਦਾ ਨਾਂ ਦਿੱਤਾ ਸੀ। ਬੇਦਾਵੀਏ ਸਿੰਘਾਂ ਦੀ ਗੁਰੂ ਜੀ ਦੇ ਹੱਥੋਂ ਮੁਕਤੀ ਹੋਣ ਦੀ ਗਾਥਾ ਇਨ੍ਹਾਂ ਪੰਕਤੀਆਂ ਵਿਚ ਸੁੰਦਰ ਢੰਗ ਨਾਲ ਬਿਆਨੀ ਗਈ ਹੈ:

ਖਿਦਰਾਣਾ ਕਰ ਮੁਕਤਸਰ ਮੁਕਤ ਮੁਕਤ ਸਭ ਕੀਨ।
ਹੋਇ ਸਾਬਤ ਜੂਝੇ ਜਬੈ ਬਡੋ ਮਰਤਬੋ ਲੀਨ।

ਗੁਰੂ ਸਾਹਿਬ ਦੀ ਯਾਦ ਵਿਚ ਮੁਕਤਸਰ ਵਿਖੇ ਬਹੁਤ ਸਾਰੇ ਗੁਰਦੁਆਰੇ ਸੁਭਾਇਮਾਨ ਹਨ, ਜੋ ਆਪ ਦੀ ਮੁਗਲੀਆ ਹਕੂਮਤ ਨਾਲ ਅੰਤਿਮ ਲੜਾਈ ਵਿਚ ਵਿਜੈ ਦੇ ਪ੍ਰਤੀਕ ਹਨ: ਗੁਰਦੁਆਰਾ ਟਿੱਬੀ ਸਹਿਬ ਉਹ ਸਥਾਨ ਹੈ, ਜਿੱਥੇ ਗੁਰੂ ਜੀ ਮੁਗਲ ਸੈਨਾ ਉੱਤੇ ਤੀਰਾਂ ਦੇ ਵਾਰ ਕਰਦੇ ਰਹੇ; ਗੁਰਦੁਆਰਾ ਤੰਬੂ ਸਾਹਿਬ ਉਹ ਥਾਂ ਹੈ, ਜਿੱਥੇ ਝਾੜੀਆਂ ਉੱਤੇ ਸਿੰਘਾਂ ਨੇ ਆਪਣੇ ਪਰਨੇ-ਕਛਹਿਰੇ ਸੁੱਕਣੇ ਪਾ ਕੇ ਮੁਗਲਾਂ ਨੂੰ ਯੁੱਧ ਲਈ ਲਲਕਾਰਿਆ; ਗੁਰਦੁਆਰਾ ਟੁੱਟੀ ਗੰਢੀ ਵਿਖੇ ਗੁਰੂ ਜੀ ਨੇ ਭਾਈ ਮਹਾਂ ਸਿੰਘ ਦੇ ਸਾਹਵੇਂ ਬੇਦਾਵੇ ਦਾ ਕਾਗਜ਼ ਪਾੜਿਆ; ਗੁਰਦੁਆਰਾ ਸ਼ਹੀਦਗੰਜ ਵਿਖੇ ਗੁਰੂ ਜੀ ਨੇ ਆਪਣੇ ਹੱਥੀਂ ਚਾਲੀ ਮੁਕਤਿਆਂ ਦਾ ਸਸਕਾਰ ਕੀਤਾ।

ਮੈਂ ਬਚਪਨ ਤੋਂ ਹੀ ਆਪਣੇ ਪਿਤਾ ਜੀ ਨਾਲ ਮੇਲਾ ਮਾਘੀ ਦੇ ਦਿਨਾਂ (11 ਜਨਵਰੀ ਤੋਂ 15 ਜਨਵਰੀ) ਵਿਚ ਮੁਕਤਸਰ ਵਿਖੇ ਜੀਵਨ ਦੇ ਕਰੀਬ ਪੰਤਾਲੀ ਕੁ ਵਰ੍ਹੇ ਜਾਂਦਾ ਰਿਹਾ ਹਾਂ। ਮੇਰੇ ਪਿਤਾ ਗਿਆਨੀ ਕਰਤਾਰ ਸਿੰਘ (1921-2013) ਨੇ ਆਪਣੀ ਪੜ੍ਹਾਈ ਅਤੇ ਅਧਿਆਪਨ ਦਾ ਵਧੇਰੇ ਸਮਾਂ ਮੁਕਤਸਰ ਦੇ ਖ਼ਾਲਸਾ ਹਾਈ ਸਕੂਲ ਵਿਖੇ ਬਿਤਾਇਆ। ਇਸ ਸ਼ਹਿਰ ਨਾਲ ਖ਼ਾਸ ਲਗਾਓ ਹੋਣ ਕਰਕੇ ਉਨ੍ਹਾਂ ਨੇ ਆਪਣੇ ਨਾਂ ਨਾਲ 'ਮੁਕਤਸਰੀ' ਲਿਖਣਾ ਸ਼ੁਰੂ ਕਰ ਦਿੱਤਾ ਅਤੇ ਇਸ ਦੇ ਪ੍ਰਮਾਣ ਵਜੋਂ ਰਬੜ ਦੀ ਇੱਕ ਮੋਹਰ ਵੀ ਤਿਆਰ ਕਰਵਾਈ, ਜੋ ਅਜੇ ਤੱਕ ਮੇਰੇ ਕੋਲ ਸਾਂਭੀ ਹੋਈ ਹੈ। ਮੇਰੇ ਪਿਤਾ ਜੀ ਨੇ ਆਪਣੇ ਮੁੱਖ ਅਧਿਆਪਕ ਸ. ਇਕਬਾਲ ਸਿੰਘ ਦੀ ਸੰਗਤ ਵਿਚ ਪੰਜਵੀਂ ਵਿਚ ਪੜ੍ਹਦਿਆਂ ਹੀ ਮੇਲੇ ਦੇ ਦਿਨੀਂ ਸੰਗਤਾਂ ਦੀ ਸੇਵਾ ਵਿਚ ਜਾਣਾ ਸ਼ੁਰੂ ਕਰ ਦਿੱਤਾ ਸੀ। ਪਿੱਛੋਂ ਅਧਿਆਪਕ ਬਣਨ ਤੇ ਮੇਰੇ ਪਿਤਾ ਨੇ ਕੁਝ ਵਿਦਿਆਰਥੀਆਂ ਸਮੇਤ ਮੇਲੇ ਸਮੇਂ ਯਾਤਰੀਆਂ ਦੇ ਸਾਈਕਲ ਸੰਭਾਲਣ ਦੀ ਸੇਵਾ ਨਿਭਾਈ। ਹੌਲੀ-ਹੌਲੀ ਗੁਰਦੁਆਰੇ ਵੱਲੋਂ ਉਨ੍ਹਾਂ ਦੀ ਪੱਕੀ ਡਿਊਟੀ ਹੀ ਲੱਗ ਗਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਇਸ਼ਤਿਹਾਰਾਂ ਵਿਚ ਵੀ ਉਨ੍ਹਾਂ ਦਾ ਨਾਂ ਛਾਪਿਆ ਜਾਣ ਲੱਗ ਪਿਆ। ਸਰਕਾਰੀ ਸੇਵਾ ਵਿਚ ਆਉਣ ਅਤੇ ਸੇਵਾਮੁਕਤੀ ਪਿੱਛੋਂ ਵੀ ਉਹ ਮੇਲਾ ਮਾਘੀ ਮੁਕਤਸਰ ਵਿਖੇ ਪਹਿਲਾਂ ਸਾਈਕਲ ਅਤੇ ਪਿੱਛੋਂ ਸਾਮਾਨ ਸੰਭਾਲਣ ਦੀ ਸੇਵਾ ਲਈ ਜਾਂਦੇ ਰਹੇ। ਕਰੀਬ 70 ਕੁ ਸਾਲ ਦੀ ਉਮਰ ਤਕ ਉਨ੍ਹਾਂ ਨੇ ਨਿਰਵਿਘਨ ਇਹ ਸੇਵਾ ਨਿਭਾਈ, ਜਿਸ ਲਈ ਉਨ੍ਹਾਂ ਨੂੰ ਕਈ ਵਾਰੀ ਗੁਰਦੁਆਰੇ ਦੇ ਮੈਨੇਜਰ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਪਿੱਛੋਂ ਵਡੇਰੀ ਉਮਰ ਹੋਣ ਕਰਕੇ ਉਨ੍ਹਾਂ ਨੇ ਇਹ ਸੇਵਾ ਨਿਭਾਉਣ ਤੋਂ ਖਿਮਾ ਸਹਿਤ ਮੁਆਫ਼ੀ ਮੰਗ ਲਈ ਅਤੇ ਸਾਲ 2011 ਤੋਂ ਪਿੱਛੋਂ ਉਨ੍ਹਾਂ ਦਾ ਨਾਂ ਇਸ਼ਤਿਹਾਰਾਂ ਵਿਚ ਛਪਣਾ ਬੰਦ ਹੋ ਗਿਆ।

ਮੇਰੇ ਪਿਤਾ ਜੀ ਨੂੰ ਉਨ੍ਹਾਂ ਦੇ ਵਿਦਿਆਰਥੀ, ਆਂਢੀ-ਗੁਆਂਢੀ ਅਤੇ ਸ਼ਹਿਰ-ਵਾਸੀ 'ਗਿਆਨੀ ਜੀ' ਕਹਿ ਕੇ ਬੁਲਾਉਂਦੇ ਸਨ। ਉਨ੍ਹਾਂ ਨੇ ਵੱਖ-ਵੱਖ ਸਰਕਾਰੀ ਸਕੂਲਾਂ ਵਿਚ ਨੌਕਰੀ ਕਰਦਿਆਂ ਪਰਿਵਾਰ ਅਤੇ ਵਿਦਿਆਰਥੀਆਂ ਨਾਲ ਮੇਲਾ ਮਾਘੀ ਦੇ ਦਿਨੀਂ ਮੁਕਤਸਰ ਜਾਣ ਦੇ ਨੇਮ ਨੂੰ ਬਰਕਰਾਰ ਰੱਖਿਆ। ਕੋਟਕਪੂਰਾ ਅਤੇ ਗੋਨਿਆਣਾ ਮੰਡੀ ਵਿਖੇ ਨੌਕਰੀ ਕਰਦਿਆਂ ਅਸੀਂ ਪਰਿਵਾਰ ਸਮੇਤ ਪਿਤਾ ਜੀ ਨਾਲ ਰੇਲਗੱਡੀ ਰਾਹੀਂ ਮੁਕਤਸਰ ਜਾਂਦੇ ਸਾਂ। ਉੱਥੇ ਰਿਹਾਇਸ਼ ਦਾ ਪ੍ਰਬੰਧ ਗੁਰਦੁਆਰੇ ਵੱਲੋਂ ਸਰਾਂ ਵਿਚ ਕੀਤਾ ਜਾਂਦਾ ਸੀ ਅਤੇ ਅਸੀਂ ਹੇਠਾਂ ਪਰਾਲੀ ਉੱਤੇ ਬਿਸਤਰੇ ਵਿਛਾ ਕੇ ਸੌਂਦੇ ਸਾਂ। ਮੈਨੂੰ ਪਰਾਲੀ ਬਾਰੇ ਪਹਿਲੀ ਜਾਣਕਾਰੀ ਮੁਕਤਸਰ ਵਿਖੇ ਹੀ ਮਿਲੀ ਸੀ। ਉਨ੍ਹਾਂ ਦਿਨਾਂ ਵਿਚ ਦੋ ਤਰ੍ਹਾਂ ਦੀਆਂ ਰੇਲ-ਗੱਡੀਆਂ ਚੱਲਦੀਆਂ ਸਨ, ਜਿਨ੍ਹਾਂ ਨੂੰ ਆਮ ਲੋਕੀਂ ਵੱਡੀ ਗੱਡੀ ਅਤੇ ਛੋਟੀ ਗੱਡੀ ਕਹਿੰਦੇ ਸਨ। ਅਸਲ ਵਿਚ ਇਹ 'ਬਰਾਡਗੇਜ' ਅਤੇ 'ਨੈਰੋਗੇਜ' ਦਾ ਖੁੱਲ੍ਹਾ ਜਿਹਾ ਅਨੁਵਾਦ ਹੈ। ਇਨ੍ਹੀਂ ਦਿਨੀਂ ਛੋਟੀਆਂ ਗੱਡੀਆਂ (ਨੈਰੋਗੇਜ) ਬੰਦ ਹਨ, ਸਿਰਫ਼ ਵੱਡੀਆਂ ਗੱਡੀਆਂ ਹੀ ਚਲਦੀਆਂ ਹਨ।

ਕੋਟਕਪੂਰਾ ਨੇੜੇ ਪਿੰਡ ਲਾਲੇਆਣਾ ਦਾ ਪੰਡਤਾਂ ਦਾ ਇੱਕ ਮੁੰਡਾ ਜਗਨਨਾਥ, ਇੱਕ ਵਾਰ ਕਿਸੇ ਕਾਰਨ ਮੇਰੇ ਪਿਤਾ ਜੀ ਦੇ ਜਥੇ ਨਾਲ ਮੁਕਤਸਰ ਜਾਣੋਂ ਖੁੰਝ ਗਿਆ ਸੀ ਤੇ ਉਹ ਅਗਲੇ ਦਿਨ ਪਹੁੰਚਿਆ। ਮੈਨੂੰ ਅੱਜ ਕਰੀਬ ਪੰਤਾਲੀ ਸਾਲਾਂ ਬਾਅਦ ਵੀ ਇਨਬਿਨ ਯਾਦ ਹੈ ਕਿ ਉਹਨੇ ਬਿਨਾਂ ਟਿਕਟ ਸਫ਼ਰ ਕਰਨ ਦੀ ਸਾਰੀ ਘਟਨਾ ਪਿਤਾ ਜੀ ਨੂੰ ਸੁਣਾਈ ਸੀ ਕਿ ਰਾਹ ਵਿਚ ਇੱਕ ਥਾਂ ਟਿਕਟ-ਚੈਕਰ ਆ ਗਿਆ, ਤਾਂ ਜਗਨਨਾਥ ਨੇ ਟਿਕਟ ਨਾ ਲਈ ਹੋਣ ਦੀ ਵਜ੍ਹਾ ਦੱਸਦਿਆਂ ਬੇਝਿਜਕ ਹੋ ਕੇ ਚੈੱਕਰ ਨੂੰ ਕਿਹਾ ਸੀ, "ਮੈਂ ਤਾਂ ਗਿਆਨੀ ਜੀ ਨਾਲ ਮੇਲਾ ਮਾਘੀ ਮੁਕਤਸਰ ਵਿਖੇ ਸੇਵਾ ਕਰਨ ਜਾ ਰਿਹਾ ਹਾਂ।" ਚੈੱਕਰ ਨੇ ਪੁੱਛਿਆ ਸੀ, "ਕਿਹੜੇ ਗਿਆਨੀ ਜੀ?" ਮੁੰਡੇ ਨੇ ਹੁਸ਼ਿਆਰੀ ਨਾਲ ਜਵਾਬ ਦਿੱਤਾ ਸੀ, "ਹੈਂ, ਤੁਸੀਂ ਗਿਆਨੀ ਜੀ ਨੂੰ ਨਹੀਂ ਜਾਣਦੇ? ਉਨ੍ਹਾਂ ਨੂੰ ਤਾਂ ਸਾਰੀ ਦੁਨੀਆਂ ਜਾਣਦੀ ਹੈ..." ਤੇ ਚੈੱਕਰ ਨੇ ਜਗਨਨਾਥ ਨੂੰ ਬਿਨਾਂ ਟਿਕਟ ਸਫ਼ਰ ਕਰਨ ਦੀ ਆਗਿਆ ਦੇ ਦਿੱਤੀ ਸੀ।

ਉਨ੍ਹਾਂ ਦਿਨਾਂ ਵਿਚ ਹਫ਼ਤਾ-ਦਸ ਦਿਨ ਮੇਲੇ ਦਾ ਮਾਹੌਲ ਬਣਿਆ ਰਹਿੰਦਾ ਸੀ। ਦੂਰ-ਦੁਰਾਡੇ ਤੋਂ ਲੋਕੀਂ ਹੁੰਮ-ਹੁਮਾ ਕੇ ਮੇਲੇ ਵਿਚ ਸਜਧਜ ਕੇ ਜਾਂਦੇ ਸਨ। ਮੇਲੇ ਵਿਚ ਕਾਨਫਰੰਸਾਂ, ਝੂਲੇ, ਸਰਕਸਾਂ, ਜਾਦੂ ਦੇ ਸ਼ੋਅ, ਖਾਣ-ਪੀਣ ਦੀਆਂ ਦੁਕਾਨਾਂ, ਖਜਲਾ ਮਿਠਾਈ, ਰੈਗਜ਼ ਵਾਲੇ ਕੱਪੜੇ ਆਦਿ ਕਈ ਕੁਝ ਹੁੰਦਾ ਸੀ। ਮੈਂ ਪਹਿਲੀ ਵਾਰ ਖਜਲਾ ਮਿਠਾਈ ਮੁਕਤਸਰ ਦੇ ਮੇਲੇ ਵਿਚ ਹੀ ਵੇਖੀ ਅਤੇ ਖਾਧੀ ਸੀ। ਚਿੱਟੇ ਰੰਗ ਦੀ, ਪਾਥੀ ਜਿਹੇ ਆਕਾਰ ਦੀ ਅਜੀਬ ਮਿਠਾਈ ਵੇਖ ਕੇ ਮੈਂ ਦੰਗ ਰਹਿ ਗਿਆ ਸਾਂ। ਮੇਲੇ ਦੇ ਆਖ਼ਰੀ ਦਿਨਾਂ ਵਿਚ ਭੀੜ ਘਟਣ 'ਤੇ ਮੇਰੇ ਪਿਤਾ ਜੀ ਸਾਰੇ ਪਰਿਵਾਰ ਅਤੇ ਵਿਦਿਆਰਥੀਆਂ ਨੂੰ ਸਰਕਸ ਵਿਖਾ ਕੇ ਲਿਆਉਂਦੇ ਸਨ। ਮੈਂ ਆਪਣੇ ਜੀਵਨ ਵਿਚ ਪਹਿਲੀ ਵਾਰੀ ਸਰਕਸ (ਗਰੇਟ ਰੇਮਨ ਸਰਕਸ) ਮੁਕਤਸਰ ਦੇ ਮੇਲੇ ਵਿਚ ਹੀ ਵੇਖੀ ਸੀ। ਪਿਤਾ ਜੀ ਮੈਨੂੰ ਰਾਜਸੀ ਕਾਨਫ਼ਰੰਸਾਂ, ਖ਼ਾਸ ਕਰਕੇ ਧਾਰਮਿਕ ਇਕੱਠਾਂ ਵਿਚ ਵੀ ਲੈ ਕੇ ਜਾਂਦੇ ਤੇ ਮੈਨੂੰ ਸਟੇਜ ਉੱਤੇ ਭਾਸ਼ਣ ਕਰਨ ਦਾ ਪਹਿਲਾ ਮੌਕਾ ਮੇਲਾ ਮਾਘੀ ਮੁਕਤਸਰ ਵਿਖੇ ਹੀ ਮਿਲਿਆ ਸੀ।

ਅੱਜਕੱਲ੍ਹ ਮੁਕਤਸਰ ਦੇ ਮੇਲਾ ਮਾਘੀ ਤੇ ਉਹੋ ਜਿਹੀ ਸ਼ਰਧਾ ਅਤੇ ਚਾਅ ਵੇਖਣ ਨੂੰ ਨਹੀਂ ਮਿਲਦਾ। ਲੋਕਾਂ ਕੋਲ ਸਮੇਂ ਦੀ ਘਾਟ ਹੈ- ਉਹ ਕਾਹਲੀ ਵਿਚ ਆਉਂਦੇ ਨੇ ਤੇ ਕਾਹਲੀ ਵਿਚ ਹੀ ਮੁੜ ਜਾਂਦੇ ਨੇ। ਸੰਗਤ ਵਿਚ ਬੈਠਣ, ਗੁਰੂ ਜੱਸ ਸੁਣਨ, ਸੇਵਾ ਕਰਨ, ਲੰਗਰ 'ਚੋਂ ਪ੍ਰਸ਼ਾਦਾ ਛਕਣ ਆਦਿ ਦਾ ਨਾ ਨਵੀਂ ਪੀੜ੍ਹੀ ਨੂੰ ਸ਼ੌਕ ਹੈ ਤੇ ਨਾ ਹੀ ਵਿਸ਼ਵਾਸ। ਮੇਲਿਆਂ ਦਾ ਰੰਗ-ਢੰਗ ਬਦਲਦਾ ਜਾ ਰਿਹਾ ਹੈ। ਇੱਥੇ ਧਰਮ ਨਾਲੋਂ ਰਾਜਨੀਤੀ ਭਾਰੂ ਹੋ ਰਹੀ ਹੈ, ਜਿਸ ਕਰਕੇ ਲੋਕ ਪੁਰਾਣੇ ਸੰਸਕਾਰਾਂ ਨੂੰ ਤਿਆਗ ਰਹੇ ਹਨ। ਲੋਕੀਂ ਹੁਣ ਘਰੇ ਬੈਠੇ ਹੀ ਟੀ.ਵੀ. ਰਾਹੀਂ ਮੇਲੇ ਬਾਰੇ ਜਾਣਕਾਰੀ ਹਾਸਲ ਕਰ ਲੈਂਦੇ ਹਨ। ਮੇਰੇ ਪਿਤਾ ਜੀ ਨੇ ਮੈਨੂੰ ਸਿੱਖ-ਸਥਾਨਾਂ/ਇਕੱਠਾਂ 'ਤੇ ਜਾਣ ਦਾ ਜੋ ਮੌਕਾ ਦਿੱਤਾ ਸੀ, ਉਹਨੂੰ ਮੈਂ ਆਪਣੇ ਪਰਿਵਾਰ ਨਾਲ ਅਜੇ ਵੀ ਸਾਂਝਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ।





# ਰੂਪ ਸਤਵੰਤ ਦਾ 'ਵਾਕਫ਼ੀਅਤ' (ਸਫ਼ਰ ਸਿਫ਼ਰਾਂ ਦਾ) ਬਹੁ-ਰੰਗਾ ਕਾਵਿ ਸੰਗ੍ਰਹਿ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਰੂਪ ਸਤਵੰਤ ਦਾ 'ਵਾਕਫ਼ੀਅਤ' (ਸਫ਼ਰ ਸਿਫ਼ਰਾਂ ਦਾ) ਪਲੇਠਾ ਕਾਵਿ ਸੰਗ੍ਰਹਿ ਹੈ। ਇਸ ਕਾਵਿ ਸੰਗ੍ਰਹਿ ਵਿਚ 42 ਖੁੱਲ੍ਹੀਆਂ ਬਹੁ-ਰੰਗੀ ਤੇ ਅਤੇ ਬਹੁ-ਮੰਤਵੀ ਕਵਿਤਾਵਾਂ ਹਨ। ਇਹ ਕਵਿਤਾਵਾਂ ਕਵੀ ਨੇ ਜਲਦਬਾਜ਼ੀ ਵਿਚ ਨਹੀਂ, ਸਗੋਂ ਸਹਿਜਤਾ ਨਾਲ 2002 ਤੋਂ ਲਿਖਣੀਆਂ ਸ਼ੁਰੂ ਕੀਤੀ ਤੇ 21 ਸਾਲ ਦੇ ਸਮੇਂ ਵਿਚ ਲਿਖਕੇ 2023 ਵਿਚ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਤ ਕੀਤੀਆਂ ਹਨ। ਇਹ ਕਵਿਤਾਵਾਂ ਮਨੁੱਖ ਦੇ ਮਨ ਵਿਚ ਕੀ ਉਥਲ-ਪੁਥਲ ਹੋ ਰਹੀ ਹੈ, ਉਸਦਾ ਪ੍ਰਗਟਾਵਾ ਕਰਦੀਆਂ ਹਨ, ਭਾਵ ਮਨੁੱਖ ਦੀ ਮਾਨਸਿਕਤਾ ਨੂੰ ਦ੍ਰਿਸ਼ਟਮਾਨ ਕਰਦੀਆਂ ਹਨ। ਇਨ੍ਹਾਂ ਕਵਿਤਾਵਾਂ ਵਿਚ ਸ਼ਾਇਰ ਨੇ ਦਰਸਾਇਆ ਹੈ ਕਿ ਮਨੁੱਖੀ ਮਨ ਬੜਾ ਚੰਚਲ ਹੈ, ਇਹ ਗਿਰਗਿਟ ਦੀ ਤਰ੍ਹਾਂ ਰੰਗ ਬਦਲਦਾ ਰਹਿੰਦਾ ਹੈ। ਕਵੀ ਦੇ ਵਿਸ਼ੇ ਵੀ ਬਹੁਤੇ ਸਮਾਜਿਕਤਾ ਨਾਲ ਸੰਬੰਧਤ ਹਨ। ਇਹ ਬੜੀ ਹੈਰਾਨੀ ਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਕਵੀ ਨੇ ਛੋਟੀ ਜਹੀ ਪੁਸਤਕ ਵਿਚ ਹੀ ਬਹੁਤ ਸਾਰੇ ਸੰਜੀਦਾ ਵਿਸ਼ਿਆਂ ਨੂੰ ਕਾਵਿਕ ਰੂਪ ਦੇ ਕੇ ਸਮਾਜ ਨੂੰ ਸਮਾਜਿਕ ਬੁਰਾਈਆਂ ਵਿਰੁੱਧ ਲਾਮਬੰਦ ਹੋਣ ਲਈ ਤਾਕੀਦ ਕੀਤੀ ਹੈ। ਕੁਦਰਤ ਦੀ ਕਾਇਨਾਤ ਨੂੰ ਵੀ ਆਪਣੀਆਂ ਕਵਿਤਾਵਾਂ ਦੇ ਵਿਸ਼ੇ ਬਣਾਇਆ ਹੈ। ਸ਼ਾਇਰ ਸਮਾਜ ਵਿਚ ਵਾਪਰ ਰਹੀਆਂ ਗ਼ੈਰ ਸਮਾਜੀ ਘਟਨਾਵਾਂ ਤੋਂ ਵੀ ਪ੍ਰਭਾਵਤ ਹੋ ਕੇ ਉਨ੍ਹਾਂ ਬਾਰੇ ਕਵਿਤਾਵਾਂ ਲਿਖਦਾ ਹੈ। ਭਾਵੇਂ ਕਵੀ ਖੁੱਲ੍ਹੀਆਂ ਕਵਿਤਾਵਾਂ ਲਿਖਦਾ ਹੈ ਪ੍ਰੰਤੂ ਇਨ੍ਹਾਂ ਦੇ ਵਿਸ਼ੇ ਬੜੇ ਸੰਜੀਦਾ ਹੁੰਦੇ ਹਨ। ਰੂਪ ਸਤਵੰਤ ਦੀਆਂ ਲਗਪਗ ਸਾਰੀਆਂ ਕਵਿਤਾਵਾਂ ਸਿੰਬਾਲਿਕ, ਭਾਵਕਤਾ ਵਿਚ ਲਵਰੇਜ ਅਤੇ ਸੰਜੀਦਗੀ ਵਾਲੀਆਂ ਹਨ। ਕਿਸੇ ਕਵਿਤਾ ਵਿਚ ਉਸਨੇ ਸਿੱਧੀ ਗੱਲ ਨਹੀਂ ਕੀਤੀ, ਸਗੋਂ ਕਿਸੇ ਸਥਿਤੀ ਨੂੰ ਆਧਾਰ ਬਣਾਕੇ ਲਿਖਦਾ ਹੈ। ਉਸਦੀ ਇਹ ਵੀ ਕਮਾਲ ਹੈ ਕਿ ਉਹ ਆਪਣੀਆਂ ਕਵਿਤਾਵਾਂ ਵਿਚ ਪੰਜਾਬੀ ਦਿਹਾਤੀ ਵਿਰਾਸਤ ਦੀਆਂ ਵਸਤਾਂ ਨੂੰ ਮਾਧਿਅਮ ਬਣਾਕੇ ਉਨ੍ਹਾਂ ਰਾਹੀਂ ਆਪਣੀ ਗੱਲ ਕਹਿੰਦਾ ਹੈ। ਉਸਦੀ ਸ਼ਬਦਾਵਲੀ ਠੇਠ ਮਲਵਈ ਤੇ ਪਿੰਡਾਂ ਵਿਚ ਵਰਤੀ ਜਾਣ ਵਾਲੀ ਹੈ। ਕਿਤੇ ਉਹ ਚੁਬਾਰੇ, ਹੰਝੂਆਂ, ਲੰਬੜਾਂ, ਖੱਬਲ, ਕਾਂਡੀਆਂ, ਮਝੋਲਿਆਂ, ਜ਼ਰੀਆਂ, ਗੋਟੀਆਂ, ਮੋਠਾਂ ਦੀ ਦਾਲ, ਮੂੰਗਫਲੀ, ਕੰਧੋਲੀ, ਟੋਕੇ ਆਲੀ ਮਸ਼ੀਨ, ਸੇਵੀਆਂ, ਦਰੀਆਂ, ਟਾਹਲੀਆਂ, ਕਿਕਰਾਂ, ਪਿਪਲਾਂ, ਬੋਹੜਾਂ,




ਬਰੋਟਿਆਂ, ਜਾਮਣ, ਡਾਕਰ ਜ਼ਮੀਨ, ਕਿਆਰੀਆਂ, ਨਰਮੇ ਅਤੇ ਕਪਾਹ ਦੀਆਂ ਫ਼ਸਲਾਂ ਆਦਿ ਦੀ ਗੱਲ ਕਰਦਾ ਹੈ। ਉਸਦੀ ਪਹਿਲੀ ਕਵਿਤਾ 'ਪਹਿਲਾ ਦਰਸ਼..' ਮਾਈ ਦੌਲਤਾਂ ਨੂੰ ਸਮਰਪਿਤ ਕੀਤੀ ਹੈ, ਜਿਸਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਸਾਰ ਵਿਚ ਪ੍ਰਗਟ ਹੋਣ ਸਮੇਂ ਆਪਣੀ ਜ਼ਿੰਮੇਵਾਰੀ ਨਿਭਾਈ ਹੈ। ਇਸ ਕਵਿਤਾ ਤੋਂ ਕਵੀ ਦੀ ਧਾਰਮਿਕ ਅਕੀਦਤ ਤੇ ਸੋਚ ਦਾ ਪ੍ਰਗਟਾਵਾ ਹੁੰਦਾ ਹੈ। ਧਾਰਮਿਕ ਸੋਚ ਨਾਲ ਸੰਬੰਧਤ ਉਸਦੀਆਂ 'ਖੰਡੇ ਦੀ ਬੁੱਕਲ', 'ਆਥਣ', 'ਬੇਦੋਸ਼ਿਆਂ ਲਈ . .', 'ਦਰਗਾਹ' 'ਅਧਿਆਪਕ ਨੂੰ ਚਿੱਠੀ' ਅਤੇ 'ਖ਼ੁਦ ਕਲਾਮੀ' ਆਦਿ ਕਵਿਤਾਵਾਂ ਵੀ ਹਨ, ਜਿਨ੍ਹਾਂ ਵਿਚ ਕਵੀ ਧਰਮ ਦੀ ਜਾਇਜ਼ ਅਤੇ ਨਾਜਾਇਜ਼ ਵਰਤੋਂ ਦਾ ਇਸ਼ਾਰਾ ਕਰਦਾ ਹੈ। ਪ੍ਰੰਤੂ ਦੂਜੀ 'ਅਵਸਥਾ..' ਸਿਰਲੇਖ ਵਾਲੀ ਕਵਿਤਾ ਵਿਚ ਕਵੀ ਮਨੁੱਖੀ ਮਨ ਦੀਆਂ ਵੱਖ-ਵੱਖ ਪਰਤਾਂ ਖੋਲ੍ਹਦਾ ਹੋਇਆ ਉਸਦੀ ਮਾਨਸਿਕਤਾ ਨੂੰ ਦ੍ਰਿਸ਼ਟਾਂਤ ਕਰਦਾ ਹੈ। ਇਨਸਾਨ ਦੀ ਫਿਤਰਤ ਸਮੇਂ ਦੀ ਨਜ਼ਾਕਤ ਅਨੁਸਾਰ ਰੰਗ ਬਦਲਦੀ ਰਹਿੰਦੀ ਹੈ। 'ਅੰਡਰਲਾਈਨ', 'ਧੀ ਧਿਆਣੀ' ਅਤੇ 'ਵਾਕਫ਼ੀਅਤ' ਸਿਰਲੇਖ ਵਾਲੀਆਂ ਕਵਿਤਾਵਾਂ ਵਿਚ ਸ਼ਾਇਰ ਮਰਦ ਤੇ ਇਸਤਰੀ ਨੂੰ ਇੱਕ ਦੂਜੇ ਦੇ ਪੂਰਕ ਕਹਿੰਦਾ ਹੈ ਪ੍ਰੰਤੂ ਜੇਕਰ ਉਹ ਇੱਕ ਦੂਜੇ ਦੀ ਮਾਨਸਿਕਤਾ ਨੂੰ ਸਮਝਣਗੇ ਤਾਂ ਜੀਵਨ ਸਫਲ ਹੋਵੇਗਾ। ਇਸਤਰੀ ਮਰਦ ਦੀ ਮਾਂ, ਭੈਣ, ਪਤਨੀ ਅਤੇ ਭਾਵੇ ਸਪੁੱਤਰੀ ਹੋਵੇ ਉਸ ਦਾ ਸਿੱਧਾ ਸੰਬੰਧ ਮਰਦ ਨਾਲ ਹੁੰਦਾ ਹੈ ਪ੍ਰੰਤੂ ਮਰਦ ਇਸਤਰੀ ਦੀ ਮਾਨਸਿਕਤਾ ਨੂੰ ਸਮਝੇ ਬਗ਼ੈਰ ਹੀ ਉਸ 'ਤੇ ਜ਼ਿਆਦਤੀਆਂ ਦੀ ਭਰਮਾਰ ਕਰ ਦਿੰਦਾ ਹੈ। ਮਰਦ ਹਮੇਸ਼ਾ ਔਰਤ ਵੱਲ ਵਹਿਸ਼ੀ ਨਿਗਾਹਾਂ ਨਾਲ ਵੇਖਦਾ ਹੈ, ਉਦੋਂ ਉਹ ਆਪਣੀ ਮਾਂ, ਭੈਣ, ਪਤਨੀ ਤੇ ਸਪੁੱਤਰੀ ਨੂੰ ਭੁੱਲ ਜਾਂਦਾ ਹੈ। 'ਪੀੜ' ਕਵਿਤਾ ਸਮੁੱਚੀ ਔਰਤ ਦੀ ਤ੍ਰਾਸਦੀ ਨੂੰ ਦਰਸਾਉਂਦੀ ਹੋਈ ਮਾਨਵਤਾ ਨੂੰ ਕੁਰੇਦਦੀ ਹੈ। ਬਲਾਤਕਾਰ ਵਰਗੀਆਂ ਘਟਨਾਵਾਂ 'ਤੇ ਵੀ ਚਿੰਤਾ ਦਾ ਪ੍ਰਗਟਾਵਾ ਕਰਦਾ ਹੈ। ਸ਼ਾਇਰ ਬਹੁਤ ਹੀ ਸੰਵੇਦਨਸ਼ੀਲ ਲੱਗਦਾ ਹੈ। ਮਰਦਾਂ ਨੂੰ ਇਖ਼ਲਾਕ 'ਤੇ ਪਹਿਰਾ ਦੇਣ ਦੀ ਤਾਕੀਦ ਕਰਦਾ ਹੈ। 'ਤਵੱਕੋ' ਕਵਿਤਾ ਨੌਜਵਾਨੀ ਨੂੰ ਸ਼ਹੀਦ ਭਗਤ ਸਿੰਘ ਦੇ ਪਦ ਚਿੰਨ੍ਹਾਂ 'ਤੇ ਚੱਲਣ ਦੀ ਪ੍ਰੇਰਨਾ ਦਿੰਦੀ ਹੈ। ਨਸ਼ੇ ਇੱਕ ਸਮਾਜਿਕ ਬੀਮਾਰੀ ਦਾ ਮੁੱਖ ਕਾਰਨ ਸ਼ਾਇਰ ਨੇ ਬੇਰੋਜ਼ਗਾਰੀ ਅਤੇ ਗ਼ਰੀਬੀ ਨੂੰ ਗਰਦਾਨਿਆਂ ਹੈ। 'ਮਰਦਾਨਗੀ' ਕਵਿਤਾ ਵੀ ਇਨਸਾਨੀਅਤ ਨੂੰ ਝੰਜੋੜਦੀ ਹੋਈ ਮਰਦ ਨੂੰ ਵੰਗਾਰਦੀ ਹੈ ਕਿ ਜੇਕਰ ਉਸਨੇ ਮਰਦਾਨਗੀ ਵਿਖਾਉਣੀ ਹੈ, ਤਾਂ ਕੰਜਕਾਂ ਭਾਵ ਇਸਤਰੀਆਂ ਦੇ ਸਿਰ 'ਤੇ ਹੱਥ ਰੱਖੇ ਅਤੇ ਨਸ਼ੇ ਵਿਚ ਗ੍ਰਸਤ ਨੌਜਵਾਨੀ ਨੂੰ ਨਸ਼ਿਆਂ ਦੀ ਲੱਤ ਵਿਚੋਂ ਬਾਹਰ ਕੱਢਕੇ ਸਿਹਤਮੰਦ ਸਮਾਜ ਬਣਾਉਣ ਵਿਚ ਆਪਣਾ ਸੁਚਾਰੂ ਯੋਗਦਾਨ ਪਾਉਣ ਵਿਚ ਆਪਣਾ ਸਮਾਜਿਕ ਫ਼ਰਜ਼ ਨਿਭਾਵੇ। ਜ਼ਿੰਦਗੀ ਵਿਚ ਸਫਲਤਾ ਪ੍ਰਾਪਤ ਕਰਨ ਲਈ ਆਲਸ ਤੋਂ ਖਹਿੜਾ ਛੁਡਾਕੇ ਕਿਰਤ ਕਰਨ ਤੇ ਮਿਹਨਤ ਦਾ ਪੱਲਾ ਫੜਨਾ ਚਾਹੀਦਾ ਹੈ। ਬਿਨਾ ਮਿਹਨਤ ਕੀਤਿਆਂ ਹਵਾਈ ਗੱਲਾਂ ਕਰਕੇ ਆਪਣੇ ਆਪ ਨੂੰ ਵੱਡਾ ਸਿੱਧ ਕਰਨਾ ਇਨਸਾਨ ਦੀ ਸੁਚਾਰੂ ਸੋਚ ਦਾ ਲਖਾਇਕ ਨਹੀਂ ਹੋ ਸਕਦਾ। ਵੱਡੀਆਂ ਕਾਰਾਂ, ਵੱਡੇ ਦਮਗਜੇ ਮਾਰਨੇ ਜ਼ਿੰਦਗੀ ਨੂੰ ਬਰਬਾਦ ਕਰਦੇ ਹਨ। ਦੂਜਿਆਂ ਦੀ ਥਾਲੀ ਦੇ ਲੱਡੂਆਂ ਨੂੰ ਵੱਡੇ ਵੇਖਣਾ ਤੇ ਫਿਰ ਆਪ ਉਨ੍ਹਾਂ ਗੁਆਂਢੀਆਂ ਦੀ ਨਕਲ ਕਰਨੀ ਆਰਥਿਕ ਤੌਰ 'ਤੇ ਡੂੰਘੀ ਖਾਈ ਵਿਚ ਸੁੱਟਦੀ ਹੈ। ਮਨੁੱਖ ਨੂੰ ਆਪਣੀ ਚੱਦਰ ਭਾਵ ਹੈਸੀਅਤ ਵੇਖ ਕੇ ਪੈਰ ਪਸਾਰਨ ਦੀ ਸ਼ਾਇਰ ਆਪਣੀਆਂ ਕਵਿਤਾਵਾਂ ਵਿਚ ਸਲਾਹ ਦਿੰਦਾ ਹੈ। ਪੜ੍ਹਾਈ ਇਨਸਾਨ ਦਾ ਗਹਿਣਾ ਹੈ ਪ੍ਰੰਤੂ ਜ਼ਿੰਦਗੀ ਜਿਊਣੀ ਇੱਕ ਜਾਚ ਹੈ। ਇਨ੍ਹਾਂ ਦੋਹਾਂ ਦੀ ਅਤਿਅੰਤ ਜ਼ਰੂਰਤ ਹੈ। ਇਸ ਤੋਂ ਇਲਾਵਾ ਸ਼ਾਇਰ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਪ੍ਰੇਰਨਾ ਲੈਣ ਲਈ ਵੀ ਕਹਿੰਦਾ ਹੈ, ਸ਼ਹੀਦਾਂ ਦੀਆਂ ਇਕੱਲੀਆਂ ਯਾਦਗਾਰਾਂ ਦਾ ਕੋਈ ਅਰਥ ਨਹੀਂ, ਜੇਕਰ ਉਨ੍ਹਾਂ ਨੂੰ ਮਾਰਗ ਦਰਸ਼ਕ ਬਣਾਕੇ ਆਪਣੀ ਜ਼ਿੰਦਗੀ ਬਸਰ ਨਹੀਂ ਕਰਦੇ। ਕਵੀ ਨੂੰ ਪ੍ਰਵਾਸ ਦੀ ਜ਼ਿੰਦਗੀ ਬਹੁਤੀ ਭਾਉਂਦੀ ਨਹੀਂ, ਸਗੋਂ ਪ੍ਰਵਾਸ ਦੇ ਸਬਜ਼ਬਾਗ ਸਾਡੀ ਵਿਰਾਸਤ ਨੂੰ ਨੁਕਸਾਨ ਪਹੁੰਚਾਉਂਦੇ ਹਨ। ਨੌਜਵਾਨ ਖਾਮਖਾਹ ਬਿਨਾ ਸੋਚੇ ਸਮਝੇ ਪਰਵਾਸ ਨੂੰ ਵਹੀਰਾਂ ਘੱਤ ਕੇ ਜਾ ਰਹੇ ਹਨ। ਪਿੱਛੇ ਉਨ੍ਹਾਂ ਦੇ ਮਾਪੇ ਬੱਚਿਆਂ ਨੂੰ ਤਰਸਦੇ ਰਹਿੰਦੇ ਹਨ। ਧੋਖੇ, ਫ਼ਰੇਬ ਅਤੇ ਬੇਈਮਾਨੀ ਇਨਸਾਨੀਅਤ ਦੀਆਂ ਕਦਰਾਂ-ਕੀਮਤਾਂ 'ਤੇ ਧੱਬੇ ਹਨ। ਕਵੀ ਆਪਣੀਆਂ ਕਵਿਤਾਵਾਂ ਵਿਚ ਸਿਖਿਆ ਨੀਤੀ 'ਤੇ ਕਿੰਤੂ ਪ੍ਰੰਤੂ ਕਰਦੀ ਹੈ, ਜਿਸ ਕਰਕੇ ਸਾਡੀ ਨੌਜਵਾਨ ਪੀੜ੍ਹੀ ਜ਼ਿੰਦਗੀ ਵਿਚ ਸਫ਼ਲ ਨਹੀਂ ਹੁੰਦੀ, ਸਗੋਂ ਗੁੰਮਰਾਹਕੁੰਨ ਰਹਿੰਦੀ ਹੈ। ਜੇਕਰ ਸਿੱਖਿਆ ਮਿਆਰੀ ਹੋਵੇਗੀ ਤਾਂ ਸਫ਼ਲਤਾ ਪੈਰ ਚੁੰਮੇਗੀ। 'ਸੀਖਾਂ ਦੀ ਡੱਬੀ..' ਕਵਿਤਾ ਵਿਚ ਸ਼ਾਇਰ ਨੇ ਇਸ਼ਕ ਦਾ ਅਤੇ ਸੀਖਾਂ ਦੀ ਡੱਬੀ ਦੀ ਤੁਲਨਾ ਕਰਦਿਆਂ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਦੋਵੇਂ ਅਕਲ ਨਾਲ ਵਰਤਣ/ਕਰਨ ਵਾਲੇ ਕੰਮ ਹਨ। ਬੇਅਕਲੀ ਨਾਲ ਨੁਕਸਾਨਦਾਇਕ ਹੋ ਸਕਦੇ ਹਨ। ਪਹਿਲਾ ਦਰਸ਼ ..., ਖੰਡੇ ਦੀ ਬੁੱਕਲ, ਆਥਣ, ਬੇਦੋਸ਼ਿਆਂ ਲਈ..., ਧਾਰਮਿਕ ਕਵਿਤਾਵਾਂ ਹਨ। ਭਵਿਖ ਵਿਚ ਕਵੀ ਤੋਂ ਹੋਰ ਚੰਗੀਆਂ ਕਵਿਤਾਵਾਂ ਲਿਖਣ ਦੀ ਕਾਮਨਾ ਕਰਦਾ ਹਾਂ।

**128 ਪੰਨਿਆਂ, 220 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਕੈਲੀਬਰ ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ : ਰੂਪ ਸਤਵੰਤ: 8196821300**

# ਰਾਸ਼ਟਰੀ ਗੀਤ ਨੂੰ ਲੈ ਕੇ ਵਿਵਾਦ ਪੈਦਾ ਕਰਨਾ ਕਿੰਨਾ ਕੁ ਜਾਇਜ਼ ਹੈ?

ਪ੍ਰਿਅੰਕਾ ਸੌਰਭ
ਹਿਸਾਰ
(ਮੋ.) 70153-75570
ਪੰਜਾਬ ਮੇਲ USA



ਤਾਮਿਲਨਾਡੂ ਦੇ ਰਾਜਪਾਲ ਆਰ.ਐੱਨ. ਰਵੀ ਕੇ. ਨੇ ਆਪਣਾ ਰਵਾਇਤੀ ਸੰਬੋਧਨ ਦਿੱਤੇ ਬਿਨਾਂ ਤਾਮਿਲਨਾਡੂ ਵਿਧਾਨ ਸਭਾ ਛੱਡ ਦਿੱਤੀ। ਰਾਜਪਾਲ ਦੀ ਰਵਾਨਗੀ ਉਨ੍ਹਾਂ ਦੇ ਨਿਰਧਾਰਤ ਭਾਸ਼ਣ ਤੋਂ ਪਹਿਲਾਂ ਰਾਸ਼ਟਰੀ ਗੀਤ ਨਾ ਵਜਾਏ ਜਾਣ ਦੇ ਵਿਰੋਧ ਵਿਚ ਸੀ, ਜਿਸ ਨੂੰ ਉਨ੍ਹਾਂ ਨੇ ਜ਼ਰੂਰੀ ਸਮਝਿਆ। ਤਾਮਿਲਨਾਡੂ ਦੇ ਰਾਜਪਾਲ ਆਰ.ਐੱਨ. ਰਵੀ ਸਾਲ ਦੇ ਪਹਿਲੇ ਸੈਸ਼ਨ ਦਾ ਉਦਘਾਟਨੀ ਭਾਸ਼ਣ ਦਿੱਤੇ ਬਿਨਾਂ ਹੀ ਵਿਧਾਨ ਸਭਾ ਤੋਂ ਵਾਕਆਊਟ ਕਰ ਗਏ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਭਾਸ਼ਣ ਤੋਂ ਪਹਿਲਾਂ ਰਾਸ਼ਟਰੀ ਗੀਤ ਨਹੀਂ ਵਜਾਇਆ ਗਿਆ। ਪਿਛਲੇ ਸਾਲ ਵੀ ਉਸ ਨੇ ਆਪਣਾ ਪਤਾ ਪੜ੍ਹਨ ਤੋਂ ਇਨਕਾਰ ਕਰ ਦਿੱਤਾ ਸੀ। ਤਾਮਿਲਨਾਡੂ ਵਿਧਾਨ ਸਭਾ ਵਿਚ ਸਭ ਤੋਂ ਪਹਿਲਾਂ ਰਾਜ ਗੀਤ ਗਾਇਆ ਜਾਂਦਾ ਹੈ। ਸੈਸ਼ਨ ਦੀ ਸ਼ੁਰੂਆਤ ਰਾਜ ਗੀਤ, ਤਾਮਿਲ ਥਾਈ ਵਜ਼ਾਥੂ ਅਤੇ ਅੰਤ ਵਿਚ ਰਾਸ਼ਟਰੀ ਗੀਤ ਨਾਲ ਹੋਈ। ਰਾਜਪਾਲ ਦੇ ਸੰਬੋਧਨ ਤੋਂ ਬਾਅਦ ਰਾਸ਼ਟਰੀ ਗੀਤ ਵਜਾਇਆ ਜਾਂਦਾ ਹੈ। ਇਹ ਅਭਿਆਸ ਜੁਲਾਈ 1991 ਦਾ ਹੈ, ਜੋ ਜੈਲਲਿਤਾ ਦੀ ਅਗਵਾਈ ਵਾਲੀ ਸਰਕਾਰ ਦੌਰਾਨ ਸ਼ੁਰੂ ਹੋਇਆ ਸੀ। ਇਸ ਤੋਂ ਪਹਿਲਾਂ ਰਾਜਪਾਲ ਬਿਨਾਂ ਕਿਸੇ ਰਾਸ਼ਟਰੀ ਗੀਤ ਦੇ ਆਪਣਾ ਭਾਸ਼ਣ ਦਿੰਦੇ ਸਨ। ਰਾਜਪਾਲ ਆਰ.ਐੱਨ. ਰਵੀ ਆਪਣਾ ਸੰਬੋਧਨ ਦੱਸੇ ਬਿਨਾਂ ਵਿਧਾਨ ਸਭਾ ਤੋਂ ਵਾਕਆਊਟ ਕਰ ਗਏ ਅਤੇ ਕਿਹਾ ਕਿ ਉਨ੍ਹਾਂ ਦੇ ਆਉਣ 'ਤੇ ਸਿਰਫ ਰਾਜ ਗੀਤ ਵਜਾਇਆ ਗਿਆ, ਰਾਸ਼ਟਰੀ ਗੀਤ ਨਹੀਂ। ਉਨ੍ਹਾਂ ਕਿਹਾ ਕਿ ਇਹ ਸੰਵਿਧਾਨ ਅਤੇ ਰਾਸ਼ਟਰੀ ਗੀਤ ਦੋਵਾਂ ਦਾ ਅਪਮਾਨ ਹੈ। ਨਾਗਾਲੈਂਡ ਵਿਚ, ਦਹਾਕਿਆਂ ਤੋਂ ਵਿਧਾਨ ਸਭਾ ਵਿਚ ਰਾਸ਼ਟਰੀ ਗੀਤ ਨਹੀਂ ਵਜਾਇਆ ਗਿਆ ਸੀ ਅਤੇ ਫਰਵਰੀ 2021 ਵਿਚ, ਆਰ.ਐੱਨ. ਇਹ ਰਵੀ ਦੇ ਰਾਜਪਾਲ ਦੇ ਕਾਰਜਕਾਲ ਦੌਰਾਨ ਪੇਸ਼ ਕੀਤਾ ਗਿਆ ਸੀ। ਮਾਰਚ 2018 ਵਿਚ ਤ੍ਰਿਪੁਰਾ ਵਿਚ ਵਿਧਾਨ ਸਭਾ ਵਿਚ ਪਹਿਲੀ ਵਾਰ ਰਾਸ਼ਟਰੀ ਗੀਤ ਵਜਾਇਆ ਗਿਆ ਸੀ। ਦੂਜੇ ਰਾਜਾਂ ਦੀਆਂ ਵਿਧਾਨ ਸਭਾਵਾਂ ਰਾਸ਼ਟਰੀ ਗੀਤ ਵਜਾਉਣ ਲਈ ਸਖਤ ਪ੍ਰੋਟੋਕੋਲ ਦੀ ਪਾਲਣਾ ਨਹੀਂ ਕਰਦੀਆਂ ਹਨ। ਰਾਸ਼ਟਰੀ ਗੀਤ ਦਾ ਸਤਿਕਾਰ ਕਰਨਾ ਹਰ ਨਾਗਰਿਕ ਦਾ ਮੁੱਢਲਾ ਫਰਜ਼ ਦੱਸਿਆ ਗਿਆ ਹੈ। ਹਾਲਾਂਕਿ, ਇਹ ਖਾਸ ਮੌਕਿਆਂ 'ਤੇ ਇਸ ਨੂੰ ਗਾਉਣਾ ਜਾਂ ਵਜਾਉਣਾ ਲਾਜ਼ਮੀ ਨਹੀਂ ਬਣਾਉਂਦਾ।

ਸੰਸਦ ਨੂੰ ਰਾਸ਼ਟਰਪਤੀ ਦੇ ਸੰਬੋਧਨ ਦੌਰਾਨ ਜਦੋਂ ਰਾਸ਼ਟਰਪਤੀ ਸਟੇਜ 'ਤੇ ਪਹੁੰਚਦਾ ਹੈ, ਤਾਂ ਰਾਸ਼ਟਰੀ ਗੀਤ ਵਜਾਇਆ ਜਾਂਦਾ ਹੈ। ਸੰਬੋਧਨ ਦੌਰਾਨ, ਰਾਸ਼ਟਰਪਤੀ ਛਪੇ ਹੋਏ ਸੰਬੋਧਨ ਨੂੰ ਪੜ੍ਹਦਾ ਹੈ, ਇਸ ਤੋਂ ਬਾਅਦ ਲੋੜ ਪੈਣ 'ਤੇ ਦੂਜਾ ਸੰਸਕਰਣ ਪੜ੍ਹਦਾ ਹੈ, ਜਿਸ ਨੂੰ ਰਾਜ ਸਭਾ ਦੇ ਚੇਅਰਮੈਨ ਦੁਆਰਾ ਪੜ੍ਹਿਆ ਜਾਂਦਾ ਹੈ। ਭਾਸ਼ਣ ਤੋਂ ਬਾਅਦ, ਰਾਸ਼ਟਰਪਤੀ ਦੇ ਹਾਲ ਤੋਂ ਬਾਹਰ ਜਾਣ ਤੋਂ ਪਹਿਲਾਂ ਰਾਸ਼ਟਰੀ ਗੀਤ ਦੁਬਾਰਾ ਵਜਾਇਆ ਜਾਂਦਾ ਹੈ। ਰਾਸ਼ਟਰੀ ਗੀਤ ਦੇ ਸਤਿਕਾਰ ਸੰਬੰਧੀ ਬੁਨਿਆਦੀ ਫਰਜ਼ਾਂ ਅਧੀਨ ਭਾਰਤ ਦਾ ਸੰਵਿਧਾਨ ਅਨੁਛੇਦ 51(ਏ) (ਏ) ਹਰੇਕ ਨਾਗਰਿਕ ਨੂੰ ਸੰਵਿਧਾਨ ਦੀ ਪਾਲਣਾ ਕਰਨ ਅਤੇ ਰਾਸ਼ਟਰੀ ਗੀਤ, ਰਾਸ਼ਟਰੀ ਝੰਡੇ ਅਤੇ ਹੋਰ ਰਾਸ਼ਟਰੀ ਚਿੰਨ੍ਹਾਂ ਦਾ ਸਨਮਾਨ ਕਰਨ ਦਾ ਹੁਕਮ ਦਿੰਦਾ ਹੈ। ਗ੍ਰਹਿ ਮੰਤਰਾਲੇ ਦੇ ਹੁਕਮ ਉਨ੍ਹਾਂ ਮੌਕਿਆਂ ਨੂੰ ਦਰਸਾਉਂਦੇ ਹਨ, ਜਦੋਂ ਰਾਸ਼ਟਰੀ ਗੀਤ ਵਜਾਇਆ ਜਾਣਾ ਚਾਹੀਦਾ ਹੈ, ਜਿਵੇਂ ਕਿ ਸਿਵਲ ਅਤੇ ਮਿਲਟਰੀ ਇਨਵੈਸਟਮੈਂਟ, ਪਰੇਡ, ਰਾਸ਼ਟਰਪਤੀ ਜਾਂ ਰਾਜਪਾਲ ਦਾ ਆਗਮਨ/ਰਵਾਨਗੀ ਅਤੇ ਰਸਮੀ ਰਾਜ ਸਮਾਗਮ। ਵਿਸ਼ੇਸ਼ ਮੌਕਿਆਂ 'ਤੇ ਰਾਸ਼ਟਰੀ ਗੀਤ ਪੂਰੀ ਤਰ੍ਹਾਂ ਵਜਾਇਆ ਜਾਣਾ ਚਾਹੀਦਾ ਹੈ। ਸਿਵਲ ਅਤੇ ਫੌਜੀ ਨਿਵੇਸ਼ ਦੇ ਦੌਰਾਨ, ਜਦੋਂ ਰਾਸ਼ਟਰਪਤੀ ਜਾਂ ਰਾਜਪਾਲ ਨੂੰ ਰਾਸ਼ਟਰੀ ਸਲਾਮੀ ਦਿੱਤੀ ਜਾਂਦੀ ਹੈ। ਪਰੇਡ ਦੌਰਾਨ, ਰਾਸ਼ਟਰੀ ਝੰਡਾ ਲਹਿਰਾਉਣ ਜਾਂ ਰੈਜੀਮੈਂਟਲ ਰੰਗਾਂ ਦੀਆਂ ਪੇਸ਼ਕਾਰੀਆਂ ਦੌਰਾਨ। ਰਸਮੀ ਰਾਜ ਸਮਾਗਮਾਂ ਤੋਂ ਰਾਸ਼ਟਰਪਤੀ ਦੇ ਆਉਣ ਜਾਂ ਰਵਾਨਗੀ 'ਤੇ। ਆਲ ਇੰਡੀਆ ਰੇਡੀਓ 'ਤੇ ਰਾਸ਼ਟਰ ਨੂੰ ਰਾਸ਼ਟਰਪਤੀ ਦੇ ਸੰਬੋਧਨ ਤੋਂ ਪਹਿਲਾਂ ਅਤੇ ਬਾਅਦ ਵਿਚ। ਅਦਾਲਤਾਂ ਨੇ ਦੇਖਿਆ ਹੈ ਕਿ ਰਾਸ਼ਟਰੀ ਗੀਤ ਸਨਮਾਨ ਦਾ ਹੱਕਦਾਰ ਹੈ, ਪਰ ਜਦੋਂ ਤੱਕ ਸਪੱਸ਼ਟ ਤੌਰ 'ਤੇ ਨਿਰਧਾਰਿਤ ਨਾ ਕੀਤਾ ਗਿਆ ਹੋਵੇ, ਸਾਰੇ ਮੌਕਿਆਂ 'ਤੇ ਇਸਦਾ ਗਾਉਣਾ ਜਾਂ ਵਜਾਉਣਾ ਲਾਜ਼ਮੀ ਨਹੀਂ ਹੈ। ਉਦਾਹਰਣ ਵਜੋਂ, ਸਿਨੇਮਾ ਸਕ੍ਰੀਨਿੰਗ ਦੇ ਦੌਰਾਨ, ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਕਿ ਰਾਸ਼ਟਰੀ ਗੀਤ ਵਜਾਉਣਾ ਲਾਜ਼ਮੀ ਨਹੀਂ ਹੈ ਪਰ ਇਸ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

ਨੈਸ਼ਨਲ ਆਨਰ ਦੇ ਅਪਮਾਨ ਦੀ ਰੋਕਥਾਮ ਐਕਟ, 1971 ਦੇ ਤਹਿਤ, ਰਾਸ਼ਟਰੀ ਗੀਤ ਦੇ ਜਾਣਬੁੱਝ ਕੇ ਅਪਮਾਨ ਜਾਂ ਅਪਮਾਨ ਲਈ 3 ਸਾਲ ਤੱਕ ਦੀ ਕੈਦ, ਜੁਰਮਾਨਾ ਜਾਂ ਦੋਵਾਂ ਦੀ ਵਿਵਸਥਾ ਹੈ। ਰਾਸ਼ਟਰੀ ਗੀਤ ਨਾ ਵਜਾਉਣ ਜਾਂ ਨਾ ਗਾਉਣ ਦੀ ਕੋਈ ਸਜ਼ਾ ਨਹੀਂ ਹੈ, ਜਦੋਂ ਤੱਕ ਇਹ ਜਾਣਬੁੱਝ ਕੇ ਨਿਰਾਦਰ ਨਾ ਹੋਵੇ। 2019 ਵਿਚ, ਮਦਰਾਸ ਹਾਈ ਕੋਰਟ ਨੇ ਇੱਕ ਅਧਿਕਾਰਤ ਸਮਾਰੋਹ ਵਿਚ ਰਾਸ਼ਟਰੀ ਗੀਤ ਨਾ ਵਜਾਉਣ ਲਈ ਸਜ਼ਾ ਦੀ ਮੰਗ ਕਰਨ ਵਾਲੀ ਇੱਕ ਪਟੀਸ਼ਨ ਨੂੰ ਇਸ ਨੂੰ ਸਾਰੇ ਮੌਕਿਆਂ 'ਤੇ ਗਾਉਣ ਜਾਂ ਵਜਾਉਣ ਨੂੰ ਲਾਗੂ ਕਰਨ ਲਈ ਕਾਨੂੰਨੀ ਆਦੇਸ਼ ਦੀ ਘਾਟ ਦਾ ਹਵਾਲਾ ਦਿੰਦੇ ਹੋਏ ਰੱਦ ਕਰ ਦਿੱਤਾ। ਰਾਸ਼ਟਰੀ ਝੰਡਾ ਲਹਿਰਾਉਣ ਵਰਗੇ ਮੌਕਿਆਂ 'ਤੇ ਸਮੂਹਿਕ ਗਾਇਕੀ ਦੀ ਲੋੜ ਹੁੰਦੀ ਹੈ, ਜਿਵੇਂ ਕਿ ਕੋਈ ਸੱਭਿਆਚਾਰਕ ਜਾਂ ਰਸਮੀ ਫੰਕਸ਼ਨ (ਪਰੇਡ ਤੋਂ ਇਲਾਵਾ)। ਅਧਿਕਾਰਤ ਜਾਂ ਜਨਤਕ ਸਮਾਗਮਾਂ ਵਿਚ ਰਾਸ਼ਟਰਪਤੀ ਦਾ ਆਗਮਨ ਅਤੇ ਰਵਾਨਗੀ। ਕੀ ਸਰਕਾਰੀ ਸਮਾਗਮਾਂ ਵਿਚ ਰਾਸ਼ਟਰੀ ਗੀਤ ਵਜਾਉਣਾ ਲਾਜ਼ਮੀ ਨਹੀਂ ਹੈ? ਉਦਾਹਰਨ ਲਈ, 2019 ਵਿਚ ਮਦੁਰਾਈ ਵਿਚ ਆਯੋਜਿਤ ਇੱਕ ਸਮਾਗਮ ਦੌਰਾਨ, ਜਿਸ ਵਿਚ ਪ੍ਰਧਾਨ ਮੰਤਰੀ, ਰਾਜਪਾਲ ਅਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਨੇ ਸ਼ਿਰਕਤ ਕੀਤੀ ਸੀ, ਰਾਸ਼ਟਰੀ ਗੀਤ ਨਹੀਂ ਵਜਾਇਆ ਗਿਆ ਸੀ। ਰਾਸ਼ਟਰੀ ਗੀਤ ਨਾ ਵਜਾਉਣ 'ਤੇ ਸਜ਼ਾ ਦੀ ਮੰਗ ਵਾਲੀ ਪਟੀਸ਼ਨ ਨੂੰ ਮਦਰਾਸ ਹਾਈ ਕੋਰਟ ਨੇ ਖਾਰਜ ਕਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਰਾਸ਼ਟਰੀ ਗੀਤ ਦੀ ਵਰਤੋਂ ਰਿਵਾਜ਼ ਹੈ ਅਤੇ ਕਾਨੂੰਨ ਦੁਆਰਾ ਲਾਜ਼ਮੀ ਨਹੀਂ ਹੈ।

ਮਹੱਤਵਪੂਰਨ ਸਰਕਾਰੀ ਸਮਾਗਮਾਂ ਵਿਚ ਰਾਸ਼ਟਰੀ ਗੀਤ ਵਜਾਉਣਾ ਨਾਗਰਿਕਾਂ ਵਿਚ ਸਮੂਹਿਕ ਪਛਾਣ, ਏਕਤਾ ਅਤੇ ਦੇਸ਼ ਭਗਤੀ ਦੀ ਭਾਵਨਾ ਨੂੰ ਮਜ਼ਬੂਤ ਕਰਦਾ ਹੈ। ਇਹ ਖੇਤਰੀ, ਭਾਸ਼ਾਈ ਅਤੇ ਸੱਭਿਆਚਾਰਕ ਵਖਰੇਵਿਆਂ ਤੋਂ ਪਰ੍ਹੇ ਸਾਂਝੀਆਂ ਕੌਮੀ ਕਦਰਾਂ-ਕੀਮਤਾਂ ਅਤੇ ਅਕਾਂਖਿਆਵਾਂ ਦੀ ਪ੍ਰਤੀਕਾਤਮਕ ਯਾਦ ਦਿਵਾਉਂਦਾ ਹੈ।

ਰਾਸ਼ਟਰੀ ਗੀਤ ਗਾਉਣ ਨੂੰ ਲਾਜ਼ਮੀ ਬਣਾਉਣਾ ਸੰਵਿਧਾਨ ਦੀ ਧਾਰਾ 51 (ਏ) (ਏ) ਦੇ ਅਨੁਸਾਰ ਹੈ, ਜੋ ਰਾਸ਼ਟਰੀ ਗੀਤ ਦਾ ਸਤਿਕਾਰ ਕਰਨਾ ਹਰੇਕ ਨਾਗਰਿਕ ਦਾ ਬੁਨਿਆਦੀ ਫਰਜ਼ ਦਰਸਾਉਂਦਾ ਹੈ। ਪ੍ਰਮੁੱਖ ਸਮਾਗਮਾਂ ਵਿਚ ਇਸਦੀ ਸ਼ਮੂਲੀਅਤ ਰਾਸ਼ਟਰੀ ਚਿੰਨ੍ਹਾਂ ਦਾ ਸਨਮਾਨ ਕਰਨ ਅਤੇ ਜਨਤਕ ਜੀਵਨ ਵਿਚ ਸਨਮਾਨ ਅਤੇ ਜਵਾਬਦੇਹੀ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦੀ ਮਹੱਤਤਾ ਨੂੰ ਰੇਖਾਂਕਿਤ ਕਰਦੀ ਹੈ। ਉਲਝਣ ਤੋਂ ਬਚਣ ਅਤੇ ਰਾਜਾਂ ਅਤੇ ਸੰਸਥਾਵਾਂ ਵਿਚ ਇਕਸਾਰਤਾ ਨੂੰ ਯਕੀਨੀ ਬਣਾਉਣ ਲਈ ਸਰਕਾਰੀ ਸਮਾਗਮਾਂ 'ਚ ਰਾਸ਼ਟਰੀ ਗੀਤ ਵਜਾਉਣ ਲਈ ਸਰਕਾਰ ਨੂੰ ਸਪੱਸ਼ਟ ਅਤੇ ਇਕਸਾਰ ਦਿਸ਼ਾ-ਨਿਰਦੇਸ਼ ਜਾਰੀ ਕਰਨੇ ਚਾਹੀਦੇ ਹਨ। ਜਾਗਰੂਕਤਾ ਅਤੇ ਸਤਿਕਾਰ ਨੂੰ ਵਧਾਵਾ ਦਿਓ, ਰਾਸ਼ਟਰੀ ਗੀਤ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਜਾਗਰੂਕਤਾ ਮੁਹਿੰਮਾਂ ਚਲਾਓ, ਬਿਨਾਂ ਕਿਸੇ ਮਜਬੂਰੀ ਜਾਂ ਵਿਵਾਦ ਦੇ ਸਵੈਇੱਛਤ ਸਨਮਾਨ ਅਤੇ ਭਾਗੀਦਾਰੀ ਨੂੰ ਉਤਸ਼ਾਹਿਤ ਕਰੋ।

## ਸੰਯੁਕਤ ਅਮਰੀਕਾ ਬਨਾਮ ਸੰਯੁਕਤ ਭਾਰਤ

# ਕੀ ਅਮਰੀਕਾ ਨੂੰ ਦੁਬਾਰਾ ਮਹਾਨ ਬਣਾਉਣ ਅਤੇ ਮੇਕ ਇਨ ਇੰਡੀਆ ਦੇ ਟਕਰਾਅ ਦੀ ਸੰਭਾਵਨਾ ਹੈ ?

**ਸੰਯੁਕਤ ਅਮਰੀਕਾ ਵਿਚ ਨਵੇਂ ਮੁਲਕਾਂ ਨੂੰ ਜੋੜਨ ਦੀ ਗੱਲ ਹੁੰਦੀ ਹੈ, ਜਦੋਂਕਿ ਸੰਯੁਕਤ ਭਾਰਤ ਵਿਚ ਭਾਰਤ ਤੋਂ ਵੱਖ ਹੋਏ ਭਾਰਤ ਦੇ ਹਿੱਸਿਆਂ ਨੂੰ ਮੁੜ ਜੋੜਨ ਦੀ ਗੱਲ ਹੁੰਦੀ ਹੈ: ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ ਗੋਂਦੀਆ ਮਹਾਰਾਸ਼ਟਰ**

ਵਿਸ਼ਵ ਪੱਧਰ 'ਤੇ ਪੁਰਾਣੇ ਸਮੇਂ ਤੋਂ ਲੈ ਕੇ ਪੁਰਾਤਨ ਭਾਰਤ ਤੋਂ ਲੈ ਕੇ ਨਵੇਂ ਭਾਰਤ ਤੱਕ ਅਤੇ ਸੰਯੁਕਤ ਭਾਰਤ ਤੋਂ ਲੈ ਕੇ ਅੱਜ ਦੇ ਭਾਰਤ ਤੱਕ ਦੇ ਵਿਚਾਰਾਂ, ਸੱਭਿਅਤਾ ਅਤੇ ਸੱਭਿਆਚਾਰਕ ਵਿਰਸੇ ਦੀ ਪੂਰੀ ਦੁਨੀਆਂ ਵਿਚ ਸ਼ਲਾਘਾ ਕੀਤੀ ਜਾਂਦੀ ਹੈ। ਭਾਰਤ ਦੇ ਵਸੁਧੈਵ ਕੁਟੁੰਬਕਮ ਦਾ ਜ਼ਿਕਰ ਭਾਰਤੀ ਉਪਨਿਸ਼ਦਾਂ ਅਤੇ ਹੋਰ ਪ੍ਰਾਚੀਨ ਗ੍ਰੰਥਾਂ ਵਿਚ ਮਿਲਦਾ ਹੈ। ਇਸ ਧਾਰਨਾ ਦਾ ਮੂਲ ਇਹ ਹੈ ਕਿ ਧਰਤੀ 'ਤੇ ਸਾਰੇ ਜੀਵ-ਜੰਤੂ ਇੱਕ ਪਰਿਵਾਰ ਦਾ ਹਿੱਸਾ ਹਨ ਅਤੇ ਸਾਨੂੰ ਸਾਰਿਆਂ ਨਾਲ ਪਿਆਰ ਅਤੇ ਸਮਾਨਤਾ ਨਾਲ ਪੇਸ਼ ਆਉਣਾ ਚਾਹੀਦਾ ਹੈ। ਇਹ ਸਿਧਾਂਤ ਜ਼ਿੰਦਗੀ ਦੇ ਸਾਰੇ ਪਹਿਲੂਆਂ 'ਤੇ ਲਾਗੂ ਹੁੰਦਾ ਹੈ, ਭਾਵੇਂ ਉਹ ਨਿੱਜੀ ਹੋਵੇ, ਪਰਿਵਾਰਕ ਜਾਂ ਸਮਾਜਿਕ ਪਰ ਅੰਗਰੇਜ਼ਾਂ ਦੀ ਬੁਰੀ ਨਜ਼ਰ ਭਾਰਤ 'ਤੇ ਪੈ ਗਈ ਅਤੇ ਭਾਰਤ ਟੁੱਟਣਾ ਸ਼ੁਰੂ ਹੋ ਗਿਆ, ਜੋ ਅਜੇ ਵੀ ਇੱਕ ਅਖੰਡ ਭਾਰਤ ਲਈ ਯਤਨਸ਼ੀਲ ਹੈ, ਪਰ ਰਾਸ਼ਟਰਪਤੀ ਡੋਨਾਲਡ ਟਰੰਪ ਜੋ ਪ੍ਰਵੇਸ਼ ਕਰਨਗੇ ਵ੍ਹਾਈਟ ਹਾਊਸ ਨੇ 20 ਜਨਵਰੀ, 2025 ਨੂੰ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਬਾਅਦ, ਇੱਕ ਸੰਯੁਕਤ ਅਮਰੀਕਾ ਦੀ ਕਲਪਨਾ ਕੀਤੀ ਹੈ, ਜਿਸ ਵਿਚ ਪਨਾਮਾ, ਗ੍ਰੀਨਲੈਂਡ ਅਤੇ ਕੈਨੇਡਾ ਅਤੇ ਮੈਕਸੀਕੋ ਦਾ ਖੇਤਰ, ਭਾਵੇਂ ਇਹ ਦੇਸ਼ ਕਦੇ ਵੀ ਅਮਰੀਕਾ ਦਾ ਹਿੱਸਾ ਨਹੀਂ ਰਹੇ, ਪਰ ਆਜ਼ਾਦ ਦੇਸ਼ ਹਨ, ਇਨ੍ਹਾਂ ਨੂੰ ਮਿਲਾ ਕੇ ਟਰੰਪ ਇਕ ਸੰਯੁਕਤ ਅਮਰੀਕਾ ਦੀ ਕਲਪਨਾ ਕਰ ਰਹੇ ਹਨ, ਹਾਲਾਂਕਿ ਅਜਿਹਾ ਸੰਭਵ ਹੈ ਜਾਂ ਨਹੀਂ, ਜਦਕਿ ਕੁੱਝ ਦਿਨ ਪਹਿਲਾਂ ਹੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕਜੁੱਟ ਅਮਰੀਕਾ ਦੀ ਵਕਾਲਤ ਕੀਤੀ ਸੀ। ਉਸੇ ਤਰ੍ਹਾਂ ਹੁਣ ਟਰੰਪ ਮੇਕ ਅਮਰੀਕਾ ਗ੍ਰੇਟ ਅਗੇਨ ਦੀ ਗੱਲ ਕਰ ਰਹੇ ਹਨ। ਸਾਡੇ ਪ੍ਰਧਾਨ ਮੰਤਰੀ ਲੰਬੇ ਸਮੇਂ ਤੋਂ ਮੇਕ ਇਨ ਇੰਡੀਆ ਦੀ ਗੱਲ ਕਰ ਰਹੇ ਹਨ, ਯਾਨੀ ਕਿ ਕੁੱਲ ਮਿਲਾ ਕੇ ਅਮਰੀਕਾ ਉਸੇ ਰਸਤੇ 'ਤੇ ਚੱਲ ਰਿਹਾ ਹੈ, ਜਿਸ 'ਤੇ ਭਾਰਤ ਚੱਲ ਰਿਹਾ ਹੈ। ਦੋਹਾਂ ਦੇਸ਼ਾਂ ਦੇ ਸੁਪਰੀਮੋ ਦੇ ਵਿਚਾਰ ਉਸੇ ਦਿਸ਼ਾ 'ਚ ਜਾ ਰਹੇ ਹਨ, ਭਾਵ ਉਹ ਗੰਭੀਰਤਾ ਨਾਲ ਮਿਲ ਰਹੇ ਹਨ, ਜਿਸ ਦੇ ਸਕਾਰਾਤਮਕ ਨਤੀਜਿਆਂ ਨੇ 'ਸਬੰਧਾਂ ਨੂੰ ਮਜ਼ਬੂਤ' ਕੀਤਾ ਹੈ ਪਰ ਆਪਣੇ-ਆਪਣੇ ਦੇਸ਼ਾਂ ਦੇ ਹਿੱਤਾਂ ਨੂੰ ਦੇਖਦੇ ਹੋਏ ਅਮਰੀਕਾ ਫਿਰ ਤੋਂ ਮਹਾਨ ਹੈ ਅਤੇ ਉਨ੍ਹਾਂ 'ਤੇ ਧਿਆਨ ਕੇਂਦਰਿਤ ਕੀਤਾ ਹੈ। ਮੇਕ ਇਨ ਇੰਡੀਆ। ਅਜਿਹੀ ਸਥਿਤੀ ਵੀ ਹੋ ਸਕਦੀ ਹੈ, ਜਿਸ ਬਾਰੇ ਅਸੀਂ ਹੇਠਾਂ ਦਿੱਤੇ ਪੈਰੇ ਵਿਚ ਚਰਚਾ ਕਰਾਂਗੇ। ਕੀ ਅਮਰੀਕਾ ਅਤੇ ਭਾਰਤ ਦੀ ਸੋਚ ਮੇਲ ਖਾਂਦੀ ਹੈ ? ਇਸ ਤਰਕ ਨੂੰ ਧਿਆਨ ਵਿਚ ਰੱਖਦੇ ਹੋਏ ਅੱਜ ਅਸੀਂ ਇਸ ਲੇਖ ਰਾਹੀਂ ਮੀਡੀਆ ਵਿਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਚਰਚਾ ਕਰਾਂਗੇ, ਸੰਯੁਕਤ ਅਮਰੀਕਾ ਬਨਾਮ ਸੰਯੁਕਤ ਭਾਰਤ ਅਤੇ ਸੰਯੁਕਤ ਅਮਰੀਕਾ ਵਿਚ ਇਕ ਨਵਾਂ ਦੇਸ਼ ਜੋੜਨ ਦੀ ਗੱਲ ਕੀਤੀ ਗਈ ਹੈ, ਜਦੋਂਕਿ ਸੰਯੁਕਤ ਭਾਰਤ ਵਿਚ ਭਾਰਤ ਨਾਲੋਂ ਵੱਖ ਹੋਏ ਹਿੱਸੇ, ਭਾਰਤ ਨੂੰ ਪੂਰੀ ਤਰ੍ਹਾਂ ਨਾਲ ਮਿਲਣ ਦਾ ਮਾਮਲਾ ਹੈ।

ਦੋਸਤੋ, ਜੇਕਰ ਅਸੀਂ 20 ਜਨਵਰੀ 2025 ਨੂੰ ਸਹੁੰ ਚੁੱਕਣ ਵਾਲੇ ਟਰੰਪ ਦੇ ਇੱਕ ਸੰਯੁਕਤ ਅਮਰੀਕਾ ਦੇ ਬਿਆਨ ਕਾਰਨ ਪੂਰੀ ਦੁਨੀਆਂ ਵਿਚ ਹੋਏ ਹੰਗਾਮੇ ਦੀ ਗੱਲ ਕਰੀਏ, ਤਾਂ ਰਾਸ਼ਟਰਪਤੀ ਚੋਣ ਜਿੱਤਣ ਤੋਂ ਬਾਅਦ ਡੋਨਾਲਡ ਟਰੰਪ ਆਪਣੇ ਨਵੇਂ ਮਿਸ਼ਨ 'ਤੇ ਹਨ, ਉਨ੍ਹਾਂ ਨੇ ਅਮਰੀਕਾ ਨੂੰ ਦੁਬਾਰਾ ਮਹਾਨ ਬਣਾਉਣ ਦਾ ਨਾਅਰਾ ਦਿੱਤਾ। ਹੁਣ ਉਹ ਸਿਰਫ ਇਹ ਨਹੀਂ ਕਹਿ ਰਹੇ ਹਨ ਕਿ ਉਹ ਅਮਰੀਕਾ ਨੂੰ ਸੰਯੁਕਤ ਅਮਰੀਕਾ ਬਣਾਉਣ ਜਾ ਰਹੇ ਹਨ, ਉਨ੍ਹਾਂ ਕੋਲ ਇਸ ਲਈ ਪੂਰੀ ਯੋਜਨਾ ਤਿਆਰ ਹੈ, ਜਿਸ ਦੀ ਝਲਕ ਉਨ੍ਹਾਂ ਨੇ ਆਪਣੇ ਹਾਲੀਆ ਬਿਆਨਾਂ ਵਿਚ ਦਿਖਾਈ ਹੈ। ਮੰਗਲਵਾਰ ਨੂੰ ਟਰੰਪ ਨੇ ਆਪਣੇ ਟਰੂਥ ਮੀਡੀਆ 'ਤੇ ਅਮਰੀਕਾ ਦਾ ਨਵਾਂ ਨਕਸ਼ਾ ਸਾਂਝਾ ਕੀਤਾ, ਜਿਸ 'ਚ ਉਨ੍ਹਾਂ ਨੇ ਕੈਨੇਡਾ ਨੂੰ ਅਮਰੀਕਾ ਦਾ ਹਿੱਸਾ ਦੱਸਿਆ ਹੈ, ਜਿਸ ਤਰ੍ਹਾਂ ਦੇ ਬਿਆਨ ਅਮਰੀਕੀ ਰਾਸ਼ਟਰ ਪਤੀ ਦੇ ਸਹੁੰ ਚੁੱਕ




ਸਮਾਗਮ ਤੋਂ ਪਹਿਲਾਂ ਦੇ ਰਹੇ ਹਨ, ਜਿਸ ਨੇ ਪੂਰੀ ਦੁਨੀਆਂ 'ਚ ਹਲਚਲ ਮਚਾ ਦਿੱਤੀ ਹੈ। ਪਹਿਲਾਂ ਉਸ ਨੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੀ ਇੱਛਾ ਪ੍ਰਗਟਾਈ, ਫਿਰ ਉਸ ਨੇ ਗ੍ਰੀਨਲੈਂਡ ਅਤੇ ਪਨਾਮਾ ਨਹਿਰ ਨੂੰ ਹਾਸਲ ਕਰਨ ਦੀ ਇੱਛਾ ਪ੍ਰਗਟਾਈ ਅਤੇ ਹੁਣ ਉਸ ਨੇ ਮੈਕਸੀਕੋ ਦੀ ਖਾੜੀ ਦਾ ਨਾਂ ਬਦਲ ਕੇ ਅਮਰੀਕਾ ਦੀ ਖਾੜੀ ਕਰਨ ਦੀ ਗੱਲ ਵੀ ਪੇਸ਼ ਕੀਤੀ ਹੈ, ਨੌਂ-ਨੁਕਾਤੀ ਏਜੰਡਾ, ਜਿਸ ਵਿਚ ਉਸਨੇ ਆਪਣੀਆਂ ਸਾਰੀਆਂ ਯੋਜਨਾਵਾਂ ਦਾ ਜ਼ਿਕਰ ਕੀਤਾ ਹੈ। ਹਾਲਾਂਕਿ, ਜਦੋਂ ਉਸਨੂੰ ਪੁੱਛਿਆ ਗਿਆ ਕਿ ਕੀ ਉਹ ਗ੍ਰੀਨਲੈਂਡ ਅਤੇ ਪਨਾਮਾ ਨਹਿਰ ਬਾਰੇ ਫੌਜੀ ਕਾਰਵਾਈ ਕਰਨਗੇ, ਤਾਂ ਉਸਨੇ ਸਾਫ਼ ਇਨਕਾਰ ਕਰ ਦਿੱਤਾ, ਪਰ ਉਸਨੇ ਕੈਨੇਡਾ ਅਤੇ ਮੈਕਸੀਕੋ 'ਤੇ ਆਰਥਿਕ ਦਬਾਅ ਪਾਉਣ ਦੀ ਗੱਲ ਕੀਤੀ। ਯਕੀਨਨ, ਜਿਸ ਕਾਰਨ ਆਲਮੀ ਕੂਟਨੀਤੀ ਨੂੰ ਲੈ ਕੇ ਹਰ ਤਰ੍ਹਾਂ ਦੇ ਖਦਸ਼ੇ ਪੈਦਾ ਹੋਣੇ ਸ਼ੁਰੂ ਹੋ ਗਏ ਹਨ, ਇਸ ਸਭ ਦੇ ਸ਼ੁਰੂਆਤੀ ਸੰਕੇਤ ਇਹ ਹਨ ਕਿ ਟਰੰਪ ਆਪਣੀ ਪੁਰਾਣੀ ਕਾਰਜਸ਼ੈਲੀ 'ਤੇ ਭਰੋਸਾ ਕਰ ਰਹੇ ਹਨ, ਜਿਸ ਨਾਲ ਅਸ਼ਾਂਤੀ ਪੈਦਾ ਹੁੰਦੀ ਹੈ। ਉਹ ਦੁਨੀਆਂ ਭਰ ਵਿਚ ਅਮਰੀਕਾ ਵਿਚ ਮੌਜੂਦ ਸਹਿਮਤੀ ਨੂੰ ਵੀ ਬਦਲਣਾ ਚਾਹੁੰਦਾ ਹੈ। ਦਰਅਸਲ, ਦੂਜੇ ਵਿਸ਼ਵ ਯੁੱਧ ਤੋਂ ਬਾਅਦ ਭਾਵੇਂ ਅਮਰੀਕੀ ਸੱਤਾ ਰਿਪਬਲਿਕਨਾਂ ਜਾਂ ਡੈਮੋਕਰੇਟਸ ਦੇ ਹੱਥਾਂ ਵਿਚ ਰਹੀ ਹੈ, ਉਹ ਸਪੱਸ਼ਟ ਕਰਦੇ ਰਹੇ ਹਨ ਕਿ ਅਮਰੀਕਾ ਨੂੰ ਆਪਣੀ ਵਿਦੇਸ਼ ਨੀਤੀ ਵਿਚ ਕਦੇ ਵੀ ਵਿਸਥਾਰਵਾਦੀ ਸ਼ਕਤੀ ਦੇ ਰੂਪ ਵਿਚ ਨਹੀਂ ਦੇਖਿਆ ਜਾਣਾ ਚਾਹੀਦਾ ਹੈ, ਪਰ ਡੋਨਾਲਡ ਟਰੰਪ ਦੇ ਹਾਲ ਹੀ ਦੇ ਬਿਆਨ ਅਮਰੀਕਾ ਦਾ ਪ੍ਰਤੀਬਿੰਬ ਹਨ, ਇਸ ਚਿੱਤਰ ਦੇ ਉਲਟ ਦਿਖਾਈ ਦਿੰਦਾ ਹੈ।

ਦੋਸਤੋ, ਗ੍ਰੀਨਲੈਂਡ ਬੇਸ਼ੱਕ ਡੈਨਮਾਰਕ ਦਾ ਹਿੱਸਾ ਹੈ, ਪਰ ਅਮਰੀਕਾ ਦੇ ਉੱਥੇ ਕਈ ਖੁਫੀਆ ਟਿਕਾਣੇ ਹਨ। ਇੱਕ ਸਪੇਸ ਯੂਨਿਟ ਅਤੇ ਬੈਟਰੀਆਂ ਅਤੇ ਉੱਚ ਤਕਨੀਕੀ ਉਤਪਾਦਾਂ ਦੇ ਨਿਰਮਾਣ ਲਈ ਜ਼ਰੂਰੀ ਖਣਿਜਾਂ ਦੇ ਭੰਡਾਰ ਹਨ। ਆਪਣੇ ਬਿਆਨਾਂ ਰਾਹੀਂ ਟਰੰਪ ਅਮਰੀਕਾ ਲਈ ਗ੍ਰੀਨਲੈਂਡ ਦੀ ਮਹੱਤਤਾ ਨੂੰ ਦਰਸਾ ਰਹੇ ਹਨ ਅਤੇ ਇਸ ਗੱਲ ਦਾ ਪ੍ਰਗਟਾਵਾ ਕਰ ਰਹੇ ਹਨ ਕਿ ਰੂਸ ਅਤੇ ਚੀਨ ਦੇ ਸਾਹਮਣੇ ਅਮਰੀਕਾ ਦੀ ਪਕੜ ਯਕੀਨੀ ਬਣਾਈ ਜਾਣੀ ਚਾਹੀਦੀ ਹੈ, ਕਿਉਂਕਿ ਇਹ ਮੁੱਦਾ ਅੱਗੇ ਵਧਦਾ ਹੈ, ਟਰੰਪ 'ਤੇ ਗ੍ਰੀਨਲੈਂਡ-ਡੈਨਮਾਰਕ ਦੀ ਚਿੰਤਾ ਵਧਦੀ ਜਾਵੇਗੀ ਇਸ ਗੱਲ ਨੂੰ ਸੰਤੁਸ਼ਟ ਕਰਨ ਲਈ ਕਿ ਅਮਰੀਕੀ ਹਿੱਤਾਂ ਦੀ ਹਰ ਕੀਮਤ 'ਤੇ ਸੁਰੱਖਿਆ ਕੀਤੀ ਜਾਂਦੀ ਹੈ। ਜਿੱਥੋਂ ਤੱਕ ਪਨਾਮਾ ਨਹਿਰ ਦਾ ਸਵਾਲ ਹੈ, ਟਰੰਪ ਨੂੰ ਡਰ ਹੈ ਕਿ ਪਨਾਮਾ ਦਾ ਝੁਕਾਅ ਚੀਨ ਵੱਲ ਵਧ ਰਿਹਾ ਹੈ, ਉਸ ਦਾ ਮੰਨਣਾ ਹੈ ਕਿ ਇੱਥੇ ਅਮਰੀਕੀ ਜਹਾਜ਼ਾਂ ਤੋਂ ਮੁਕਾਬਲਤਨ ਵੱਧ ਫੀਸ ਵਸੂਲੀ ਜਾ ਰਹੀ ਹੈ, ਇਸ ਦੀਆਂ ਦੋ ਬੰਦਰਗਾਹਾਂ ਵੀ ਹਾਂਗਕਾਂਗ ਦੀਆਂ ਦੋ ਕੰਪਨੀਆਂ ਕੋਲ ਹਨ। ਕਿਉਂਕਿ ਇਸ ਨਹਿਰ ਦਾ ਕੰਟਰੋਲ ਪਹਿਲਾਂ ਅਮਰੀਕਾ ਕੋਲ ਸੀ, ਜਿਸ ਨੂੰ 1977 ਵਿਚ ਪਨਾਮਾ ਦੇ ਹਵਾਲੇ ਕਰ ਦਿੱਤਾ ਗਿਆ ਸੀ। ਇਸ ਲਈ ਡੋਨਾਲਡ ਟਰੰਪ ਦਾ ਮੰਨਣਾ ਹੈ ਕਿ ਇੱਥੇ ਅਮਰੀਕਾ ਦਾ ਦਾਅਵਾ ਕਿਸੇ ਵੀ ਹਾਲਤ ਵਿਚ ਸਭ ਤੋਂ ਵੱਧ ਹੋਣਾ ਚਾਹੀਦਾ ਹੈ, ਜਿੱਥੇ ਇਸ ਦੇ ਕੈਨੇਡਾ ਅਤੇ ਮੈਕਸੀਕੋ ਨਾਲ ਆਰਥਿਕ ਸਬੰਧ ਹਨ, ਫਿਰ ਪਨਾਮਾ ਅਤੇ ਗ੍ਰੀਨਲੈਂਡ ਨਾਲ ਚੀਨ ਦੇ ਮੁਕਾਬਲੇ ਦਾ ਮੁੱਦਾ ਹੈ, ਕਿਉਂਕਿ ਸ਼ੁਰੂ ਤੋਂ ਹੀ ਟਰੰਪ ਦਾ ਏਜੰਡਾ 'ਅਮਰੀਕਾ ਫਸਟ' ਰਿਹਾ ਹੈ, ਯਾਨੀ ਅਮਰੀਕਾ ਪਹਿਲਾਂ, ਇਸ ਲਈ ਉਹ ਖੁੱਲ੍ਹੇਆਮ ਅਮਰੀਕੀ ਹਿੱਤਾਂ ਦਾ ਸਮਰਥਨ ਕਰ ਰਿਹਾ ਹੈ। ਇਹ ਸਭ ਦੇਖ ਕੇ ਹੋਰ ਦੇਸ਼ ਜ਼ਰੂਰ ਹੈਰਾਨ ਹਨ, ਕਿਉਂਕਿ ਅਮਰੀਕਾ ਨੇ ਕਦੇ ਵੀ ਅਜਿਹੀ ਵਿਦੇਸ਼ ਨੀਤੀ ਨਹੀਂ ਬਣਾਈ ਹੈ, ਜਿਸ ਕਾਰਨ ਇਹ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਟਰੰਪ ਦੇ ਇਸ ਦੂਜੇ ਕਾਰਜਕਾਲ 'ਚ ਚੀਨ ਵੀ ਅਜਿਹਾ ਕੀ ਕਰੇਗਾ ? ਪਸਾਰਵਾਦੀ ਨੀਤੀਆਂ ?

ਦੋਸਤੋ, ਜੇਕਰ ਅਖੰਡ ਭਾਰਤ ਦੀ ਗੱਲ ਕਰੀਏ, ਤਾਂ ਦੇਸ਼ ਵਿਚ ਅਖੰਡ ਭਾਰਤ ਦੀ ਬਹਿਸ ਲੰਬੇ ਸਮੇਂ ਤੋਂ ਚੱਲ ਰਹੀ ਹੈ। ਨਵੀਂ ਸੰਸਦ ਭਵਨ ਦੇ ਅੰਦਰ ਵੀ ਅਖੰਡ ਭਾਰਤ ਦੀ ਤਸਵੀਰ ਲਗਾਈ ਗਈ ਹੈ, ਇਸ 'ਤੇ ਕਾਫੀ ਵਿਵਾਦ ਹੋਇਆ ਸੀ, ਉਦੋਂ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ ਸੀ ਕਿ ਜੋ ਕੁਝ ਸੰਸਦ 'ਚ ਲਗਾਇਆ ਗਿਆ ਹੈ, ਉਹ ਅਸ਼ੋਕ ਦਾ ਸਾਮਰਾਜ ਦਿਖਾ ਰਿਹਾ ਹੈ। ਅਖੰਡ ਭਾਰਤ ? ਦੂਜਾ: ਇੱਕ ਭਾਰਤ ਜਿਸ ਵਿਚ ਪਾਕਿਸਤਾਨ-ਬੰਗਲਾਦੇਸ਼, ਨੇਪਾਲ, ਭੂਟਾਨ, ਤਿੱਬਤ, ਮਿਆਂਮਾਰ, ਅਫਗਾਨਿਸਤਾਨ ਅਤੇ ਸ਼੍ਰੀਲੰਕਾ ਤੋਂ ਇਲਾਵਾ ਤੀਜਾ: ਇੱਕ ਭਾਰਤ ਜਿਸ ਵਿਚ ਪਾਕਿਸਤਾਨ, ਬੰਗਲਾਦੇਸ਼, ਨੇਪਾਲ, ਭੂਟਾਨ, ਤਿੱਬਤ, ਮਿਆਂਮਾਰ, ਅਫਗਾਨਿਸਤਾਨ ਅਤੇ ਸ਼੍ਰੀਲੰਕਾ ਵੀ ਸ਼ਾਮਲ ਹਨ। ਜਿਵੇਂ ਕਿ ਕੰਬੋਡੀਆ, ਮਲੇਸ਼ੀਆ, ਵੀਅਤਨਾਮ ਅਤੇ ਇੰਡੋਨੇਸ਼ੀਆ ਵੀ ਕਦੋਂ ਵੰਡਿਆ ਗਿਆ - ਪਾਕਿਸਤਾਨ: 1947 ਵਿਚ ਭਾਰਤ ਅਤੇ ਪਾਕਿਸਤਾਨ ਦੋ ਵੱਖ-ਵੱਖ ਦੇਸ਼ ਬਣ ਗਏ। ਬੰਗਲਾਦੇਸ਼: ਪਹਿਲਾਂ ਇਹ ਪਾਕਿਸਤਾਨ ਦਾ ਹਿੱਸਾ ਸੀ, 1971 ਵਿਚ ਬੰਗਲਾਦੇਸ਼ ਇੱਕ ਵੱਖਰਾ ਦੇਸ਼ ਬਣਿਆ, ਨੇਪਾਲ: 1904 ਵਿਚ, ਗੋਰਖਿਆਂ ਅਤੇ ਬ੍ਰਿਟਿਸ਼ ਵਿਚਕਾਰ ਇੱਕ ਸੰਧੀ ਹੋਈ ਸੀ। ਇਸ ਕਾਰਨ ਨੇਪਾਲ ਇੱਕ ਵੱਖਰਾ ਦੇਸ਼ ਬਣ ਗਿਆ। ਭੂਟਾਨ: ਬਰਤਾਨੀਆ ਨੇ 1907 ਵਿਚ ਭੂਟਾਨ ਵਿਚ ਉਗੈਨ ਵਾਂਗਚੁਕ ਦੀ ਰਾਜਸ਼ਾਹੀ ਸਥਾਪਤ ਕੀਤੀ। ਤਿੱਬਤ: ਮੈਕਮੋਹਨ ਲਾਈਨ 1914 ਵਿਚ ਬਣੀ। ਇਸ ਕਾਰਨ, ਤਿੱਬਤ, ਸ੍ਰੀਲੰਕਾ ਦਾ ਇੱਕ ਹਿੱਸਾ ਬਣ ਗਿਆ: ਇਹ ਬਰਤਾਨੀਆ ਦੇ ਕਬਜ਼ੇ ਵਿਚ ਸੀ, ਪਰ ਇਸਨੂੰ ਇੱਕ ਵੱਖਰਾ ਦੇਸ਼ ਮੰਨਿਆ ਜਾਂਦਾ ਰਿਹਾ, 1948 ਵਿਚ ਮਿਆਂਮਾਰ: ਭਾਰਤ ਤੋਂ 10 ਸਾਲ ਪਹਿਲਾਂ, ਬਰਮਾ (ਮਿਆਂਮਾਰ) ਨੂੰ ਆਜ਼ਾਦ ਕੀਤਾ ਗਿਆ ਸੀ। 1937 ਵਿਚ ਅਫਗਾਨਿਸਤਾਨ: 1876 ਵਿਚ ਰੂਸ-ਬ੍ਰਿਟੇਨ ਸੰਧੀ ਦੁਆਰਾ ਇਹ ਇੱਕ ਬਫਰ ਰਾਜ ਬਣ ਗਿਆ। 1919 ਵਿਚ ਆਜ਼ਾਦੀ ਮਿਲੀ।

ਦੋਸਤੋ, ਜੇਕਰ ਅਸੀਂ ਖੇਤਰ, ਆਬਾਦੀ, ਅਰਥਵਿਵਸਥਾ, ਐੱਮ.ਪੀ. ਦੇ ਨਜ਼ਰੀਏ ਤੋਂ ਸੰਯੁਕਤ ਭਾਰਤ ਨੂੰ ਦੇਖੀਏ ਤਾਂ ਸੰਯੁਕਤ ਭਾਰਤ ਕਿਵੇਂ ਹੋਵੇਗਾ - ਖੇਤਰ: ਭਾਰਤ, ਪਾਕਿਸਤਾਨ, ਬੰਗਲਾਦੇਸ਼, ਅਫਗਾਨਿਸਤਾਨ, ਨੇਪਾਲ, ਭੂਟਾਨ, ਤਿੱਬਤ, ਮਿਆਂਮਾਰ ਅਤੇ ਸ਼੍ਰੀਲੰਕਾ, ਭਾਰਤ, ਤਦ ਦੇਸ਼ ਦਾ ਕੁੱਲ ਖੇਤਰਫਲ 83.97 ਲੱਖ ਵਰਗ ਕਿਲੋਮੀਟਰ ਹੋਵੇਗਾ- ਆਬਾਦੀ: ਮੌਜੂਦਾ ਅੰਕੜਿਆਂ ਅਨੁਸਾਰ, ਸੰਯੁਕਤ ਭਾਰਤ ਦੀ ਆਬਾਦੀ 170 ਕਰੋੜ ਤੋਂ ਵੱਧ ਹੋਵੇਗੀ। 55 ਕਰੋੜ ਮੁਸਲਮਾਨ ਅਤੇ 100 ਕਰੋੜ ਹਿੰਦੂ ਹੋਣਗੇ, ਮੁਸਲਿਮ ਆਬਾਦੀ 32 ਪ੍ਰਤੀਸ਼ਤ ਅਤੇ ਹਿੰਦੂ 60 ਪ੍ਰਤੀਸ਼ਤ ਤੋਂ ਘੱਟ ਹੋਣਗੇ, ਆਰਥਿਕਤਾ: ਸੰਯੁਕਤ ਭਾਰਤ ਦੀ ਜੀ.ਡੀ.ਪੀ. 300 ਲੱਖ ਕਰੋੜ ਰੁਪਏ ਤੋਂ ਵੱਧ ਹੋਵੇਗੀ। ਭਾਰਤ ਦੀ ਸਭ ਤੋਂ ਵੱਧ ਜੀ.ਡੀ.ਪੀ. ਹੋਵੇਗੀ। ਵਰਤਮਾਨ ਵਿਚ, ਭਾਰਤ ਦੀ ਜੀ.ਡੀ.ਪੀ. 272 ਲੱਖ ਕਰੋੜ ਰੁਪਏ ਤੋਂ ਵੱਧ ਹੈ: ਜੇਕਰ ਇਹ ਸਾਰੇ ਦੇਸ਼ ਸੰਯੁਕਤ ਭਾਰਤ ਦਾ ਹਿੱਸਾ ਬਣਦੇ ਹਨ, ਤਾਂ ਦੇਸ਼ ਵਿਚ 3 ਹਜ਼ਾਰ 283 ਸੰਸਦ ਹੋਣਗੇ। ਇਨ੍ਹਾਂ ਵਿਚੋਂ ਸਭ ਤੋਂ ਵੱਧ 795 ਸੰਸਦ ਮੈਂਬਰ ਭਾਰਤ ਵਿਚ ਹੋਣਗੇ। ਦੂਜੇ ਨੰਬਰ 'ਤੇ ਮਿਆਂਮਾਰ ਹੋਵੇਗਾ, ਜਿੱਥੇ ਇਸ ਦੇ 664 ਸੰਸਦ ਮੈਂਬਰ ਹੋਣਗੇ, ਪਰ ਕੀ ਅਜਿਹਾ ਸੰਭਵ ਹੈ ? ਇਸ ਸਮੇਂ ਬਿਲਕੁਲ ਨਹੀਂ, ਕਿਉਂਕਿ ਸਾਰੇ ਦੇਸ਼ ਆਜ਼ਾਦ ਹਨ, ਹਰ ਕਿਸੇ ਦਾ ਆਪਣਾ ਸੰਵਿਧਾਨ ਹੈ, ਹਰੇਕ ਦਾ ਆਪਣਾ ਰਾਜਨੀਤਿਕ ਸਿਸਟਮ ਹੈ। ਇਸ ਗੱਲ ਦੀ ਬਹੁਤ ਘੱਟ ਸੰਭਾਵਨਾ ਹੈ ਕਿ ਇਹ ਸਾਰੇ ਦੇਸ਼ ਦੁਬਾਰਾ ਇਕੱਠੇ ਹੋਣਗੇ ਅਤੇ ਭਾਰਤ ਵਿਚ ਇਕੱਠੇ ਹੋਣਗੇ।

ਦੋਸਤੋ, ਜੇਕਰ ਅਸੀਂ ਮੇਕ ਅਮਰੀਕਾ ਗ੍ਰੇਟ ਅਮਰੀਕਾ ਅਤੇ ਮੇਕ ਇਨ ਇੰਡੀਆ ਵਿਚਕਾਰ ਟਕਰਾਅ ਦੀ ਸੰਭਾਵਨਾ ਦੀ ਗੱਲ ਕਰੀਏ ਤਾਂ 'ਅਮਰੀਕਾ ਫਸਟ' ਅਤੇ 'ਮੇਕ ਇਨ ਇੰਡੀਆ' ਵਿਚਕਾਰ ਟਕਰਾਅ ਦੀ ਸੰਭਾਵਨਾ ਹੈ ? ਟਰੰਪ ਦਾ ਰੁਖ ਕਈ ਮੁੱਦਿਆਂ 'ਤੇ ਪਹਿਲਾਂ ਨਾਲੋਂ ਸਖਤ ਹੋਵੇਗਾ, ਜਿਵੇਂ ਕਿ ਗੈਰ-ਕਾਨੂੰਨੀ ਇਮੀਗ੍ਰੇਸ਼ਨ 'ਤੇ ਸਖਤੀ, ਸਾਰੇ ਦਰਾਮਦਾਂ 'ਤੇ ਉੱਚ ਟੈਰਿਫ ਅਤੇ ਯੂਕਰੇਨ ਯੁੱਧ ਨੂੰ ਖਤਮ ਕਰਨ ਲਈ ਆਰਥਿਕ ਸਹਾਇਤਾ ਰੋਕਣ ਦੀ ਗੱਲ ਵੀ ਕੀਤੀ ਹੈ। ਭਾਰਤ ਲਈ ਇਸ ਦਾ ਕੀ ਮਤਲਬ ਹੈ ? ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਅਮਰੀਕੀ ਨੀਤੀ ਨਿਰਮਾਤਾ ਹਰ ਸਵੇਰ ਭਾਰਤ ਬਾਰੇ ਨਹੀਂ ਸੋਚਦੇ। ਟਰੰਪ ਅਤੇ ਪ੍ਰਧਾਨ ਮੰਤਰੀ ਦੇ ਦੋਸਤਾਨਾਂ ਸਬੰਧ ਹਨ, ਪਰ 'ਅਮਰੀਕਾ ਫਸਟ' ਅਤੇ 'ਮੇਕ ਇਨ ਇੰਡੀਆ' ਦਾ ਸੰਘ ਕੁਝ ਟਕਰਾਅ ਲਿਆ ਸਕਦਾ ਹੈ।

ਇਸ ਲਈ, ਜੇਕਰ ਅਸੀਂ ਉਪਰੋਕਤ ਸਾਰੇ ਵਰਣਨ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਸੰਯੁਕਤ ਅਮਰੀਕਾ ਬਨਾਮ ਸੰਯੁਕਤ ਭਾਰਤ, ਕੀ ਮੇਕ ਅਮਰੀਕਾ ਗ੍ਰੇਟ ਅਗੇਨ ਅਤੇ ਮੇਕ ਇਨ ਇੰਡੀਆ ਵਿਚਕਾਰ ਟਕਰਾਅ ਦੀ ਸੰਭਾਵਨਾ ਹੈ, ਜਦੋਂਕਿ ਸੰਯੁਕਤ ਅਮਰੀਕਾ ਵਿਚ ਨਵੇਂ ਦੇਸ਼ਾਂ ਨੂੰ ਜੋੜਨ ਦੀ ਗੱਲ ਹੈ ? ਅਖੰਡ ਭਾਰਤ ਵਿਚ ਭਾਰਤ ਦੇ ਉਨ੍ਹਾਂ ਹਿੱਸਿਆਂ ਨੂੰ ਦੁਬਾਰਾ ਜੋੜਨ ਦੀ ਗੱਲ ਕੀਤੀ ਗਈ ਹੈ, ਜੋ ਭਾਰਤ ਤੋਂ ਵੱਖ ਹੋਏ ਸਨ।

ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀਨ
ਗੋਂਡੀਆ, ਮਹਾਰਾਸ਼ਟਰ
92841-41425
*-ਕੰਪਾਈਲਰ ਲੇਖਕ - ਟੈਕਸ ਮਾਹਿਰ
ਕਾਲਮਨਵੀਸ ਸਾਹਿਤਕ
ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ
ਸੀ.ਏ. (ਏ.ਟੀ.ਸੀ.) *



ਪੰਜਾਬ ਮੇਲ USA

# ਅਕਾਲੀਓ! ਇਕੱਲੇ ਅਸਤੀਫ਼ੇ ਨਾਲ ਮਸਲਾ ਹੱਲ ਨਹੀਂ ਹੋਣਾ ਪੂਰਾ ਜੱਥੇਦਾਰ ਸਹਿਬਾਨ ਦਾ ਹੁਕਮ ਮੰਨੋ





ਸੁਖਵਿੰਦਰ ਸਿੰਘ ਮੁੱਲਾਂਪੁਰ
ਵ.ਅੱਪ : +91-99141-84794
ਪੰਜਾਬ ਮੇਲ USA

10 ਜਨਵਰੀ 2025 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਹੇਠ ਚੱਲੀ ਮੀਟਿੰਗ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਜੱਕੋ ਤੱਕੀ ਕਰਦਿਆਂ ਅਖ਼ੀਰ ਮਨਜ਼ੂਰ ਕਰ ਲਿਆ ਗਿਆ, ਜੋ 16 ਨਵੰਬਰ 2024 ਨੂੰ ਲਗਭਗ ਪਚਵੰਜ਼ਾ ਕੁ ਦਿਨ ਪਹਿਲਾਂ ਵਾਰਕਿੰਗ ਕਮੇਟੀ ਨੂੰ ਸੌਂਪਿਆ ਗਿਆ ਸੀ।

ਸੁਖਬੀਰ ਸਿੰਘ ਬਾਦਲ 2008 ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ। ਇਨ੍ਹਾਂ ਦੇ ਪਿਤਾ ਸ. ਪ੍ਰਕਾਸ਼ ਸਿੰਘ ਬਾਦਲ ਅਕਾਲੀ ਦਲ ਦੇ ਪ੍ਰਧਾਨ ਰਹੇ ਅਤੇ ਇਸ ਪਾਰਟੀ ਵਲੋਂ ਪੰਜ ਵਾਰ ਮੁੱਖ ਮੰਤਰੀ ਬਣਕੇ ਲੰਮਾ ਸਮਾਂ ਕੁਰਸੀ ਦਾ ਨਿੱਘ ਮਾਣਿਆ। ਸੁਖਬੀਰ ਸਿੰਘ ਬਾਦਲ ਦੀ ਸੁਪਤਨੀ ਬੀਬੀ ਹਰਸਿਮਰਤ ਕੌਰ ਬਾਦਲ ਵੀ ਅਕਾਲੀ ਦਲ ਵਲੋਂ ਕਈ ਵਾਰ ਐੱਮ.ਪੀ. ਬਣਕੇ ਕੇਂਦਰੀ ਮੰਤਰੀ ਦੇ ਅਹੁਦੇ ਦਾ ਨਿੱਘ ਮਾਣਦੀ ਰਹੀ। ਮਨਪ੍ਰੀਤ ਬਾਦਲ ਸਮੇਤ ਹੋਰ ਵੀ ਬਾਦਲ ਪਰਿਵਾਰ ਦੇ ਕਈ ਰਿਸ਼ਤੇਦਾਰ ਅਕਾਲੀ ਦਲ ਵਲੋਂ ਮਿਲੇ ਅਹੁਦੇ ਪ੍ਰਾਪਤ ਕਰਦੇ ਰਹੇ। ਇਸ ਤਰ੍ਹਾਂ ਬਾਦਲ ਪਰਿਵਾਰ ਦਾ ਲੰਮੇ ਸਮੇਂ ਤੱਕ ਅਕਾਲੀ ਦਲ ਉੱਪਰ ਕਬਜ਼ਾ ਰਹਿਣ ਮਗਰੋਂ ਹੁਣ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਮਨਜ਼ੂਰ ਹੋਣ ਨਾਲ ਪਾਰਟੀ ਉੱਪਰ ਕਬਜ਼ਾ ਸਮਾਪਤ ਹੋ ਗਿਆ ਹੈ!

ਜਦੋਂ ਸੁਖਬੀਰ ਸਿੰਘ ਬਾਦਲ ਨੇ ਆਪਣਾ ਅਸਤੀਫ਼ਾ ਵਰਕਿੰਗ ਕਮੇਟੀ ਨੂੰ ਸੌਂਪਿਆ ਸੀ, ਤਾਂ ਉਸ ਤੋਂ ਬਾਅਦ ਹੋਰ ਵੀ ਅਸਤੀਫ਼ੇ ਆਏ ਜਿਵੇਂ ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਸਾਬਕਾ ਵਿਧਾਇਕ ਐੱਨ.ਕੇ. ਸ਼ਰਮਾ, ਸਾਬਕਾ ਮੰਤਰੀ ਅਨਿਲ ਜੋਸ਼ੀ ਸਮੇਤ ਹੋਰ ਕਈ ਆਗੂਆਂ ਨੇ ਵੀ ਅਸਤੀਫ਼ੇ ਦਿੱਤੇ। ਅਸਤੀਫ਼ਾ ਦੇ ਚੁੱਕੇ ਆਗੂਆਂ ਦਾ ਵਰਕਿੰਗ ਕਮੇਟੀ ਨੇ ਕੋਈ ਫੈਸਲਾ ਤਾਂ ਕੀ ਕਰਨਾ ਸੀ, ਕੋਈ ਜ਼ਿਕਰ ਵੀ ਨਹੀਂ ਕੀਤਾ। ਕਮੇਟੀ ਨੇ ਸਾਫ਼ ਹੀ ਆਖ ਦਿੱਤਾ, ਸੁਖਬੀਰ ਸਿੰਘ ਬਾਦਲ ਤੋਂ ਬਿਨਾਂ ਹੋਰ ਕਿਸੇ ਨੇ ਅਸਤੀਫ਼ਾ ਨਹੀਂ ਦਿੱਤਾ। ਪਰ ਉਸ ਸਮੇਂ ਛਪੀਆਂ ਖ਼ਬਰਾਂ ਇਸ ਗੱਲ ਦੀ ਗਵਾਹ ਹਨ। ਜੱਥੇਦਾਰ ਸਹਿਬਾਨ ਨੇ ਸਾਰੇ ਆਗੂਆਂ ਦੇ ਅਸਤੀਫ਼ੇ ਪ੍ਰਵਾਨ ਕਰਨ ਲਈ ਕਿਹਾ ਸੀ! ਪਰ ਕਮੇਟੀ ਨੇ ਇਕੱਲੇ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਪ੍ਰਵਾਨ ਕਰਕੇ ਪੱਲਾ ਝਾੜ ਦਿੱਤਾ ਹੈ।

ਜੱਥੇਦਾਰ ਸਾਹਿਬਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮ ਜਾਰੀ ਕਰਕੇ ਸ਼੍ਰੋਮਣੀ ਕਮਟੀ ਦੇ ਜੱਥੇਦਾਰ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ 7 ਮੈਂਬਰੀ ਕਮੇਟੀ ਬਣਾਈ ਸੀ, ਜੋ ਅਕਾਲੀ ਦਲ ਦੇ ਨਵੇਂ ਡੈਲੀਗੇਟਾਂ ਦੀ ਭਰਤੀ ਦੀ ਪ੍ਰਕਿਰਿਆ ਸ਼ੁਰੂ ਕਰੇਗੀ ਪਰ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਇਸ 7 ਮੈਂਬਰੀ ਕਮੇਟੀ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਇਸ ਤਰ੍ਹਾਂ ਕਰਕੇ ਸਿੱਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਯਾਦਾ ਨੂੰ ਠੇਸ ਪਹੁੰਚਾਈ ਗਈ।

ਵਰਕਿੰਗ ਕਮੇਟੀ ਦੀ ਮੀਟਿੰਗ ਮੁਤਾਬਕ ਪਾਰਟੀ ਦੀ ਭਰਤੀ ਦੇ ਪ੍ਰੋਗਰਾਮ ਦਾ ਸਾਰਾ ਕੰਮਕਾਰ ਅਕਾਲੀ ਦਲ ਦੇ ਕਾਰਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਹੇਠ ਚੱਲੇਗਾ ਅਤੇ ਸੀਨੀਅਰ ਆਗੂ ਗੁਲਜਾਰ ਸਿੰਘ ਰਣੀਕੇ ਨੂੰ ਮੁੱਖ ਚੋਣ ਅਧਿਕਾਰੀ ਬਣਾਇਆ ਗਿਆ ਹੈ।

ਡਾ. ਦਲਜੀਤ ਸਿੰਘ ਚੀਮਾ ਮੁਤਾਬਕ ਹਰਜਿੰਦਰ ਸਿੰਘ ਧਾਮੀ ਜੰਮੂ ਕਸ਼ਮੀਰ ਅਤੇ ਹੁਸ਼ਿਆਰਪੁਰ ਦੇ ਇੰਚਾਰਜ ਹੋਣਗੇ। ਕ੍ਰਿਪਾਲ ਸਿੰਘ ਬੰਡੂਗਰ ਪੂਰੇ ਮਾਲਵਾ ਖਿੱਤੇ ਦੇ ਇੰਚਾਰਜ ਹੋਣਗੇ। ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਰਾਜਸਥਾਨ, ਸੰਤਾ ਸਿੰਘ ਉਮੈਦਪੁਰੀ ਹਿਮਾਚਲ ਪ੍ਰਦੇਸ਼, ਇਕਬਾਲ ਸਿੰਘ ਝੂੰਦਾ ਮਲੇਰਕੋਟਲਾ, ਪਰਮਜੀਤ ਸਿੰਘ ਸਰਨਾ ਦਿੱਲੀ, ਮਨਜੀਤ ਸਿੰਘ ਜੀ.ਕੇ. ਯੂ.ਪੀ. ਤੇ ਉੱਤਰਾਖੰਡ ਅਤੇ ਰਣਜੀਤ ਸਿੰਘ ਵਿਰਕ ਹਰਿਆਣਾ ਦੇ ਇੰਚਾਰਜ ਹੋਣਗੇ। ਜਿਹੜੇ ਪਾਰਟੀ ਤੋ ਬਾਗੀਂ ਹੋ ਚੁੱਕੇ ਵਰਕਰ ਜਾਂ ਲੀਡਰ ਹਨ, ਉਹ ਪਾਰਟੀ ਨਾਲ ਸਪੰਰਕ ਕਰਨ, ਤਾਂ ਜੋ ਪਾਰਟੀ ਵਿਚ ਵਾਪਸੀ ਸੰਭਵ ਹੋ ਸਕੇ।

ਡਾ. ਚੀਮਾ ਮੁਤਾਬਕ ਇਹ ਮੈਂਬਰਸ਼ਿਪ 20 ਜਨਵਰੀ ਤੋਂ 20 ਫ਼ਰਵਰੀ ਤੱਕ ਚੱਲੇਗੀ। ਇਸ ਮੁਹਿੰਮ ਤਹਿਤ 25 ਲੱਖ ਮੈਂਬਰ ਬਣਾਉਣ ਦਾ ਟੀਚਾ ਹੈ। 1 ਮਾਰਚ 2025 ਨੂੰ ਪਾਰਟੀ ਡੈਲੀਗੇਟ ਨਵਾਂ ਪ੍ਰਧਾਨ ਚੁਣਨਗੇ।

ਮੀਟਿੰਗ ਵਿਚ ਕਾਰਜਕਾਰੀ ਪ੍ਰਧਾਨ ਭੂੰਦੜ ਅਤੇ ਸੀਨੀਅਰ ਆਗੂ ਡਾ. ਚੀਮਾ ਨੇ ਸਪੱਸ਼ਟ ਕਰ ਦਿੱਤਾ ਹੈ, ਨਵੇਂ ਪਾਰਟੀ ਪ੍ਰਧਾਨ ਦੀ ਚੋਣ ਵਿਚ ਸੁਖਬੀਰ ਸਿੰਘ ਬਾਦਲ ਦੁਬਾਰਾ ਪ੍ਰਧਾਨ ਬਣ ਸਕਦੇ ਹਨ। ਨਵੇਂ ਪ੍ਰਧਾਨ ਦੀ ਚੋਣ ਤੱਕ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਕੰਮ ਕਰਦੇ ਰਹਿਣਗੇ, ਜ਼ਿਲ੍ਹਾ ਤੇ ਸਰਕਲ ਇਕਾਈਆਂ ਨਵੇਂ ਪ੍ਰਧਾਨ ਦੀ ਚੋਣ ਤੱਕ ਉਵੇਂ ਹੀ ਕੰਮ ਕਰਦੀਆਂ ਰਹਿਣਗੀਆਂ। ਚੋਣ ਦਾ ਕੰਮ ਪੂਰਾ ਹੋਣ ਬਾਅਦ ਹੀ ਨਵਾਂ ਢਾਂਚਾ ਹੋਂਦ ਵਿਚ ਆਵੇਗਾ।

ਕਮੇਟੀ ਵਲੋਂ ਸਿਰਫ਼ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਮਨਜ਼ੂਰ ਕਰਨ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਪੂਰਾ ਨਹੀਂ ਹੋ ਜਾਂਦਾ। ਆਪਣੀ ਮਰਜ਼ੀ ਨਾਲ ਹੀ ਮੈਂਬਰਾਂ ਦੀ ਭਰਤੀ ਲਈ ਇਲਾਕਿਆਂ ਦੀ ਵੰਡ ਕਰਨੀ। ਜੱਥੇਦਾਰ ਧਾਮੀ ਜੀ, ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਅਤੇ ਸੰਤਾ ਸਿੰਘ ਉਮੈਦਪੁਰ ਹੋਰਾਂ ਨੂੰ ਪੰਜਾਬ ਤੋਂ ਬਾਹਰ ਮੈਂਬਰਾਂ ਦੀ ਭਰਤੀ ਲਈ ਡਿਊਟੀ ਲਗਾਉਣਾ, ਇਹ ਸਾਰਾ ਕੁਝ ਵਰਕਿੰਗ ਕਮੇਟੀ ਵਲੋਂ ਪਾਸ ਕਰਕੇ ਜੱਥੇਦਾਰ ਸਹਿਬਾਨ ਵਲੋਂ ਮਿਲੇ ਹੁਕਮਾਂ ਦੀ ਘੋਰ ਉਲੰਘਣਾ ਕੀਤੀ ਹੈ। 2 ਦਸੰਬਰ 2024 ਨੂੰ ਜੋ ਹੁਕਮ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜੱਥੇਦਾਰ ਸਹਿਬਾਨ ਨੇ ਜਾਰੀ ਕੀਤਾ ਹੈ, ਉਸ ਨੂੰ ਅਕਾਲੀ ਦਲ ਵਲੋਂ ਹੂ-ਬ-ਹੂ ਲਾਗੂ ਕਰ ਦੇਣਾ ਚਾਹੀਦਾ ਹੈ। ਹੁਣ ਸਿੱਖ ਕੌਮ ਤੁਹਾਡੀਆ ਗੱਲਾਂ ਵਿਚ ਨਹੀਂ ਆਵੇਗੀ, ਸਿੱਖ ਕੌਮ ਨੂੰ ਪਹਿਲਾਂ ਸ੍ਰੀ ਅਕਲ ਤਖ਼ਤ ਸਾਹਿਬ ਦੀ ਮਾਣ-ਮਰਿਯਾਦਾ ਪਿਆਰੀ ਹੈ, ਨਾ ਕਿ ਤੁਸੀਂ! ਪਹਿਲਾ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਮੰਨੋ! ਫਿਰ ਹਰ ਸਿੱਖ ਤੁਹਾਡੇ ਬਾਰੇ ਸੋਚ ਸਕਦਾ ਹੈ, ਕੀ ਕਰਨਾ ਹੈ। ਜੱਥੇਦਾਰ ਸਹਿਬਾਨ ਦੇ ਫੈਸਲੇ ਪਾਸੇ ਰੱਖ ਕੇ ਆਪਣੇ ਵਲੋਂ ਆਪਣੀਆਂ ਮਰਜ਼ੀਆਂ ਨਾਲ ਆਪਣੇ ਨਿੱਜੀ ਹਿੱਤਾਂ ਲਈ ਲਏ ਗਏ ਫੈਸਲੇ ਤੁਹਾਨੂੰ ਸ਼ੋਭਾ ਨਹੀਂ ਦਿੰਦੇ!

# ਕ੍ਰਾਂਤੀਕਾਰੀ ਸ਼ੇਰ ਜੰਗ (ਸ਼ੇਰਾਂ ਵਰਗਾ ਸ਼ੇਰ) ਪੁਸਤਕ ਦਾ ਅਧਿਐਨ

**ਲੇਖਕ: ਰਕੇਸ਼ ਕੁਮਾਰ**
**ਪੰਨੇ : 216**
**ਆਈ ਐੱਸ ਬੀ ਐੱਨ: 978-91327- 74-3**
**ਮੁੱਲ: 310**



-ਡਾ. ਸਰਬਜੀਤ ਸਿੰਘ
ਅਸਿਸਟੈਂਟ ਪ੍ਰੋਫੈਸਰ,
ਪੰਜਾਬੀ ਵਿਭਾਗ,
ਖਾਲਸਾ ਕਾਲਜ ਪਟਿਆਲਾ
94176-26925
ਪੰਜਾਬ ਮੇਲ USA

ਕ੍ਰਾਂਤੀਕਾਰੀ ਸ਼ੇਰ ਜੰਗ (ਸ਼ੇਰਾਂ ਵਰਗਾ ਸ਼ੇਰ) ਪੁਸਤਕ ਦੇ ਲੇਖਕ ਰਾਕੇਸ਼ ਕੁਮਾਰ ਲਿਖਦੇ ਹਨ ਕਿ ਸ਼ੇਰ ਜੰਗ ਦੇ ਅੰਦਰ ਆਜ਼ਾਦੀ ਦੀ ਚਿਨਗ ਬਚਪਨ ਤੋਂ ਹੀ ਸੀ। ਉਹ ਕ੍ਰਾਂਤੀਕਾਰੀ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਸੀ। ਉਸਨੇ ਬਚਪਨ ਤੋਂ ਜਵਾਨੀ ਤੱਕ, ਕਈ ਅੰਦੋਲਨਾਂ ਵਿਚ ਹਿੱਸਾ ਲਿਆ ਅਤੇ ਦੇਸ਼ ਨੂੰ ਆਜ਼ਾਦ ਹੁੰਦੇ ਦੇਖਿਆ। ਸ਼ੇਰ ਜੰਗ ਦੇ ਜੀਵਨ ਬਾਰੇ ਲੇਖਕ ਲਿਖਦਾ ਹੈ ਕਿ ਉਹ ਸ਼ੁਰੂ ਤੋਂ ਹੀ ਬਹਾਦਰ, ਨਿਡਰ ਅਤੇ ਘੁੰਮਣ-ਫਿਰਨ ਵਾਲੀ ਪ੍ਰਵਿਰਤੀ ਦੇ ਮਾਲਕ ਸਨ। ਵਾਤਾਵਰਨ ਪ੍ਰਤੀ ਉਨ੍ਹਾਂ ਦੀ ਬਹੁਤ ਵੱਡੀ ਚੇਤਨਾ ਸੀ। ਉਹ ਹਮੇਸ਼ਾ ਆਮ ਲੋਕਾਂ ਨਾਲ ਜੁੜਦੇ ਅਤੇ ਉਨ੍ਹਾਂ ਨੂੰ ਆਜ਼ਾਦੀ ਦੇ ਸੰਗਰਾਮ ਬਾਰੇ ਦੱਸਦੇ ਰਹਿੰਦੇ। ਲੇਖਕ ਨੇ ਇਸ ਪੁਸਤਕ ਰਾਹੀਂ ਸ਼ੇਰ ਜੰਗ ਦੇ ਜੀਵਨ ਦੇ ਅਹਿਮ ਪੜਾਵਾਂ ਦਾ ਜ਼ਿਕਰ ਕੀਤਾ ਹੈ, ਜਿਨਾਂ ਵਿਚ ਜੈਤੋ ਦੇ ਮੋਰਚੇ ਬਾਰੇ, ਬੱਬਰਾਂ ਦੇ ਨਾਲ ਸੰਪਰਕ, ਰਿਆਸਤੀ ਪਰਜਾ ਮੰਡਲ ਦੇ ਮੈਂਬਰ ਵਜੋਂ ਭੂਮਿਕਾ, ਕ੍ਰਾਂਤੀਕਾਰੀਆਂ ਦੀ ਪੈਸੇ ਦਾ ਪ੍ਰਬੰਧ ਕਰਨਾ, ਅਹਿਮਦਗੜ੍ਹ ਸਿਆਸੀ ਰੇਲ ਗੱਡੀ ਦੀ ਡਕੈਤੀ ਵਿਚ ਭੂਮਿਕਾ ਅਤੇ ਹੋਰ ਬਹੁਤ ਸਾਰੇ ਅਜਿਹੇ ਕਾਰਜ ਹਨ। ਸਮੇਂ-ਸਮੇਂ 'ਤੇ ਆਜ਼ਾਦੀ ਦੇ ਪ੍ਰਵਾਨਿਆਂ ਵੱਲੋਂ ਉਨ੍ਹਾਂ ਨੂੰ ਜੋ ਕੰਮ ਦਿੱਤੇ ਜਾਂਦੇ ਸਨ ਤੇ ਉਹ ਬਹੁਤ ਸ਼ਿੱਦਤ ਨਾਲ ਉਨ੍ਹਾਂ ਨੂੰ ਪੂਰਾ ਕਰਦੇ ਸਨ। ਸ਼ੇਰ ਜੰਗ ਇੱਕ ਸਰਦੇ-ਪੁੱਜਦੇ ਪਰਿਵਾਰ ਵਿਚ ਪੈਦਾ ਹੋਇਆ ਸੀ ਪਰ ਉਸਨੇ ਪਰਿਵਾਰ ਤੋ ਅਲੱਗ ਸੋਚ ਕੇ, ਆਮ ਲੋਕਾਂ ਦੇ ਤਕਲੀਫਾਂ ਬਾਰੇ ਸੋਚਿਆ ਅਤੇ ਇਹ ਅਹਿਸਾਸ ਕੀਤਾ ਕਿ ਆਜ਼ਾਦੀ ਉਹ ਅਹਿਸਾਸ ਹੈ, ਜਿਸ ਵਿਚ ਹਰੇਕ ਵਿਅਕਤੀ ਵੱਧ ਫੁੱਲ ਸਕਦਾ ਹੈ। ਆਜ਼ਾਦੀ ਦੇ ਇਸ ਮਹਾਨ ਯੁੱਧ ਵਿਚ ਉਸ ਨੂੰ ਬਹੁਤ ਸਾਰੀਆਂ ਵਿਚਾਰਧਾਰਾਵਾਂ ਦੇ ਨਾਲ ਜੁੜਨ ਦਾ ਮੌਕਾ ਮਿਲਿਆ। ਲਾਹੌਰ ਉਸ ਸਮੇਂ ਵੱਡੀਆਂ ਵਿਚਾਰਧਰਾਵਾਂ ਦਾ ਕੇਂਦਰ ਸੀ। ਆਜ਼ਾਦੀ ਦੀ ਇਸ ਲੜਾਈ ਵਿਚ ਆਜ਼ਾਦੀ ਦੇ ਪ੍ਰਵਾਨਿਆਂ ਲਈ ਹਥਿਆਰਾਂ ਦਾ ਪ੍ਰਬੰਧ ਕਰਨਾ, ਉਨ੍ਹਾਂ ਦੇ ਲਈ ਪੈਸਿਆਂ ਦਾ ਪ੍ਰਬੰਧ ਕਰਨਾ, ਸ਼ੇਰ ਜੰਗ ਦੇ ਹਿੱਸੇ ਆਇਆ ਸੀ ਅਤੇ ਇਸੇ ਦੇ ਚੱਲਦੇ ਹੀ ਸ਼ੇਰ ਜੰਗ ਨੂੰ ਜੇਲ੍ਹ ਵੀ ਜਾਣਾ ਪਿਆ। ਉਸ ਨੂੰ ਬਹੁਤ ਹੀ ਕਰੜੀ ਸਜ਼ਾ ਵੀ ਝੱਲਣੀ ਪਈ, ਜੇਲ੍ਹ ਵਿਚ ਰਹਿੰਦਿਆਂ ਸ਼ੇਰ ਜੰਗ ਨੇ ਬਹੁਤ ਸਾਰੀਆਂ ਕਿਤਾਬਾਂ ਪੜ੍ਹੀਆਂ। ਇਤਿਹਾਸ ਨੂੰ ਸਮਝਿਆ ਪਰ ਕਦੇ ਵੀ ਆਪਣੇ ਮਕਸਦ ਤੋਂ ਪਿੱਛੇ ਹਟਣ ਬਾਰੇ ਨਹੀਂ ਸੋਚਿਆ। ਜੇਲ੍ਹ ਤੋਂ ਨਿਕਲਣ ਉਪਰੰਤ ਉਨ੍ਹਾਂ ਦਾ ਵਿਆਹ ਨਿਰਮਲਾ ਜੰਗ ਨਾਲ ਹੁੰਦਾ ਹੈ। ਇਸ ਤਰ੍ਹਾਂ ਉਹ ਆਪਣੀ ਜ਼ਿੰਦਗੀ ਨੂੰ ਅੱਗੇ ਲੈ ਕੇ ਚੱਲਦੇ ਹਨ। ਇਸ ਉਪਰੰਤ ਵੀ ਸ਼ੇਰ ਜੰਗ ਬਹੁਤ ਸਾਰੀਆਂ ਅਜਿਹੀਆਂ ਸਰਗਰਮੀਆਂ ਦਾ ਹਿੱਸਾ ਹੁੰਦਾ ਹੈ, ਜੋ ਦੇਸ਼ ਨੂੰ ਆਜ਼ਾਦੀ ਵੱਲ ਲੈ ਕੇ ਜਾ ਰਹੀਆਂ ਹੁੰਦੀਆਂ ਹਨ। ਸ਼ੇਰ ਸਿੰਘ ਜਦੋਂ ਜੇਲ੍ਹ ਵਿਚ ਸੀ, ਤਾਂ ਉਸਨੂੰ ਬਹੁਤ ਸਾਰੇ ਅਹਿਮ ਵਿਅਕਤੀਆਂ ਦਾ ਸਾਥ ਵੀ ਮਿਲਿਆ, ਜਿਸ ਵਿਚ ਬਾਬਾ ਜਵਾਲਾ ਸਿੰਘ ਅਤੇ ਬਟੂਕੇਸ਼ਵਰ ਦੱਤ ਦਾ ਨਾਮ ਅਹਿਮ ਹੈ, ਆਜ਼ਾਦੀ ਦੇ ਇਸ ਸਫਰ ਦੇ ਵਿਚ ਸ਼ੇਰ ਜੰਗ ਬਹੁਤ ਹੀ ਵੱਡੀਆਂ ਹਸਤੀਆਂ ਨੂੰ ਮਿਲਿਆ, ਜਿਨ੍ਹਾਂ ਵਿਚ ਸ. ਭਗਤ ਸਿੰਘ ਦਾ ਨਾਮ ਵੀ ਜ਼ਿਕਰਯੋਗ ਹੈ। ਉਸ ਨੇ ਹਮੇਸ਼ਾ ਆਪਣੇ ਮਕਸਦ ਵੱਲ ਵਧਦੇ ਰਹਿਣ ਲਈ ਵੱਡੇ-ਵੱਡੇ ਦੇਸ਼ ਭਗਤਾਂ ਦੇ ਜੀਵਨ ਤੋਂ ਸਿੱਖਿਆ ਤੇ ਅਖੀਰ ਦੇਸ਼ ਨੂੰ ਆਜ਼ਾਦੀ ਪ੍ਰਾਪਤ ਹੋਣ ਉਪਰੰਤ ਦਿੱਲੀ ਦੇ ਵਿਚ ਆਪਣੀ ਰਿਹਾਇਸ਼ ਬਣਾਈ, ਆਜ਼ਾਦੀ ਘੁਲਾਟੀਆ ਹੋਣ ਦੇ ਨਾਲ-ਨਾਲ ਉਹ ਇਕ ਚੰਗੇ ਸਾਹਿਤਕਾਰ ਵੀ ਸਨ। ਉਨ੍ਹਾਂ ਨੇ ਅੰਗਰੇਜ਼ੀ, ਹਿੰਦੀ ਤੇ ਹੋਰ ਭਾਸ਼ਾਵਾਂ ਵਿਚ ਬਹੁਤ ਸਾਰੀਆਂ ਕਿਤਾਬਾਂ, ਸਹਿਤ ਜਗਤ ਨੂੰ ਦਿੱਤੀਆਂ ਅਤੇ ਇਹ ਅਹਿਸਾਸ ਕਰਾਇਆ ਕਿ ਜਦੋਂ ਤੱਕ ਵਿਅਕਤੀ ਵਿਚਾਰਾਂ ਦੀ ਆਜ਼ਾਦੀ ਨਹੀਂ ਰੱਖ ਸਕਦਾ, ਉਦੋਂ ਤੱਕ ਉਸਨੂੰ ਅਸਲ ਆਜ਼ਾਦੀ ਨਹੀਂ ਮਿਲ ਸਕਦੀ ਹੈ। ਸ਼ੇਰ ਜੰਗ ਦੇ ਨਾਲ ਦੇ ਸਾਥੀ ਦੱਸਦੇ ਹਨ ਕਿ ਸ਼ੇਰ ਜੰਗ ਬਹੁਤ ਜ਼ਿਆਦਾ ਦਲੇਰ ਅਤੇ ਬਹੁਤ ਪੱਕੇ ਨਿਸ਼ਾਨੇ ਵਾਲਾ ਸੀ। ਉਸ ਦਾ ਨਿਸ਼ਾਨਾ ਕਦੇ ਵੀ ਖਾਲੀ ਨਹੀਂ ਸੀ ਜਾਂਦਾ, ਉਹ ਹਮੇਸ਼ਾ ਦਲੇਰੀ ਤੋਂ ਕੰਮ ਲੈਂਦਾ ਸੀ। ਇਹੀ ਦਲੇਰੀ ਉਸਨੂੰ ਆਜ਼ਾਦੀ ਦੇ ਮਹਾਨ ਕਾਰਜ ਦੇ ਵਿਚ ਵੱਡਾ ਬਣਾਉਂਦੀ ਹੈ। ਲੇਖਕ ਨੇ ਇਸ ਕਿਤਾਬ ਵਿਚ ਸ਼ੇਰ ਜੰਗ ਦੀ ਜੀਵਨੀ ਤੋਂ ਗੱਲ ਸ਼ੁਰੂ ਕਰਦੇ ਹੋਏ ਉਸ ਮਹਾਨ ਗਾਥਾ ਦਾ ਜ਼ਿਕਰ ਕੀਤਾ ਹੈ, ਜਿਸ ਵਿਚ ਦੇਸ਼ ਨੂੰ ਆਪਣੀ ਇੱਜ਼ਤ ਅਤੇ ਮਾਣ-ਮਰਿਆਦਾ ਪ੍ਰਾਪਤ ਹੁੰਦੀ ਹੈ, ਲੇਖਕ ਨੇ ਬਹੁਤ ਹੀ ਸਰਲ ਭਾਸ਼ਾ ਵਿਚ ਇਤਿਹਾਸਿਕ ਹਵਾਲਿਆਂ ਨੂੰ ਨਾਲ ਲੈ ਕੇ ਇੱਕ ਅਜਿਹੇ ਕ੍ਰਾਂਤੀਕਾਰੀ ਹੀਰੋ ਦਾ ਜ਼ਿਕਰ ਕੀਤਾ ਹੈ, ਜੋ ਵਾਕਿਆ ਹੀ ਸ਼ੇਰ ਵਰਗਾ ਜਿਗਰਾ ਰੱਖਦਾ ਸੀ। ਸਮਕਾਲ ਦੇ ਵਿਚ ਅਜਿਹੀ ਪੁਸਤਕ ਦਾ ਪਾਠਕਾਂ ਦੇ ਹੱਥ ਵਿਚ ਹੋਣਾ, ਆਉਣ ਵਾਲੇ ਭਵਿੱਖ ਦੀ ਚੰਗੀ ਨਿਸ਼ਾਨੀ ਹੈ। ਅਸੀਂ ਜਦੋਂ ਆਪਣੇ ਬੀਤੇ ਵਿਚੋਂ ਮਹਾਨ ਨਾਇਕਾਂ ਦੀ ਜੀਵਨੀ ਬਾਰੇ ਪੜ੍ਹਦੇ ਹਾਂ, ਤਾਂ ਵਰਤਮਾਨ ਵਿਚ ਰਹਿ ਕੇ ਚੰਗੇ ਭਵਿੱਖ ਦੀ ਨੀਂਹ ਰੱਖ ਸਕਦੇ ਹਾਂ, ਲੇਖਕ ਜੋ ਕਿ ਆਪ ਰੇਲਵੇ ਦੇ ਵਿਚ ਅਹੁਦੇ 'ਤੇ ਹੈ, ਉਸਨੇ ਇੱਕ ਚੰਗੇ ਖੋਜਾਰਥੀ ਦੀ ਵਾਂਗ ਵੱਖ-ਵੱਖ ਹਵਾਲਿਆਂ ਦਾ ਜ਼ਿਕਰ ਕਰਦੇ ਹੋਏ ਬਹੁਤ ਹੀ ਉੱਚ ਕੋਟੀ ਦੀ ਰਚਨਾ ਸਾਡੇ ਸਨਮੁੱਖ ਪੇਸ਼ ਕੀਤੀ ਹੈ, ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸ਼ੇਰ ਜੰਗ ਇਸ ਸਦੀ ਦਾ ਵੱਡਾ ਮਹਾ ਨਾਇਕ ਹੈ, ਜਿਸ ਤੋਂ ਪ੍ਰੇਰਨਾ ਪ੍ਰਾਪਤ ਕਰਕੇ ਅੱਜ ਦਾ ਨੌਜਵਾਨ ਆਪਣੇ ਦੇਸ਼ ਦੀ ਆਣ, ਬਾਨ ਤੇ ਸ਼ਾਨ ਦੀ ਸੱਚੀ ਲੜਾਈ ਲਈ ਹਮੇਸ਼ਾ ਤੱਤਪਰ ਰਹਿ ਸਕਦਾ ਹੈ।

ਜੰਗ ਸਿੰਘ ਮਰਸੰਡ
(ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲUSA



# ਸ. ਸੁਖਬੀਰ ਸਿੰਘ ਬਾਦਲ ਇਕੱਲੇ ਦਾ ਅਸਤੀਫਾ ਪ੍ਰਵਾਨ ਕਰਨਾ, ਸ੍ਰੀ ਅਕਾਲ ਤਖਤ ਦੇ ਹੁਕਮਾਂ ਦੀ ਸਰਾਸਰ ਉਲੰਘਣਾ!

## ਸਿੱਖ ਪੰਥ ਇਸ ਅਧੂਰੇ ਫੈਸਲੇ ਨੂੰ ਕਦੀ ਵੀ ਸਵੀਕਾਰ ਨਹੀਂ ਕਰੇਗਾ





"ਬੜੇ ਆਬਰੂ ਹੋ ਕਰ ਨਿਕਲੇ ਥੇ ਤੇਰੇ ਕੂਚੇ ਸੇ ਹਮ" ਇਹ ਲਾਈਨਾਂ ਸ. ਸੁਖਬੀਰ ਸਿੰਘ ਬਾਦਲ 'ਤੇ ਇੰਨ-ਬਿੰਨ ਢੁੱਕਦੀਆ ਨਜ਼ਰ ਆ ਰਹੀਆਂ ਹਨ। ਸ. ਬਾਦਲ ਦੇ ਸਮਰਥਕਾਂ ਨੇ ਪਹਿਲਾਂ ਸ. ਵਿਰਸਾ ਸਿੰਘ ਵਲਟੋਹਾ ਨੇ ਜ਼ੋਰ ਲਗਾ ਕੇ ਵੇਖ ਲਿਆ, ਉਸ ਨੇ ਤਾਂ ਸ੍ਰੀ ਅਕਾਲ ਤਖਤ ਦੇ ਜਥੇਦਾਰਾਂ ਨੂੰ ਡਰਾ-ਧਮਕਾ ਕੇ ਉਨ੍ਹਾਂ 'ਤੇ ਊਂਝਾ ਲਗਾ ਕੇ ਵੀ ਸਾਰਾ ਟਿੱਲ ਲਗਾ ਲਿਆ। ਆਖਰ ਉਸ ਨਾਲ ਜੋ ਕੁਝ ਵਾਪਰਿਆ, ਸ਼ਾਇਦ ਉਸ ਨੂੰ ਇਸ ਦੀ ਆਸ ਵੀ ਨਹੀਂ ਸੀ ਕਿ ਇਹੋ ਜਿਹਾ ਭਾਣਾ ਵੀ ਉਸ ਨਾਲ ਵਾਪਰ ਸਕਦਾ ਹੈ। ਇਸ ਤੋਂ ਵੀ ਵੱਧ ਆਪਣਾ ਵਕਾਰ ਬਾਦਲ ਦਲ ਦੇ ਮੁੱਖ ਸਲਾਹਕਾਰ ਡਾ. ਦਲਜੀਤ ਸਿੰਘ ਚੀਮਾ ਨੇ ਗਵਾ ਲਿਆ ਹੈ। ਉਨ੍ਹਾਂ ਨੇ ਸਾਰੀ ਪ੍ਰੈੱਸ ਨਾਲ ਸੰਪਰਕ ਕਰਕੇ ਲੱਖ ਯਤਨ ਕੀਤਾ ਕਿ ਸ. ਸੁਖਬੀਰ ਸਿੰਘ ਬਾਦਲ ਦੇ ਅਸਤੀਫੇ ਦੇਣ ਦੀ ਪ੍ਰਕਿਰਿਆ ਨੂੰ ਕਿਸੇ ਤਰ੍ਹਾਂ ਰੋਕਿਆ ਜਾ ਸਕੇ ਪਰ ਉਨਾਂ ਨੂੰ ਇਸ ਵਿਚ ਪੂਰੀ ਨਮੋਸ਼ੀ ਦਾ ਮੂੰਹ ਵੇਖਣਾ ਪਿਆ ਹੈ। ਲੋਕ ਤਾਂ ਇਹ ਵੀ ਆਖਣ ਲੱਗ ਪਏ ਹਨ ਕਿ ਬਾਦਲ ਦਲ ਦੀ ਤਾਂ ਉਹ ਗੱਲ ਹੈ ਕਿ "ਮਿੱਠਾ ਮਿੱਠਾ ਹੜੱਪ ਤੇ ਕੌੜਾ ਕੌੜਾ ਥੂ"। 2 ਦਸੰਬਰ ਦੇ ਫੈਸਲੇ ਤੋਂ ਪਹਿਲਾਂ ਬਾਦਲ ਦਲ ਆਪਣੀ ਮਰਜ਼ੀ ਦੇ ਹੀ ਫੈਸਲੇ ਸ੍ਰੀ ਅਕਾਲ ਤਖਤ ਦੇ ਜਥੇਦਾਰਾਂ ਕੋਲੋਂ ਕਰਾਉਂਦੇ ਆ ਰਹੇ ਸਨ, ਜੋ ਸਾਰੇ ਮਿੱਠੇ ਹੀ ਹੁੰਦੇ ਸਨ। ਪਰ ਬਾਦਲ ਦਲ ਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਸਮਾਂ ਆਉਣ 'ਤੇ ਉਨਾਂ ਨੂੰ ਕੌੜੇ ਫੈਸਲੇ ਵੀ ਸੁਣਨੇ ਪੈ ਸਕਦੇ ਹਨ! ਸਿੱਖ ਪੰਥ ਬੜਾ ਹੈਰਾਨ ਹੈ ਕਿ ਇਹ ਉਹ ਹੀ ਬਾਦਲ ਅਕਾਲੀ ਦਲ ਹੈ, ਜਿਹੜਾ ਸ੍ਰੀ ਅਕਾਲ ਤਖਤ ਸਾਹਿਬ ਦੀ ਮਹਾਨਤਾ ਨੂੰ ਸਰਵਉੱਚ ਕਹਿੰਦਾ ਹੋਇਆ, ਹੋਰਨਾਂ ਨੂੰ ਉਸ ਦੇ ਹੁਕਮਾਂ ਨੂੰ ਇਲਾਹੀ ਹੁਕਮ ਜਾਣ ਕੇ ਮੰਨਣ ਦੀਆਂ ਸਲਾਹਾਂ ਦੇਂਦਾ ਨਹੀਂ ਸੀ ਥੱਕਦਾ। ਪਰ ਜਦੋਂ ਹੁਣ ਆਪ ਇਸੇ ਬਾਦਲ ਦਲ ਦੇ ਆਗੂਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਨੂੰ ਮੰਨਣ ਦੀ ਵਾਰੀ ਆਈ। ਕੀ ਕੁਝ ਪਾਪੜ ਵੇਲ ਰਿਹਾ ਹੈ? ਇਸ ਸਭ ਵਰਤਾਰੇ ਨੂੰ ਸੰਸਾਰ ਦਾ ਸਿੱਖ ਜਗਤ ਬੜੀ ਨੀਝ ਨਾਲ ਵੇਖਦਾ ਆ ਰਿਹਾ ਹੈ। ਸ੍ਰੀ ਅਕਾਲ ਤਖਤ ਸਾਹਿਬ ਵਲੋਂ ਜਿਹੜਾ ਹੁਕਮ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਸੁਣਾਇਆ ਗਿਆ ਸੀ ਕਿ ਸ. ਸੁਖਬੀਰ ਸਿੰਘ ਬਾਦਲ ਤੇ ਹੋਰ ਆਗੂਆਂ ਜਿਨ੍ਹਾਂ ਨੇ ਅਸਤੀਫੇ ਦਿੱਤੇ ਹਨ, ਉਨ੍ਹਾਂ ਨੂੰ ਵਰਕਿੰਗ ਕਮੇਟੀ ਤਿੰਨ ਦਿਨ ਵਿਚ ਸਵੀਕਾਰ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੂਚਿਤ ਕਰੇ, ਸਿੱਖ ਜਗਤ ਹੁਣ ਆਪ ਹੀ ਫੈਸਲਾ ਕਰ ਸਕਦਾ ਹੈ ਕਿ ਬਾਦਲ ਦਲ ਵਾਲੇ ਸ੍ਰੀ ਅਕਾਲ ਤਖਤ ਦੇ ਸਨਮੁੱਖ ਕਿੰਨੇ ਕੁ ਸੁਹਿਰਦ ਹਨ! ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਫਸੀਲ ਤੋਂ ਇਹ ਫੈਸਲਾ ਵੀ ਸੁਣਾ ਚੁੱਕੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਆਪਣੇ ਦਸ ਸਾਲ ਦੇ ਰਾਜ ਕਾਲ ਦੌਰਾਨ ਜਿਹੜੇ ਵੱਡੇ ਗੁਨਾਹ ਕੀਤੇ ਹਨ, ਉਨ੍ਹਾਂ ਕਾਰਨ ਉਹ ਪੰਜਾਬ ਵਿਚ ਆਪਣਾ ਅਧਿਕਾਰਤ ਤੌਰ 'ਤੇ ਆਧਾਰ ਖੋਹ ਚੁੱਕੇ ਹਨ। ਇਸ ਲਈ ਬਾਗੀ ਤੇ ਦਾਗੀ ਦੋਵੇਂ ਆਪਣੇ ਚੁੱਲੇ ਸਮਾਪਤ ਕਰਨ ਦੇ ਨਾਲ ਉਨ੍ਹਾਂ ਨੇ ਅਕਾਲੀ ਦਲ ਦੇ ਮੁੜ ਨਿਰਮਾਣ ਕਰਨ ਹਿੱਤ ਇਕ ਸੱਤ ਮੈਂਬਰੀ ਕਮੇਟੀ ਵੀ ਬਣਾਈ ਸੀ, ਜਿਸ ਨੂੰ ਆਦੇਸ਼ ਦਿੱਤੇ ਸਨ ਕਿ ਸੰਵਿਧਾਨ ਮੁਤਾਬਿਕ ਇਹ ਕਮੇਟੀ ਨਿਯਮਤ ਰੂਪ ਵਿਚ ਆਪਣੀ ਆਧਾਰ ਕਾਰਡ ਦੇ ਆਧਾਰ 'ਤੇ ਮੈਂਬਰਸ਼ਿਪ ਕਰਕੇ ਲੀਡਰਸ਼ਿਪ ਦੀ ਚੋਣ ਕਰਨਗੇ। ਪਰ ਬਾਦਲ ਦਲ ਦੇ ਆਗੂਆਂ ਨੇ ਸੱਤ ਮੈਂਬਰੀ ਕਮੇਟੀ ਨੂੰ ਦਰ ਕਿਨਾਰ ਕਰਕੇ ਆਪਣੇ ਤੌਰ 'ਤੇ ਚੁੱਲਿਆਂ ਦੀ ਸਮਾਪਤੀ ਕਰਨ ਦੀ ਥਾਂ 'ਤੇ ਬਾਗੀਆਂ ਨੂੰ ਆਪਣੇ ਵਿਚ ਸ਼ਾਮਲ ਨਹੀਂ ਕੀਤਾ। ਇਹ ਹੀ ਨਹੀਂ, ਬੀਬੀ ਸਤਵੰਤ ਕੌਰ ਜਿਨ੍ਹਾਂ ਦੀ ਇਕ ਮੈਂਬਰ ਵਜੋਂ ਆਪਣੇ ਵਲੋਂ ਪਾਇਆ ਸੀ, ਬਾਦਲ ਦਲ ਦੇ ਆਗੂਆ ਨੂੰ ਇਹ ਕਹਿ ਕੇ ਅਸਵੀਕਾਰ ਕਰ ਦਿੱਤਾ ਹੈ ਕਿ ਉਹ ਸ਼੍ਰੋਮਣੀ ਕਮੇਟੀ ਦੀ ਮੁਲਾਜ਼ਮ ਹੈ, ਇਸ ਕਰਕੇ ਉਸ ਨੂੰ ਵੀ ਕਮੇਟੀ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ। ਇਹ ਹੀ ਨਹੀਂ, ਬਲਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਦੀ ਘੋਰ ਉਲੰਘਣਾ ਕਰਦੇ ਹੋਏ ਛੇ ਮਹੀਨੇ ਵਿਚ ਅਕਾਲੀ ਦਲ ਦੀ ਮੈਂਬਰਸ਼ਿਪ ਕਰਨ ਦੀ ਥਾਂ 'ਤੇ ਬਾਦਲਾਂ ਨੇ ਆਪਣਾ ਹੁਕਮ ਹੀ ਲਾਗੂ ਕਰਕੇ 20 ਜਨਵਰੀ ਨੂੰ ਮੈਂਬਰਸ਼ਿਪ ਸ਼ੁਰੂ ਕਰ ਕੇ 20 ਫਰਵਰੀ ਤੱਕ ਕਰਕੇ ਭਾਵ ਇਕ ਮਹੀਨੇ ਵਿਚ 20 ਲੱਖ ਮੈਂਬਰਸ਼ਿਪ ਕਰਨੀ ਦੱਸੀ ਜਾ ਰਹੀ ਹੈ, ਜੋ ਇਸ ਗੱਲ ਦਾ ਪ੍ਰਗਟਾਵਾ ਕਰ ਰਿਹਾ ਹੈ ਕਿ ਇਹ ਕਿਸ ਤਰ੍ਹਾਂ ਦੀ ਮੈਂਬਰਸ਼ਿਪ ਹੋਵੇਗੀ? ਰੌਲਾ ਇਹ ਪਾਇਆ ਜਾ ਰਿਹਾ ਹੈ ਕਿ ਜੇਕਰ ਅਸੀ ਸ੍ਰੀ ਅਕਾਲ ਤਖਤ ਦੇ ਹੁਕਮਾਂ ਨੂੰ ਮੰਨਦੇ ਹਾਂ, ਤਾਂ ਸ਼੍ਰੋਮਣੀ ਅਕਾਲੀ ਦਲ ਦੀ ਚੋਣ ਕਮਿਸ਼ਨ ਵਲੋਂ ਮਾਨਤਾ ਰੱਦ ਕਰ ਦਿੱਤੀ ਜਾਵੇਗੀ, ਦਾ ਕੂੜ੍ਹ ਪ੍ਰਚਾਰ ਕੀਤਾ ਜਾ ਰਿਹਾ ਹੈ, ਜਿਸ ਨੂੰ ਸਿੱਖ ਜਗਤ 'ਤੇ ਪੰਜਾਬੀ ਬੜੀ ਚੰਗੀ ਤਰ੍ਹਾਂ ਸਮਝ ਰਿਹਾ ਹੈ ਕਿ ਸ. ਸੁਖਬੀਰ ਸਿੰਘ ਬਾਦਲ ਤੇ ਉਸ ਦੇ ਗੁਣਗਾਣ ਕਰਨ ਵਾਲਾ ਸਾਰਾ ਗਰੁੱਪ ਜਿਨ੍ਹਾਂ ਕੋਲ ਹਮੇਸ਼ਾ ਹੀ ਗੱਦੀ ਰਹੀ ਹੈ, ਉਹ ਗੱਦੀ ਨੂੰ ਕਿਸੇ ਹਾਲਤ ਵਿਚ ਨਹੀਂ ਛੱਡਣਾ ਚਾਹੁੰਦੇ ਹਨ। ਇਸ ਸਾਰੇ ਗਰੁੱਪ ਨੇ ਰਾਜ ਭਾਗ ਨੂੰ ਆਪਣੇ ਹੱਥ ਵਿਚ ਰੱਖ ਕੇ ਰੱਜ ਕੇ ਧੰਨ ਕਮਾਇਆ ਹੈ। ਇਨ੍ਹਾਂ ਨੇ ਰਾਜਨੀਤੀ ਨੂੰ ਜ਼ੁਬਾਨੀ ਕਲਾਮੀ ਲੋਕ ਸੇਵਾ ਦੱਸ ਕੇ ਸਿਵਾਏ ਧੰਨ ਕਮਾਉਣ ਤੋਂ ਹੋਰ ਕੁਝ ਨਹੀਂ ਕੀਤਾ ਹੈ। ਬਾਦਲ ਦਲ ਕੋਈ ਇਕ ਵੀ ਪ੍ਰਾਪਤੀ ਦੱਸ ਸਕਦਾ ਹੈ, ਜੋ ਸ. ਪ੍ਰਕਾਸ਼ ਸਿੰਘ ਬਾਦਲ ਜਿਨ੍ਹਾਂ ਨੂੰ ਪੰਜਾਬ ਦੇ ਪੰਜ ਵਾਰੀ ਦੇ ਮੁੱਖ ਮੰਤਰੀ ਕਹਿ ਕੇ ਮਾਣ ਨਾਲ ਸਿਰ ਉੱਚਾ ਹੋਇਆ ਦੱਸਦੇ ਹਨ। ਪੰਜਾਬ ਦੇ ਸਾਰੇ ਮਸਲੇ ਚਾਹੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦਾ ਮਸਲਾ ਹੈ ਜਾਂ ਫਿਰ ਪਾਣੀਆਂ, ਡੈਮਾਂ ਦਾ ਮਸਲਾ ਹੈ ਜਾਂ ਫਿਰ ਪੰਜਾਬੋਂ ਬਾਹਰ ਰਹਿ ਗਏ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿਚ ਸ਼ਾਮਲ ਕਰਾਉਣ ਦਾ ਮਸਲਾ ਹੈ। ਇਸ ਲੇਖ ਦਾ ਲੇਖਕ ਕਈ ਦਹਾਕਿਆਂ ਤੱਕ ਖਾਲਸੇ ਦੀ ਜਨਮ ਭੂਮੀ "ਸ੍ਰੀ ਅਨੰਦਪੁਰ ਸਾਹਿਬ" ਤੋਂ ਪੰਜਾਬ ਦੀਆਂ ਸ਼੍ਰੋਮਣੀ 'ਅਖਬਾਰਾਂ ਦਾ ਪ੍ਰਤੀਨਿੱਧ' ਰਿਹਾ ਹੈ। ਕਈ ਵਾਰ ਅਕਾਲੀ ਆਗੂਆਂ 'ਤੇ ਸੁਆਲ ਕਰਕੇ ਪੁੱਛਿਆ ਜਾਂਦਾ ਰਿਹਾ ਹੈ, ਚਾਹੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਸਨ ਜਾਂ ਹੋਰ ਅਕਾਲੀ ਆਗੂ ਇਹ ਸਭ ਚੰਡੀਗੜ੍ਹ ਨੂੰ ਲੈਣ ਦੀ ਥਾਂ 'ਤੇ ਉਸ ਨੂੰ 'ਚਿੱਟਾ ਹਾਥੀ' ਦੱਸ ਕੇ ਇਸ ਨੂੰ ਲੈਣ ਤੋਂ ਕਿਨਾਰਾਕਸ਼ੀ ਕਰਦੇ ਰਹੇ ਸਨ। ਇਹ ਹੀ ਨਹੀਂ, ਜਦੋਂ ਇਨ੍ਹਾਂ ਨਾਲ ਪੰਜਾਬ ਦੇ ਮਸਲਿਆਂ ਬਾਰੇ ਗੱਲ ਕੀਤੀ ਜਾਂਦੀ, ਤਾਂ ਸ. ਸੁਖਦੇਵ ਸਿੰਘ ਢੀਂਡਸਾ ਸਮੇਤ ਅਕਾਲ਼ੀ ਆਗੂਆਂ ਦਾ ਇਹ ਹੀ ਕਹਿੰਦੇ ਹੁੰਦੇ ਸਨ ਕਿ ਕੇਂਦਰ ਦੀ ਸਰਕਾਰ ਵਿਚ 26 ਪਾਰਟੀਆਂ ਦਾ ਸੰਗ੍ਰਹਿ ਹੈ। ਪੰਜਾਬ ਦੇ ਮਸਲੇ ਲਿਆ ਕੇ ਅਸੀਂ ਕੇਂਦਰ ਦੀ ਸਰਕਾਰ ਤੁੜਵਾ ਦੇਈਏ, ਜੋ ਇਹ ਸਪੱਸ਼ਟ ਦੱਸ ਰਿਹਾ ਹੈ ਕਿ ਇਹ ਗੱਦੀ ਨਾਲ ਹੀ ਚਿੰਬੜੇ ਰਹੇ ਹਨ। ਕੀ ਬੀਬੀ ਹਰਸਿਮਰਤ ਕੌਰ ਬਾਦਲ ਦੱਸ ਸਕਦੇ ਹਨ ਕਿ ਉਨ੍ਹਾਂ ਨੇ ਪੰਜਾਬ ਦਾ ਕਿਹੜਾ ਮਸਲਾ ਆਪਣੀ ਕੇਂਦਰੀ ਕੈਬਨਿਟ ਮੰਤਰੀ ਹੁੰਦਿਆਂ ਹੱਲ ਕਰਾਇਆ ਹੈ? ਇਥੇ ਇਹ ਜ਼ਿਕਰ ਕਰਨਾ ਵੀ ਬਣਦਾ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਇਕ ਵਾਰੀ ਸਿਰਕੱਢ ਪੰਜਾਬੀ ਦੀ ਅਖਬਾਰ ਦੇ ਸਮਾਗਮ ਦੌਰਾਨ ਬਤੌਰ ਮੁੱਖ ਮਹਿਮਾਨ ਜਲੰਧਰ ਵਿਖੇ ਆਏ ਸਨ। ਉਥੇ ਉਸ ਸਟੇਜ 'ਤੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵੀ ਹਾਜ਼ਰ ਸਨ। ਇਨ੍ਹਾਂ ਦੀ ਹਾਜ਼ਰੀ ਵਿਚ ਡਾ. ਮਨਮੋਹਨ ਸਿੰਘ ਨੇ ਕਿਹਾ ਸੀ ਕਿ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਮੇਰੇ ਕੋਲ ਆਪਣੇ ਨਿੱਜੀ ਮਸਲੇ ਲੈ ਕੇ ਦਿੱਲੀ ਆਉਂਦੇ ਸਨ, ਜੋ ਸਾਰੇ ਹੱਲ ਕਰਵਾ ਕੇ ਚਲੇ ਜਾਂਦੇ ਸਨ, ਇਨ੍ਹਾਂ ਨੇ ਕਦੇ ਵੀ ਪੰਜਾਬ ਦਾ ਇਕ ਵੀ ਮਸਲਾ ਉਨ੍ਹਾਂ ਦੇ ਧਿਆਨ ਵਿਚ ਨਹੀਂ ਲਿਆਂਦਾ। ਡਾ. ਮਨਮੋਹਨ ਸਿੰਘ ਦਾ ਇਹੋ ਜਿਹਾ ਬਿਆਨ ਅਖਬਾਰਾਂ ਵਿਚ ਬਹੁਤ ਸਾਰੇ ਦੇਸ਼ ਵਾਸੀਆਂ ਨੇ ਸੁਣਿਆ ਹੋਵੇਗਾ। ਪੰਜਾਬ ਦੇ ਨਾਲ ਦੇਸ਼ ਦੀ ਪ੍ਰੈੱਸ ਦੇ ਕਈ ਜਾਣੇ-ਪਛਾਣੇ ਤੇ ਸਿਰਕੱਢ ਪੱਤਰਕਾਰ ਵੀ ਕਈ ਵਾਰੀ ਇਸ ਦਾ ਜ਼ਿਕਰ ਕਰ ਚੁੱਕੇ ਹਨ। ਇਸ ਤੋਂ ਵੱਡੀਆਂ ਹੋਰ ਕਿਹੜੀਆਂ ਉਦਾਹਰਣਾਂ ਇਸ ਬਾਦਲ ਦਲ ਸਾਹਮਣੇ ਹੋ ਸਕਦੀਆਂ ਹਨ ਕਿ ਇਹ ਪੰਜਾਬ ਦੇ ਮਸਲਿਆਂ ਪ੍ਰਤੀ ਕਿੰਨੇ ਕੁ ਸੁਹਿਰਦ ਸਨ? ਸੰਸਾਰ ਦਾ ਸਿੱਖ ਜਗਤ ਹੈਰਾਨ ਹੈ ਕਿ ਇਹ ਬਾਦਲ ਦਲ ਵਾਲੇ ਲੋਕਾਂ ਦੀ ਰਮਜ਼ ਨੂੰ ਕਿਉਂ ਨਹੀਂ ਸਮਝ ਰਹੇ? ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਦਾ ਸ਼ਾਇਦ ਹੀ ਕੋਈ ਟੀ.ਵੀ. ਚੈਨਲ ਹੋਵੇਗਾ, ਜੋ ਬਾਦਲਾਂ ਦੀ ਰਾਜਨੀਤਿਕ ਹਾਲਤ ਬਾਰੇ ਨਾ ਦਸ ਰਿਹਾ ਹੋਵੇ, ਉਹ ਤਾਂ ਇਹ ਕਹਿ ਚੁੱਕਾ ਹੈ ਕਿ 2017, 2022 ਤੇ 2024 ਦੀਆਂ ਚੋਣਾਂ ਵਿਚ ਉਨ੍ਹਾਂ ਦੀ ਕੀ ਸਥਿਤੀ ਰਹੀ ਹੈ? ਪੰਜਾਬੀ ਤੇ ਵਿਸ਼ੇਸ਼ ਕਰਕੇ ਸਿੱਖਾਂ ਨੇ ਮੁੱਢੋਂ-ਸੁਢੋਂ ਇਨ੍ਹਾਂ ਨੂੰ ਨਕਾਰ ਦਿੱਤਾ ਹੈ। ਚਾਹੀਦਾ ਤਾਂ ਇਹ ਸੀ ਕਿ ਇਹ ਆਗੂ ਜਿਵੇਂ ਸ੍ਰੀ ਅਕਾਲ ਤਖਤ ਨੇ ਆਦੇਸ਼ ਦਿੱਤੇ ਹਨ, ਉਨ੍ਹਾਂ ਨੂੰ ਖਿੜ੍ਹੇ ਮੱਥੇ ਪ੍ਰਵਾਨ ਕਰਦੇ ਹੋਏ ਕੁਝ ਚਿਰ ਲਈ ਪੰਜਾਬ ਦੀ ਨਵੀਂ ਲੀਡਰਸ਼ਿਪ ਨੂੰ ਅੱਗੇ ਆਉਣ ਦਿੰਦੇ ਉਨ੍ਹਾਂ ਚਿਰ ਪੰਜਾਬ ਦੇ ਲੋਕਾਂ ਵਿਚ ਆਪਣਾ ਵਿਸ਼ਵਾਸ ਬਣਾਉਂਦੇ ਇਹ ਕਹਿੰਦੇ ਕਿ ਉਨ੍ਹਾਂ ਨੇ ਆਪਣੀਆ ਗਲਤੀਆਂ ਤੋਂ ਸਬਕ ਸਿੱਖ ਲਿਆ ਹੈ, ਅਗਾਊਂ ਅਜਿਹੀਆਂ ਗਲਤੀਆਂ ਨਹੀਂ ਕਰਨਗੇ ਪਰ ਇਨ੍ਹਾਂ ਨੇ ਤਾਂ ਭਾਜਪਾ ਤੋਂ ਹਾਲੇ ਤੱਕ ਕੋਈ ਸਬਕ ਨਹੀਂ ਸਿੱਖਿਆ, ਜਿਸ ਨੇ ਇਹੋ ਜਿਹੀਆਂ ਉਨ੍ਹਾਂ ਤੋਂ ਗਲਤੀਆਂ ਕਰਾਈਆਂ ਹਨ ਕਿ ਇਹ ਹੀ ਅਕਾਲੀ ਪਾਰਟੀ ਜਿਹੜੀ ਪੰਜਾਬ ਦੀ ਖੇਤਰੀ ਪਾਰਟੀ ਹੁੰਦਿਆਂ ਪੰਜਾਬ ਵਿਚ ਰਾਜ ਕਰਦੀ ਰਹੀ ਹੈ, ਇਸੇ ਭਾਜਪਾ ਦੀਆਂ ਚੁਸਤੀਆਂ ਚਲਾਕੀਆ ਨੇ ਇਨ੍ਹਾਂ ਨੂੰ ਸੱਤਾਹੀਨ ਤਾਂ ਕੀਤਾ ਹੀ, ਬਲਕਿ ਪੰਜਾਬੀ ਵਿਚੋਂ ਇਨ੍ਹਾਂ ਦੀ ਪਾਰਟੀ ਤੱਕ ਦਾ ਵੀ ਭੋਗ ਪਵਾ ਦਿੱਤਾ ਹੈ। ਇੰਨਾ ਨੁਕਸਾਨ ਕਰਾਉਣ ਦੇ ਬਾਵਜੂਦ ਹਾਲੇ ਵੀ ਭਾਜਪਾ ਨਾਲ ਸਮਝੌਤਾ ਕਰਨ ਦੇ ਸੁਪਨੇ ਲੈ ਰਹੇ ਹਨ। ਇਸੇ ਕਰਕੇ ਇਹ ਆਪਣੇ ਢੰਗ ਨਾਲ ਸ੍ਰੀ ਅਕਾਲ ਤਖਤ ਦੇ ਹੁਕਮਾਂ ਦੇ ਵਿਰੁੱਧ ਜਾ ਕੇ ਆਪਣੇ ਢੰਗ ਨਾਲ ਚੋਣਾਂ ਕਰਾ ਕੇ ਮੁੜ ਲੀਡਰੀ ਹਾਸਲ ਕਰਨਾ ਚਾਹੁੰਦੇ ਹਨ ਤੇ ਸਮਝਦੇ ਹਨ ਕਿ ਸ਼ਾਇਦ ਭਾਜਪਾ ਨਾਲ ਸਮਝੌਤਾ ਕਰਕੇ ਉਨ੍ਹਾਂ ਦਾ ਪਾਰ ਉਤਾਰਾ ਹੋ ਜਾਵੇਗਾ, ਉਹ ਮੁੜ ਪੰਜਾਬ ਦੀ ਰਾਜ ਗੱਦੀ ਸੰਭਾਲ ਲੈਣਗੇ, ਜੋ ਕਿ ਉਹ ਮੂਰਖਾਂ ਦੀ ਦੁਨੀਆਂ ਵਿਚ ਵੱਸ ਰਹੇ ਹਨ। ਇਨ੍ਹਾਂ ਬਾਦਲ ਦਲੀਆਂ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਸਿੱਖ ਪੰਥ ਤੁਹਾਨੂੰ ਪੰਜਾਬ ਵਿਚ ਕਿਸੇ ਹਾਲਤ ਵਿਚ ਸਵੀਕਾਰਨ ਵਾਲਾ ਨਹੀਂ। ਸ੍ਰੀ ਅਕਾਲ ਤਖਤ ਦੇ ਹੁਕਮਾਂ ਦੀ ਅਵੱਗਿਆ ਕਰਕੇ ਇਹ ਆਪਣੇ ਪੈਰੀਂ ਆਪ ਹੀ ਕੁਹਾੜਾ ਮਾਰ ਰਹੇ ਹਨ! ਇਸ ਨਾਜ਼ੁਕ ਸਥਿਤੀ ਵਿਚ ਹਰੇਕ ਪੰਜਾਬ ਹਿਤੈਸ਼ੀ ਚਾਹੇ ਉਹ ਅਕਾਲੀ ਦਲਾਂ ਦੇ ਆਗੂ ਹਨ, ਚਾਹੇ ਪੰਜਾਬ ਦੇ ਬੁੱਧੀਜੀਵੀ ਜਾਂ ਫਿਰ ਪੰਜਾਬ ਦੇ ਚਿੰਤਕ ਹਨ, ਸਭ ਦੀ ਜ਼ਿੰਮੇਵਾਰੀ ਬਣ ਗਈ ਕਿ ਉਹ ਸਾਰੇ ਗੁੱਸੇ-ਗਿਲੇ ਭੁਲਾ ਕੇ ਸਿਰ ਜੋੜ ਕੇ ਬੈਠਣ ਤੇ ਪੰਜਾਬ ਵਿਚ ਅਜਿਹੀ ਪਾਰਟੀ ਦਾ ਗਠਨ ਕਰਨ, ਜੋ ਪੰਜਾਬ ਦਾ ਸਰਬਪੱਖੀ ਭਲਾ ਕਰ ਸਕਣ ਦੇ ਸਮਰੱਥ ਹੋਵੇ।

# ਕਾਲਮ ਨਵੀਸ ਸਿੱਖਿਆ ਸ਼ਾਸਤਰੀ: ਡਾ. ਸਰਬਜੀਤ ਸਿੰਘ ਛੀਨਾ

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਸ਼ਹਿਰੀ ਵਿਦਿਆਰਥੀ ਪੜ੍ਹਾਈ ਵਿਚ ਮੱਲ੍ਹਾਂ ਮਾਰਦੇ ਹਨ ਕਿਉਂਕਿ ਉਨ੍ਹਾਂ ਨੂੰ ਪੜ੍ਹਾਈ ਕਰਨ ਦੀਆਂ ਪੂਰੀਆਂ ਆਧੁਨਿਕ ਸਹੂਲਤਾਂ ਉਪਲਭਧ ਹੁੰਦੀਆਂ ਹਨ। ਇਹ ਵੀ ਸਮਝਿਆ ਜਾਂਦਾ ਹੈ ਕਿ ਸ਼ਹਿਰੀਆਂ ਵਿਚ ਪ੍ਰਤਿੱਭਾ ਵੀ ਜ਼ਿਆਦਾ ਹੁੰਦੀ ਹੈ। ਇਹ ਬਿਲਕੁਲ ਸੱਚਾਈ ਹੈ ਕਿ ਪਿੰਡਾਂ ਦੇ ਵਿਦਿਆਰਥੀਆਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਨਹੀਂ ਮਿਲਦੀਆਂ ਪ੍ਰੰਤੂ ਇਸ ਵਿਚ ਕੋਈ ਸੱਚਾਈ ਨਹੀਂ ਕਿ ਪਿੰਡਾਂ ਦੇ ਵਿਦਿਆਰਥੀਆਂ ਵਿਚ ਪ੍ਰਤਿਭਾ ਨਹੀਂ ਹੁੰਦੀ। ਪ੍ਰਤਿਭਾ ਪਿੰਡਾਂ ਦੇ ਵਿਦਿਆਰਥੀਆਂ ਵਿਚ ਸ਼ਹਿਰਾਂ ਦੇ ਵਿਦਿਆਰਥੀਆਂ ਦੇ ਬਰਾਬਰ ਹੁੰਦੀ ਹੈ ਪ੍ਰੰਤੂ ਪੜ੍ਹਾਈ ਦੇ ਚੰਗੇ ਮੌਕੇ ਨਾ ਮਿਲਣ ਕਰਕੇ ਕਈ ਵਾਰ ਪਿੰਡਾਂ ਦੇ ਬੱਚੇ ਪਛੜ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਆਪੋ-ਆਪਣੇ ਪਰਿਵਾਰਾਂ ਨਾਲ ਘਰੇਲੂ ਕੰਮ ਵੀ ਕਰਵਾਉਂਣੇ ਪੈਂਦੇ ਹਨ। ਪਿੰਡਾਂ ਦੇ ਕਈ ਵਿਦਿਆਰਥੀਆਂ ਨੇ ਸ਼ਹਿਰਾਂ ਦੇ ਵਿਦਿਆਰਥੀਆਂ ਨਾਲੋਂ ਵਧੇਰੇ ਸਫਲਤਾ ਪ੍ਰਾਪਤ ਕੀਤੀ ਹੈ। ਏਥੇ ਮੈਂ ਤੁਹਾਨੂੰ ਇੱਕ ਅਜਿਹੇ ਵਿਅਕਤੀ ਨੂੰ ਮਿਲਾਉਣ ਜਾ ਰਿਹਾ ਹਾਂ, ਜਿਸ ਦੀ ਕਾਬਲੀਅਤ ਦੀ ਧਾਂਕ ਸੰਸਾਰ ਵਿਚ ਖੇਤੀਬਾੜੀ ਖੇਤਰ ਦੇ ਮਾਹਿਰ ਵਿਗਿਆਨੀ/ਅਧਿਆਪਕ ਅਤੇ ਕਾਲਮ ਨਵੀਸ ਦੇ ਤੌਰ 'ਤੇ ਪਈ ਹੋਈ ਹੈ। ਉਨ੍ਹਾਂ ਨੂੰ ਖੇਤੀਬਾੜੀ ਅਧਿਆਪਕ/ਵਿਗਿਆਨੀ ਦੇ ਤੌਰ 'ਤੇ ਸੰਸਾਰ ਵਿਚ ਯੂਨੈਸਕੋ ਵਰਗੀਆਂ ਸੰਸਥਾਵਾਂ ਦੇ ਸਮਾਗਮਾਂ ਵਿਚ ਵਿਸ਼ੇਸ਼ ਤੌਰ 'ਤੇ ਬੁਲਾਇਆ ਜਾਂਦਾ ਰਿਹਾ ਹੈ। ਉਹ ਲਗਪਗ ਇਕ ਦਰਜਨ ਸੰਸਾਰ ਦੇ ਦੇਸ਼ਾਂ ਵਿਚ ਆਪਣੀ ਕਾਬਲੀਅਤ ਦਾ ਸਿੱਕਾ ਜਮ੍ਹਾ ਚੁੱਕੇ ਹਨ। ਉਹ ਮਹਾਨ ਮਾਹਿਰ ਖੇਤੀਬਾੜੀ/ ਵਿਗਿਆਨੀ/ ਅਧਿਆਪਕ ਡਾ. ਸਰਬਜੀਤ ਸਿੰਘ ਛੀਨਾ ਹਨ, ਜਿਨ੍ਹਾਂ ਦਾ ਪਿਛੋਕੜ ਗੁਰਦਾਸਪੁਰ ਜ਼ਿਲ੍ਹੇ ਦੀ ਧਾਰੀਵਾਲ ਤਹਿਸੀਲ ਦੇ ਪਿੰਡ ਲਹਿਲ ਕਲਾਂ ਦਾ ਹੈ। ਉਹ ਇੱਕ ਨਹੀਂ, ਸਗੋਂ ਤਿੰਨ ਵਿਸ਼ਿਆਂ ਅਰਥ ਸ਼ਾਸ਼ਤਰ, ਸਮਾਜ ਵਿਗਿਆਨ ਅਤੇ ਖੇਤੀਬਾੜੀ ਦੇ ਮਾਹਿਰ ਹਨ। ਉਹ ਅਜੇ ਵੀ ਇਸ ਵਡੇਰੀ ਉਮਰ ਵਿਚ ਕਾਰਜਸ਼ੀਲ ਹਨ। ਇਨ੍ਹਾਂ ਤਿੰਨਾਂ ਵਿਸ਼ਿਆਂ 'ਤੇ ਉਨ੍ਹਾਂ ਦੇ ਅਰਥ ਭਰਪੂਰ ਲੇਖ ਅਖ਼ਬਾਰਾਂ ਦਾ ਸ਼ਿੰਗਾਰ ਬਣਦੇ ਹਨ। ਉਹ ਆਪਣੀ ਉਮਰ ਤੋਂ ਵੀ ਵੱਧ 81 ਪੁਸਤਕਾਂ ਪ੍ਰਕਾਸ਼ਤ ਕਰਵਾ ਚੁੱਕੇ ਹਨ। ਉਨ੍ਹਾਂ ਦੀਆਂ ਬਹੁਤੀਆਂ ਪੁਸਤਕਾਂ ਅੰਗਰੇਜ਼ੀ ਵਿਚ ਹਨ ਪ੍ਰੰਤੂ ਕਈ ਪੁਸਤਕਾਂ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਕਰਕੇ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਉਨ੍ਹਾਂ ਦੀ ਇੱਕ ਅੰਗਰੇਜ਼ੀ ਦੀ ਪੁਸਤਕ **"Sikh Martyrs of eighteenth century"** ਪਾਠਕਾਂ, ਖਾਸ ਤੌਰ 'ਤੇ ਸਿੱਖ ਜਗਤ ਵਿਚ ਬਹੁਤ ਹੀ ਹਰਮਨ ਪਿਆਰੀ ਹੋਈ ਹੈ। ਇਹ ਪੁਸਤਕ ਉਨ੍ਹਾਂ ਨੇ ਹਰਬੰਸ ਕੌਰ ਸੰਧੂ ਦੀ 'ਅਠਾਰਵੀਂ ਸਦੀ ਦੇ ਸ਼ਹੀਦ' ਪੁਸਤਕ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਹੈ। ਪ੍ਰਵਾਸ ਵਿਚ ਪੰਜਾਬੀਆਂ ਦੀ ਨਵੀਂ ਪੀੜ੍ਹੀ ਜਿਹੜੀ ਪੰਜਾਬੀ ਭਾਸ਼ਾ ਦੀ ਬਹੁਤੀ ਮਾਹਿਰ ਨਹੀਂ ਹੈ, ਉਨ੍ਹਾਂ ਨੂੰ ਆਪਣੀ ਵਿਰਾਸਤ ਨਾਲ ਜੋੜਨ ਲਈ ਇਹ ਪੁਸਤਕ ਲਾਭਦਾਇਕ ਸਾਬਤ ਹੋਵੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਸੰਸਥਾਵਾਂ ਨੂੰ ਇਹ ਪੁਸਤਕ ਪ੍ਰਵਾਸ ਵਿਚਲੀਆਂ ਲਾਇਬ੍ਰੇਰੀਆਂ ਅਤੇ ਖਾਸ ਕਰਕੇ ਗੁਰੂ ਘਰਾਂ ਦੀਆਂ ਲਾਇਬ੍ਰੇਰੀਆਂ ਵਿਚ ਭੇਜਣੀ ਚਾਹੀਦੀ ਹੈ, ਤਾਂ ਜੋ ਨੌਜਵਾਨ ਪੀੜ੍ਹੀ ਇਸ ਦਾ ਲਾਭ ਉਠਾ ਸਕੇ।



ਡਾ. ਸਰਬਜੀਤ ਸਿੰਘ ਛੀਨਾ ਪੰਜਾਬ ਦੀ ਸਭ ਤੋਂ ਪੁਰਾਣੀ ਤੇ ਸਰਵੋਤਮ ਵਿਦਿਅਕ ਸੰਸਥਾ ਖਾਲਸਾ ਕਾਲਜ, ਅੰਮ੍ਰਿਤਸਰ ਵਿਚੋਂ ਡੀਨ ਫੈਕਲਿਟੀ ਆਫ਼ ਐਗਰੀਕਲਚਰ ਅਤੇ ਮੁਖੀ ਇਕਨਾਮਿਕਸ ਤੇ ਸੋਸ਼ਿਆਲੋਜੀ ਵਿਭਾਗ 2004 ਵਿਚ ਸੇਵਾਮੁਕਤ ਹੋਏ ਹਨ। ਉਹ ਬਹੁ-ਪੱਖੀ ਅਤੇ ਬਹੁ-ਦਿਸ਼ਾਵੀ ਸ਼ਖਸੀਅਤ ਦੇ ਮਾਲਕ ਹਨ। ਡਾ. ਸਰਬਜੀਤ ਸਿੰਘ ਛੀਨਾ ਪਹਿਲੇ ਕਾਲਜ ਅਧਿਆਪਕ ਹਨ, ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸੈਨਟ ਤੇ ਸਿੰਡੀਕੇਟ ਦੇ ਮੈਂਬਰ ਬਣਾਇਆ ਗਿਆ। ਆਮ ਤੌਰ 'ਤੇ ਯੂਨੀਵਰਸਿਟੀ ਦੇ ਪ੍ਰੋਫ਼ੈਸਰਾਂ ਨੂੰ ਹੀ ਸਿੰਡੀਕੇਟ ਦੇ ਮੈਂਬਰ ਬਣਾਇਆ ਜਾਂਦਾ ਹੈ। ਉਹ ਚੀਫ਼ ਖਾਲਸਾ ਦੀਵਾਨ ਦੀ ਐਜੂਕੇਸ਼ਨ ਕਮੇਟੀ ਦੇ ਆਨਰੇਰੀ ਸਕੱਤਰ ਵੀ ਹਨ। ਉਹ ਅਜਿਹੇ ਪਹਿਲੇ ਖੇਤੀਬਾੜੀ ਵਿਦਿਅਕ ਮਾਹਿਰ ਹਨ, ਜਿਨ੍ਹਾਂ ਨੂੰ ਲਗਪਗ ਦੇਸ਼ ਅਤੇ ਵਿਦੇਸ਼ ਦੀਆਂ ਵਿਦਿਅਕ ਸੰਸਥਾਵਾਂ ਨੇ ਮਹੱਤਵਪੂਰਨ ਅਹੁਦੇ ਦੇ ਕੇ ਮਾਣ-ਸਨਮਾਨ ਦਿੱਤਾ ਹੋਇਆ ਹੈ। ਯੂਨੈਸਕੋ ਦੀਆਂ ਅੱਧੀ ਦਰਜਨ ਸੰਸਥਾਵਾਂ ਦੇ ਸੈਮੀਨਾਰਾਂ ਵਿਚ ਹਿੱਸਾ ਲਿਆ, ਜਿਨ੍ਹਾਂ ਵਿਚ ਕਲਚਰਲ ਹੈਰੀਟੇਜ ਐਂਡ ਪੀਸ ਐਜੂਕੇਸ਼ਨ ਵਰਣਨਯੋਗ ਹੈ। ਉਨ੍ਹਾਂ ਦੀ ਪ੍ਰਤਿਭਾ ਦਾ ਪ੍ਰਗਟਾਵਾ ਇਸ ਗੱਲ ਤੋਂ ਵੀ ਹੁੰਦਾ ਹੈ ਕਿ 2018 ਵਿਚ ਉਨ੍ਹਾਂ ਨੂੰ ਗਰੀਸ ਦੇ ਸ਼ਹਿਰ ਏਥਨਜ਼ ਵਿਚ 'ਕਨਫ਼ੈਡਰੇਸ਼ਨ ਆਫ਼ ਯੂਨੈਸਕੋ ਕਲੱਬਜ਼' ਦੀ ਕਾਨਫ਼ਰੰਸ ਵਿਚ ਬੁਲਾਇਆ ਗਿਆ ਸੀ। 2017 ਵਿਚ ਉਹ ਭਾਰਤ ਵਿਚ 'ਕਨਫ਼ੈਡਰੇਸ਼ਨ ਆਫ਼ ਯੂਨੈਸਕੋ ਕਲੱਬਜ਼' ਦੇ ਪ੍ਰਧਾਨ ਚੁਣੇ ਗਏ ਸਨ। 2015 ਵਿਚ ਉਹ ਰੋਮਾਨੀਆ ਵਿਚ 'ਸਸਟੇਨੇਬਲ ਡਿਵੈਲਪਮੈਂਟ' ਕਾਨਫਰੰਸ ਵਿਚ ਹਿੱਸਾ ਲੈਣ ਲਈ ਗਏ ਸਨ। ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਿਜ਼ ਨਿਊ ਦਿੱਲੀ ਵੱਲੋਂ ਉਨ੍ਹਾਂ ਨੂੰ 2008 ਵਿਚ ਪੰਜਾਬ ਦੀਆਂ ਪੰਚਾਇਤੀ ਚੋਣਾਂ ਦੀ ਰਿਸਰਚ ਸਟੱਡੀ ਕਰਨ ਲਈ ਨਿਯੁਕਤ ਕੀਤਾ ਗਿਆ। 2023 ਵਿਚ ਉਹ ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਹਿਊਮੈਨਟੀਜ਼ ਅਤੇ ਸੋਸ਼ਲ ਸਾਇੰਸਜ਼ ਦੀ ਫੈਕਲਟੀ ਦੇ ਬਤੌਰ ਪ੍ਰੋਫ਼ੈਸਰ ਐਮਰੇਟਿਸ ਸਨ। 2019 ਵਿਚ ਸਾਹਿਤ ਕੇਂਦਰ ਗੁਰਦਾਸਪੁਰ ਨੇ ਉਨ੍ਹਾਂ ਦੀ ਸੇਵਾਵਾਂ ਦੀ ਕਦਰ ਕਰਦੇ ਹੋਏ 'ਲਾਈਫ਼ ਟਾਈਮ ਅਚੀਵਮੈਂਟ ਅਵਾਰਡ' ਦੇ ਕੇ ਸਨਮਾਨਤ ਕੀਤਾ ਸੀ। 2016 ਵਿਚ ਪੰਜਾਬ ਦੇ ਦਿਹਾਤੀ ਇਲਾਕਿਆਂ ਵਿਚ ਖੇਤੀ 'ਤੇ ਆਧਾਰਿਤ ਫਸਲਾਂ ਦੀ ਪ੍ਰਾਸੈਸਿੰਗ ਨੂੰ ਸਥਾਪਤ ਕਰਨ ਦੇ ਰਸਤੇ ਵਿਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨ ਦੀ ਸਟੱਡੀ ਕਰਨ ਕਰਕੇ ਇੰਡੀਅਨ ਕਾਊਂਸਲ ਆਫ਼ ਸੋਸ਼ਲ ਸਾਇੰਸਿਜ਼ ਰਿਸਰਚ ਨਿਊ ਦਿੱਲੀ ਨੇ 'ਸੀਨੀਅਰ ਫ਼ੈਲੋਸ਼ਿਪ' ਅਤੇ 2013 ਵਿਚ 'ਪ੍ਰਾਜੈਕਟ ਡਾਇਰੈਕਟਰ ਆਫ ਦਾ ਪ੍ਰੋਜੈਕਟ ਆਫ਼ ਡੇਅਰੀ ਕੋਆਪ੍ਰੇਟਿਵਜ਼ ਇਨ ਪੰਜਾਬ' ਬਣਾ ਕੇ ਸਨਮਾਨਤ ਕੀਤਾ। ਵਿਦਿਅਕ ਮਾਹਿਰ ਹੋਣ ਕਰਕੇ ਉਨ੍ਹਾਂ ਨੇ ਦਿਹਾਤੀ ਬੱਚਿਆਂ ਦੀ ਬਿਹਤਰੀ ਲਈ ਇੱਕ ਹਾਈ ਸਕੂਲ ਅਤੇ ਇੱਕ ਆਈ.ਟੀ.ਆਈ. ਵਿਦਿਅਕ ਸੰਸਥਾਵਾਂ ਸਥਾਪਤ ਕੀਤੀਆਂ ਜਿਹੜੀਆਂ 'ਯੂਨੀਵਰਸਲ ਗਰੁਪ ਆਫ਼ ਇੰਸਟੀਚਿਊਟਸ' ਅਧੀਨ ਕੰਮ ਕਰ ਰਹੀਆਂ ਹਨ। ਡਾ. ਸਰਬਜੀਤ ਸਿੰਘ ਛੀਨਾ ਇਸ ਸੰਸਥਾ ਦੇ ਚੇਅਰਮੈਨ ਹਨ। ਵਰਤਮਾਨ ਸਮੇਂ ਜਦੋਂ ਭਾਰਤ ਵਿਚ ਖੇਤੀਬਾੜੀ ਦਾ ਕਿੱਤਾ ਘਾਟੇ ਵਿਚ ਜਾ ਰਿਹਾ ਹੈ ਅਤੇ ਸਰਕਾਰਾਂ ਵੱਲੋਂ ਕਿਸਾਨਾਂ ਦੀ ਬਾਂਹ ਨਹੀਂ ਫੜੀ ਜਾ ਰਹੀ, ਸਗੋਂ ਕਿਸਾਨੀ ਨੂੰ ਖ਼ਤਮ ਕਰਨ ਦੀਆਂ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ, ਤਾਂ ਅਜਿਹੇ ਨਾਜ਼ੁਕ ਸਮੇਂ ਡਾ. ਸਰਬਜੀਤ ਸਿੰਘ ਛੀਨਾ ਵਰਗੇ ਖੇਤੀਬਾੜੀ ਮਾਹਿਰ ਦੀਆਂ ਸੇਵਾਵਾਂ ਦਾ ਲਾਭ ਫਸਲੀ ਵਿਭਿੰਨਤਾ ਲਈ ਸੁਝਾਅ ਲੈ ਕੇ ਅਗਵਾਈ ਲੈਣ ਦੀ ਲੋੜ ਹੈ। ਆਪਣੇ ਤੌਰ 'ਤੇ ਉਹ ਖੇਤੀਬਾੜੀ ਅਤੇ ਹੋਰ ਸਮਾਜਿਕ ਸਰੋਕਾਰਾਂ ਨਾਲ ਸੰਬੰਧਿਤ ਲੇਖ ਲਿਖਕੇ ਅਖ਼ਬਾਰਾਂ ਵਿਚ ਪ੍ਰਕਾਸ਼ਤ ਕਰਵਾਉਂਦੇ ਰਹਿੰਦੇ ਹਨ। ਪੰਜਾਬ ਸਰਕਾਰ ਨੂੰ ਅਜਿਹੇ ਖੇਤੀਬਾੜੀ ਵਿਗਿਆਨੀਆਂ ਦੀ ਕਾਬਲੀਅਤ ਦਾ ਲਾਭ ਉਠਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ ਕਿਉਂਕਿ ਸਰਕਾਰੀ ਸਹਿਯੋਗ ਤੋਂ ਬਿਨਾ ਕਿਸਾਨੀ ਪ੍ਰਫੁਲਤ ਨਹੀਂ ਹੋ ਸਕਦੀ।


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA




ਸਰਬਜੀਤ ਸਿੰਘ ਛੀਨਾ ਦਾ ਜਨਮ 20 ਮਾਰਚ, 1944 ਨੂੰ ਚੱਕ ਨੰਬਰ 96, ਜ਼ਿਲ੍ਹਾ ਸਰਗੋਧਾ ਸਾਂਝੇ ਪੰਜਾਬ (ਅੱਜਕੱਲ੍ਹ ਪਾਕਿਸਤਾਨ) ਵਿਚ ਮਾਤਾ ਰਣਜੀਤ ਕੌਰ ਛੀਨਾ ਤੇ ਪਿਤਾ ਰਛਪਾਲ ਸਿੰਘ ਛੀਨਾ ਦੇ ਘਰ ਹੋਇਆ। ਦੇਸ਼ ਦੀ ਵੰਡ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਗੁਰਦਾਸਪੁਰ ਜ਼ਿਲ੍ਹੇ ਦੀ ਧਾਰੀਵਾਲ ਤਹਿਸੀਲ ਦੇ ਪਿੰਡ ਲਹਿਲ ਕਲਾਂ ਵਿਚ ਆ ਕੇ ਵਸ ਗਿਆ। ਉਨ੍ਹਾਂ ਨੇ ਮੁੱਢਲੀ ਦਸਵੀਂ ਤੱਕ ਦੀ ਪੜ੍ਹਾਈ ਮਿਸ਼ਨ ਹਾਈ ਸਕੂਲ ਧਾਰੀਵਾਲ, ਬੀ.ਏ. ਸਰਕਾਰੀ ਕਾਲਜ ਗੁਰਦਾਸਪੁਰ ਅਤੇ ਐੱਮ.ਏ. ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪਾਸ ਕੀਤੀ। ਪੜ੍ਹਨ ਜਾਣ ਲਈ ਉਹ ਆਪਣੇ ਪਿੰਡ ਤੋਂ ਪੈਦਲ ਤੁਰ ਕੇ ਜਾਂਦੇ ਸਨ। ਅਧਿਆਪਕਾਂ ਦੀ ਮਾਰ ਵੀ ਬਰਦਾਸ਼ਤ ਕਰਨੀ ਪਈ। ਉਹ ਸਕੂਲ ਜਾਣ ਤੋਂ ਡਰਦੇ ਰਹਿੰਦੇ ਸਨ। ਉਨ੍ਹਾਂ ਦਾ ਜੀਵਨ ਵੀ ਜੱਦੋਜਹਿਦ ਵਾਲਾ ਹੈ ਕਿਉਂਕਿ ਪਰਿਵਾਰ ਨੂੰ ਸਾਂਝੇ ਪੰਜਾਬ ਤੋਂ ਵਰਤਮਾਨ ਭਾਰਤ (ਪੰਜਾਬ) ਵਿਚ ਆ ਕੇ ਸੈਟਲ ਹੋਣ ਲਈ ਸਖ਼ਤ ਮਿਹਨਤ ਕਰਨੀ ਪਈ। ਪੜ੍ਹਾਈ ਦੌਰਾਨ ਉਨ੍ਹਾਂ ਨੂੰ ਆਪਣੇ ਪਰਿਵਾਰ ਦੇ ਨਾਲ ਖੇਤੀਬਾੜੀ ਦਾ ਕੰਮ ਵੀ ਕਰਨਾ ਪੈਂਦਾ ਸੀ। ਉਹ ਖੁਦ ਹਲ ਵੀ ਵਾਹੁੰਦੇ ਅਤੇ ਗੋਡੀ ਕਰਦੇ ਰਹੇ। ਉਨ੍ਹਾਂ ਨੂੰ ਆਪਣਾ ਕੈਰੀਅਰ ਬਣਾਉਣ ਲਈ ਬੜੀ ਸਖ਼ਤ ਮਿਹਨਤ ਕਰਨੀ ਪਈ। ਪ੍ਰੋ. ਸਰਬਜੀਤ ਸਿੰਘ ਛੀਨਾ ਦੀਆਂ ਪ੍ਰਾਪਤੀਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਮਿਹਨਤ, ਲਗਨ ਅਤੇ ਦ੍ਰਿੜ੍ਹਤਾ ਇਨਸਾਨ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਵਿਚ ਵੱਡਾ ਯੋਗਦਾਨ ਪਾਉਂਦੀ ਹੈ। ਅੱਜ ਦੀ ਨੌਜਵਾਨ ਪੀੜ੍ਹੀ ਜਿਹੜੀ ਵ੍ਹਾਈਟ ਕਾਲਰ ਨੌਕਰੀਆਂ ਦੇ ਪਿੱਛੇ ਭੱਜੀ ਫਿਰਦੀ ਹੈ ਤੇ ਵਿਦੇਸ਼ ਦੇ ਵਿਚ ਸੈਟਲ ਹੋਣ ਲਈ ਤੱਤਪਰ ਹੈ, ਉਨ੍ਹਾਂ ਨੂੰ ਡਾ. ਸਰਬਜੀਤ ਸਿੰਘ ਛੀਨਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਪੰਜਾਬ ਵਿਚ ਆਪਣੇ ਕਾਰੋਬਾਰ ਸਥਾਪਤ ਕਰਨ ਦੀ ਲੋੜ ਹੈ।

# ਅਲੋਪ ਹੋ ਰਹੇ ਟੋਕਰੇ

## 'ਟੋਕਰੇ ਬਣਾਉਣਾ ਵੀ ਇਕ ਕਲਾ ਹੈ'


ਲੇਖਕ : ਸਤਵੀਰ ਸਿੰਘ ਚਾਨੀਆਂ
92569-73526
ਪੰਜਾਬ ਮੇਲ USA




ਬੱਚਿਆਂ ਨੂੰ ਸਕੂਲ ਇਤਿਹਾਸ ਦੀਆਂ ਕਿਤਾਬਾਂ ਵਿਚ ਪੜ੍ਹਾਇਆ ਜਾਂਦੈ ਕਿ ਅੰਗਰੇਜ਼ਾਂ ਦੀ ਉਦਯੋਗਿਕ ਕ੍ਰਾਂਤੀ ਨੇ ਭਾਰਤ ਦੀ ਹਸਤ ਕਲਾ ਨੂੰ ਬੜੀ ਢਾਹ ਮਾਰੀ। ਉਹ ਵਿਦੇਸ਼ੀ ਢਾਹ ਸੀ ਪਰ ਆਜ਼ਾਦੀ ਉਪਰੰਤ ਦੇਸੀ ਮਸ਼ੀਨੀਕਰਨ ਨੇ ਵੀ ਹੱਥ ਨਾਲ ਵਸਤਾਂ ਤਿਆਰ ਕਰਨ ਵਾਲੇ ਹੁਨਰਮੰਦਾਂ ਨੂੰ ਆਰਥਿਕ ਤੌਰ 'ਤੇ ਮਧੋਲਣ ਲਈ ਕੋਈ ਕਸਰ ਨਾ ਛੱਡੀ। ਬਹੁਤੀਆਂ ਹਸਤ ਕਲਾਵਾਂ ਬਜ਼ੁਰਗਾਂ ਦੇ ਨਾਲ ਹੀ ਦਮ ਤੋੜ ਗਈਆਂ। ਕਈ ਕਲਾਵਾਂ ਨੂੰ ਕਈਆਂ ਮਜਬੂਰੀ ਵੱਸ ਜਾਂ ਸ਼ੌਂਕ ਨਾਲ ਪੀੜ੍ਹੀ ਦਰ ਪੀੜ੍ਹੀ ਸਾਂਭਿਆ ਹੋਇਐ। ਮਜਬੂਰੀਵੱਸਾਂ ਦਾ ਵੱਡਾ ਕਾਰਨ ਤਾਂ ਇਹੀ ਐ ਕਿ ਉਹ ਤਕਨੀਕੀ ਤੌਰ 'ਤੇ ਸਮੇਂ ਦੇ ਹਾਣੀ ਨਾ ਬਣ ਸਕੇ।

ਵੈਸੇ ਹੁਨਰਮੰਦ ਹਰ ਜਗ੍ਹਾ ਕਦਰ ਪਾਉਂਦਾ ਹੈ। ਅਕਸਰ ਉਹੀ ਧੱਕੇ ਖਾਂਦਾ ਹੈ, ਜਿਸ ਪਾਸ ਹੁਨਰ ਨਹੀਂ:-

"ਰੁੱਖਾਂ ਬਾਝ ਨਾ ਧਰਤੀ ਸੋਂਹਦੀ, ਹੁਨਰ ਬਾਝ ਨਾ ਬੰਦਾ।
ਹੱਥੀਂ ਕਿਸਮਤ ਘੜਦਾ ਕਾਮਾ, ਗ਼ਾਫ਼ਿਲ ਰੋਸ ਕਰੰਦਾ।"

ਅਜਿਹੇ ਹੀ ਮਜਬੂਰੀ ਵੱਸਾਂ 'ਚ ਇਕ ਨਾਮ ਸ਼੍ਰੀ ਪ੍ਰੇਮ ਲਾਲ ਵਲਦ ਸ਼ਾਦੀ ਰਾਮ, ਪਿੰਡ ਟਾਹਲੀ ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਵੀ ਹੈ, ਜੋ ਰਾਜ ਮਿਸਤਰੀ ਦਾ ਕੰਮ ਜਾਣਦਿਆਂ ਵੀ ਪਿਛਲੀ ਉਮਰੇ ਗੋਡਿਆਂ ਦੀ ਤਕਲੀਫ਼ ਕਾਰਨ ਟੋਕਰੇ ਬਣਾਕੇ ਗੁਜ਼ਾਰਾ ਕਰਦੈ। ਪ੍ਰੇਮ ਲਾਲ ਇੰਜ ਬੋਲਦੇ ਨੇ:-



"ਲੋੜਵੰਦ ਜਿਨ੍ਹਾਂ 'ਚ ਬਹੁਤਾਤ ਕਿਸਾਨ ਫ਼ਿਰਕੇ ਦੀ ਐ, ਤੂਤ ਦੀਆਂ ਛਿਟੀਆਂ ਦੇ ਸੱਥਰ ਦੇ ਜਾਂਦੇ ਆ। ਦਿਹਾੜੀ ਦੇ ਕੋਈ ਤਿੰਨ ਟੋਕਰੇ ਤਿਆਰ ਕਰ ਦਿੰਨੈ। ਪ੍ਰਤੀ ਟੋਕਰਾ 200 ਰੁਪਏ ਦੇ ਹਿਸਾਬ ਚੰਗੀ ਦਿਹਾੜੀ ਬਣ ਜਾਂਦੀ ਹੈ। ਵੈਸੇ ਪ੍ਰਤੀ ਟੋਕਰਾ 250 ਅਤੇ ਛਾਬਾ 100 ਰੁਪਏ 'ਚ ਵੇਚਦੇ ਹਾਂ। ਧੀਆਂ ਪੁੱਤਰ ਸਭ ਵਿਆਹੇ ਵਰ੍ਹੇ ਨੇ। ਇਕ ਲਵੇਰੀ ਵੀ ਰੱਖੀ ਹੋਈ ਹੈ। ਕੁੱਝ ਦੁੱਧ ਵੀ ਵੇਚ ਲਈਦੈ, ਜਿਸ ਨਾਲ ਸਾਡੇ ਮੀਆਂ-ਬੀਵੀ ਦਾ ਗੁਜ਼ਾਰਾ ਵਧੀਆ ਚੱਲੀ ਜਾਂਦੈ। ਮੇਰਾ ਬਾਪ ਵੀ ਇਹੀ ਕੰਮ ਕਰਦਾ ਸੀ। ਮੈਂ ਉਸੇ ਤੋਂ ਕੰਮ ਸਿਖਿਆ। ਪੁਰਾਣੇ ਵੇਲਿਆਂ ਵਿਚ ਵਿਆਹਾਂ ਦੀ ਭਾਜੀ, ਘਰਦਾ ਨਿੱਕ-ਸੁੱਕ ਅਤੇ ਫ਼ਸਲੀ ਜਿਣਸਾਂ ਨੂੰ ਸਾਂਭਣ ਲਈ ਅਕਸਰ ਟੋਕਰਿਆਂ ਦੀ ਵਰਤੋਂ ਕੀਤੀ ਜਾਂਦੀ ਸੀ। ਪਰ ਹੁਣ ਅਫ਼ਸੋਸ ਕਿ ਘਾਟੇ ਦਾ ਸੌਦਾ ਜਾਣ ਕੇ ਮੇਰੇ ਕਿਸੇ ਪੁੱਤਰ ਨੇ ਅੱਗੋਂ ਇਹ ਕੰਮ ਨਹੀਂ ਅਪਣਾਇਆ। ਕਿਉਂ ਜੋ ਪਲਾਸਟਿਕ, ਐਲਮੂਨੀਅਮ ਦੇ ਬਰਤਣਾਂ ਨੇ ਕਾਫ਼ੀ ਹੱਦ ਤੱਕ ਟੋਕਰਿਆਂ ਦੀ ਜਗ੍ਹਾ ਲੈ ਲਈ ਐ। ਸੋ ਗਾਹਕ ਅਕਸਰ ਘੱਟ ਹੀ ਪੈਂਦੈ। ਪਿੰਡ 'ਚ ਇਹ ਕੰਮ ਹੋਰ ਕੋਈ ਨਹੀਂ ਕਰਦਾ। ਸੋ ਅਫ਼ਸੋਸ ਇਹ ਵੀ ਕਿ ਪਿੰਡ 'ਚ ਮੇਰੇ ਨਾਲ ਹੀ ਇਹ ਹੁਨਰ ਵੀ ਦਫ਼ਨ ਹੋ ਜਾਏਗਾ। ਅਜਿਹੀਆਂ ਵਿਰਾਸਤੀ ਦਸਤ ਕਲਾਵਾਂ ਨੂੰ ਬਰਕਰਾਰ ਰੱਖਣ ਲਈ, ਸਰਕਾਰ ਨੂੰ ਅਜਿਹੇ ਧੰਦਿਆਂ ਨੂੰ ਕੁਟੀਰ ਉਦਯੋਗ ਵਜੋਂ ਕੁੱਝ ਲਾਹੇਵੰਦ ਬਣਾਉਣ ਲਈ ਯਤਨ ਕਰਨਾ ਲੋੜੀਂਦਾ ਹੈ, ਤਾਂ ਕਿ ਇਹ ਹੁਨਰ ਅਣਆਈ ਮੌਤ ਨਾ ਮਰ ਜਾਏ ਕਿਤੇ।"

# ਭਗਤ ਨਾਮਦੇਵ ਜੀ ਤੇ ਦਰਜੀ ਸਿੱਖਾਂ ਦਾ ਇਤਿਹਾਸ ਤੇ ਗੋਤ

## ਮਾਘੀ ਮੇਲੇ ’ਤੇ ਵਿਸ਼ੇਸ਼

ਲੇਖਕ : ਬਲਜਿੰਦਰ ਸਿੰਘ ਸੇਖਾ

ਪੰਜਾਬ ਮੇਲ USA

ਸਿੱਖ ਧਰਮ ਵਿਚ ਖਾਲਸਾ ਪੰਥ ਦੀ ਸਾਜਨਾ ਤੋਂ ਬਾਅਦ ਸਭਨਾਂ ਨੂੰ ਬਰਾਬਰ ਦਾ ਹੱਕ ਮਿਲ ਗਿਆ। ਪਰ ਹੋਰਨਾਂ ਦੇ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਭਗਤਾਂ ਦੀ ਬਾਣੀ ਬਾਬਾ ਨਾਮਦੇਵ ਜੀ ਬਾਣੀ ਦਰਜ ਹੈ। ਹੱਥਲੇ ਲੇਖ ਵਿਚ ਉਨ੍ਹਾਂ ਦੇ ਜੀਵਨ ਤੇ ਮੰਨਣ ਵਾਲਿਆਂ ਦੀ ਅਹਿਮ ਤੇ ਸੰਖੇਪ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਆਉ ਇਸ ਦੇ ਉੱਪਰ ਪੰਛੀ ਝਾਤ ਪਾਈਏ।

### ਟਾਂਕ ਕਸ਼ੱਤਰੀ, ਜਾਤ ਇਤਿਹਾਸ :

ਛੀਂਬਾ ਸ਼ਬਦ ਸੰਸਕ੍ਰਿਤ ਦੇ ਸ਼ਬਦ ‘ਸ਼ਿਲਿਪਨ’ ਤੋਂ ਚੱਲਿਆ ਹੈ। ਪਹਿਲਾਂ ਪ੍ਰਾਕ੍ਰਿਤ ਵਿਚ ਛੀਪਾ ਤੇ ਫਿਰ ਪੰਜਾਬੀ ਵਿਚ ਛੀਂਬਾ। ਛੀਂਬੇ ਦਾ ਅਰਥ ਹੈ, ‘ਕੱਪੜੇ ਉੱਪਰ ਵੇਲ ਬੂਟੇ ਛਾਪਣ ਵਾਲਾ ਕਾਰੀਗਰ’। ਟਾਂਕ ਕਸ਼ੱਤਰੀ ਜਾਂ ਛੀਂਬਾ ਜਾਤ ਪੰਜਾਬ ਵਿਚ ਵੱਡੀ ਗਿਣਤੀ ਵਿਚ ਮਿਲਦੀ ਹੈ। ਇਨ੍ਹਾਂ ਨੂੰ ਦਰਜੀ ਵੀ ਕਹਿੰਦੇ ਹਨ ਕਿਉਂਕਿ ਇਹ ਕੱਪੜੇ ਸੀਉਣ ਦਾ ਕੰਮ ਵੀ ਕਰਦੇ ਹਨ ਅਤੇ ਪੰਜਾਬ ਵਿਚ ਜਿੰਨੇ ਵੀ ਪ੍ਰਸਿੱਧ ਦਰਜ਼ੀ ਹਨ, ਇਨ੍ਹਾਂ ਵਿਚੋਂ ਬਹੁਤੇ ਇਸ ਜਾਤ ਨਾਲ ਸੰਬੰਧਤ ਹਨ। ਇਨ੍ਹਾਂ ਵਿਚ ਮੁਸਲਮਾਨ ਹਿੰਦੂ ਤੇ ਸਿੱਖ ਵੀ ਹਨ। ਭਾਰਤ ਦੇ ਉੱਤਰ ਪ੍ਰਦੇਸ਼, ਹਰਿਆਣਾ, ਮਹਾਂਰਾਸ਼ਟਰ ਪਾਕਿਸਤਾਨ ਵਿਚ ਲਾਹੌਰ ਅਤੇ ਇਸਦੇ ਪੱਛਮ ਵਿਚ ਪੈਂਦੇ ਜ਼ਿਲ੍ਹਿਆਂ ਵਿਚ ਇਨ੍ਹਾਂ ਨੂੰ ਧੋਬੀ ਵੀ ਕਹਿੰਦੇ ਹਨ। ਧੋਬੀ ਨੂੰ ਸੰਸਕ੍ਰਿਤ ਵਿਚ ਧਾਵਕ ਅਰਥਾਤ ਕੱਪੜੇ ਧੋਣ ਵਾਲਾ ਕਿਹਾ ਗਿਆ ਹੈ। ਪਾਕਿਸਤਾਨ ਦੇ ਡੇਰਾ ਜਾਤ ਖੇਤਰ (ਡੇਰਾ ਗ਼ਾਜ਼ੀ ਖਾਂ ਅਤੇ ਡੇਰਾ ਇਸਮਾਈਲ ਖਾਂ ਆਦਿ) ਅਤੇ ਮੁਲਤਾਨ ਵਿਚ ਇਨ੍ਹਾਂ ਨੂੰ ਚਰਹੋਆ ਕਿਹਾ ਜਾਂਦਾ ਹੈ। ਚਰਹੋਆ ਵਿਚੋਂ ਕਈ ਜੱਟ ਹਨ। ਇਨ੍ਹਾਂ ਨੂੰ ਕਈ ਥਾਈਂ ਰੰਗਰੇਜ਼ ਜਾਂ ਲਲਾਰੀ ਵੀ ਕਹਿੰਦੇ ਹਨ। ਰੰਗਰੇਜ਼ ਫ਼ਾਰਸੀ ਦਾ ਸ਼ਬਦ ਹੈ, ਜਿਸਦਾ ਅਰਥ ਕੱਪੜੇ ‘ਰੰਗਣ ਵਾਲਾ’ ਹੈ। ਧੋਬੀਆਂ ਦੀ ਥਾਂ ਡਰਾਈਕਲੀਨਰਜ਼ ਨੇ ਲੈ ਲਈ ਹੈ ਤੇ ਇਹ ਧੰਦਾ ਬਹੁਤ ਲਾਹੇਵੰਦ ਸਾਬਤ ਹੋਇਆ ਹੈ। ਪੰਜਾਬ ਦੇ ਮਸ਼ਹੂਰ ਡਰਾਈਕਲੀਨਰਜ਼ ਲਗਭਗ 80% ਇਸੇ ਜਾਤ ਦੇ ਹਨ ਅਤੇ ਕਿਤੇ-ਕਿਤੇ ਇਹ ਧੰਦਾ ਹੋਰ ਜਾਤਾਂ ਨੇ ਵੀ ਅਪਣਾ ਲਿਆ ਹੈ। ਕਪੂਰਥਲੇ ਦੇ ਹਿੰਦੂ ਧੋਬੀ ਕਹਿੰਦੇ ਹਨ ਕਿ ਉਹ ਉੱਤਰ ਪ੍ਰਦੇਸ਼ ਤੋਂ ਆਏ ਹਨ। ਛੀਂਬੇ, ਚਿੱਟੀਆਂ ਸੂਤੀ ਚਾਦਰਾਂ ਉਪਰ ਛਪਾਈ (ਠੇਕਣ) ਦਾ ਕੰਮ ਬਹੁਤ ਵਧੀਆ ਕਰਦੇ ਹਨ। ਸੁਲਤਾਨਪੁਰ ਲੋਧੀ ਦੇ ਛੀਂਬੇ ਇਸ ਕੰਮ ਵਿਚ ਬੜੇ ਮਾਹਿਰ ਸਨ ਅਤੇ ਦੇਸ਼ ਦੀ ਵੰਡ ਤੋਂ ਪਹਿਲਾਂ ਇਹ ਠੇਕੀਆਂ ਚਾਦਰਾਂ ਅਤੇ ਗਲੀਚੇ ਬਾਹਰਲੇ ਦੇਸ਼ਾਂ ਨੂੰ ਨਿਰਯਾਤ ਕੀਤੇ ਸਨ। ਇਸ ਜਾਤ ਦੇ ਲੋਕ ਟਾਂਕ ਕਸ਼ੱਤਰੀ ਕਹਾਉਣਾ ਪਸੰਦ ਕਰਦੇ ਹਨ, ਕਿਉਂਕਿ ਇਹ ਪ੍ਰਾਚੀਨ ਸਮੇਂ ਦੇ ਕਸ਼ੱਤਰੀ ਹਨ। ਦਰਅਸਲ ਇਹ ਜਾਤ ਕਿੱਤਾ-ਮੁਖੀ ਹੈ ਅਤੇ ਇਸਨੂੰ ਹੋਰ ਕਿੱਤਾ-ਮੁਖੀ ਜਾਤਾਂ ਨਾਲੋਂ ਅੱਡ ਕਰਕੇ ਨਹੀਂ ਵੇਖਿਆ ਜਾ ਸਕਦਾ। ਇਨ੍ਹਾਂ ਦੇ ਗੋਤ ਬ੍ਰਾਹਮਣਾਂ, ਕਸ਼ੱਤਰੀਆਂ (ਖੱਤਰੀਆਂ), ਜੱਟਾਂ, ਕੰਬੋਜਾਂ ਆਦਿ ਹੋਰ ਜਾਤਾਂ ਨਾਲ ਮਿਲਦੇ ਹਨ, ਜਿਸ ਕਰਕੇ ਇਨ੍ਹਾਂ ਦਾ ਮੂਲ ਇਨ੍ਹਾਂ ਜਾਤਾਂ ਦੇ ਲੋਕਾਂ ਵਿਚੋਂ ਹੀ ਹੈ। ਅੱਜ ਤੋਂ ਚਾਲੀ, ਪੰਜਾਹ ਸਾਲ ਪਹਿਲਾਂ ਪਿੰਡਾਂ ਵਿਚ ਇਹ ਆਪਣੇ ਕੀਤੇ ਕੰਮ ਬਦਲੇ ਹਰ ਫਸਲ ’ਤੇ ਨੀਯਤ ਕੀਤਾ ਹੋਇਆ ਹਿੱਸਾ ਲੈਂਦੇ ਸਨ, ਜਿਸਨੂੰ ‘ਸੇਪ’ ਕਿਹਾ ਜਾਂਦਾ ਸੀ। ਸ਼ਹਿਰਾਂ ਵਿਚ ਪੈਸੇ ਲੈ ਕੇ ਕੰਮ ਕੀਤਾ ਜਾਂਦਾ ਸੀ। ਇਸ ਜਾਤ ਦੇ ਲੋਕ ਖੇਤੀ ਕਰਦੇ ਵੀ ਵੇਖੇ ਜਾਂਦੇ ਹਨ, ਖਾਸ ਕਰਕੇ ਪੰਜਾਬ ਅਤੇ ਹਰਿਆਣੇ ਵਿਚ। ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਾਜੇ ਹੋਏ ਪੰਜ ਪਿਆਰਿਆਂ ਵਿਚੋਂ ਮਹਾਨ ਸਿੱਖ ਭਾਈ ਮੁਹਕਮ ਸਿੰਘ ਜੀ (ਭਾਈ ਠਾਕਰ ਸਿੰਘ, ‘ਗੁਰਦੁਆਰੇ ਦਰਸ਼ਨ’ ਅਨੁਸਾਰ ਬੂੜੀਏ ਪਿੰਡ ਦੇ ਰਹਿਣ ਵਾਲੇ, ਜਨਮ 22 ਜੇਠ ਸੰਮਤ 1733 ਬਿ:, ਭਾਈ ਮੰਗਲ ਸਿੰਘ ਅਨੁਸਾਰ, ਦਵਾਰਕਾ ਦੇ ਰਹਿਣ ਵਾਲੇ ਜਨਮ 1720 ਬਿ:)—(ਮਹਾਨਕੋਸ਼ ਪੰ. 792) ਗੁਰੂ ਕੇ ਬਾਗ਼ ਦੇ ਅਕਾਲੀ ਮੋਰਚੇ ਸਮੇਂ ਅੰਮ੍ਰਿਤਸਰ ਤੋਂ ਜ਼ਖਮੀਆਂ ਦੀ ਭਰੀ ਗੱਡੀ ਨੂੰ ਅਟਕ ਜੇਲ੍ਹ ਵਿਚ ਲਿਜਾਂਦੇ ਹੋਏ ਪੰਜਾ ਸਾਹਿਬ ਗੱਡੀ ਰੋਕਣ ਵਾਲੇ ਸ਼ਹੀਦ ਭਾਈ ਕਰਮ ਸਿੰਘ ਜੀ ਇਸੇ ਭਾਈਚਾਰੇ ਨਾਲ ਸੰਬੰਧਤ ਸਨ। ਇਸ ਭਾਈਚਾਰੇ ਵਿਚ ਭਗਤ ਨਾਮਦੇਵ ਜੀ (1272-1356 ਈ.) ਹੋਏ ਹਨ, ਜੋ ਪੂਰਨ ਬ੍ਰਹਮਗਿਆਨੀ ਸਨ। ਉਨ੍ਹਾਂ ਦਾ ਜਨਮ ਮਹਾਰਾਸ਼ਟਰ ਵਿਚ ਸਤਾਰਾ ਜ਼ਿਲ੍ਹੇ ਦੇ ਪਿੰਡ ਨਰਸੀਬਾਮਨੀ ਵਿਚ ਹੋਇਆ। ਆਪ ਪੰਜਾਬ ਵਿਚ ਵੀ ਆਏ ਅਤੇ ਇਨ੍ਹਾਂ ਦੀ ਆਮਦ ਦੀ ਯਾਦ ਵਿਚ ਪਿੰਡ ਘੁੰਮਾਣ ਜ਼ਿਲ੍ਹਾ ਗੁਰਦਾਸਪੁਰ ਵਿਚ, ਇਕ ਗੁਰਦੁਆਰਾ ਹੈ, ਜਿਸਨੂੰ ਸਭ ਤੋਂ ਪਹਿਲਾਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਬਣਾਇਆ ਸੀ। ਇਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਭਾਈਚਾਰੇ ਦੇ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਰਧਾ ਰੱਖਦੇ ਹਨ। ਇਹ ਨਾਂ ਦੇ ਬਹੁਤੇ ਜੱਟ ਸਿੱਖ ਭਾਈਚਾਰੇ ਵਾਲੇ ਹੀ ਹਨ। ਇਸ ਭਾਈਚਾਰੇ ਵਿਚ, ਭਾਈ ਸੰਤੋਖ ਸਿੰਘ (1789-1844 ਈ.) ਜਿਨ੍ਹਾਂ ‘ਗੁਰੂ ਨਾਨਕ ਪ੍ਰਕਾਸ਼’ ਜਪੁਜੀ ਦਾ ਟੀਕਾ ‘ਗਰਬ ਗੰਜਨੀ’ ਅਤੇ ‘ਗੁਰਪ੍ਰਤਾਪ ਸੂਰਯ’ ਆਦਿ ਨਾਂ ਦੇ ਗ੍ਰੰਥ ਲਿਖੇ, ਇਕ ਮਹਾਨ ਕਵੀ ਹੋਏ ਹਨ। ਪ੍ਰਸਿੱਧ ਲੇਖਕ ਡਾਕਟਰ ਸਤਿੰਦਰ ਸਿੰਘ ਨੂਰ ਦਿੱਲੀ, ਕਵੀ ਸਵਰਗੀ ਐੱਸ.ਐੱਸ. ਮੀਸ਼ਾ, ਸ. ਪਿਆਰਾ ਸਿੰਘ ਪਦਮ, ਪ੍ਰਸਿੱਧ ਲੇਖਕ ਸੰਤੋਖ ਸਿੰਘ ਧੀਰ, ਨਿਰੰਜਣ ਸਿੰਘ ਤਸਨੀਮ, ਕਰਮਜੀਤ ਸਿੰਘ, ਪਿਆਰਾ ਸਿੰਘ ਦਿੱਲੀ, ਪੰਜਾਬੀ ਟ੍ਰਿਬਿਊਨ ਦੇ ਸਾਬਕਾ ਐਡੀਟਰ ਅਤੇ ਲੇਖਕ ਸਵ. ਹਰਭਜਨ ਸਿੰਘ ਹਲਵਾਰਵੀ, ਸਵ. ਡਾ. ਪਿਆਰ ਸਿੰਘ, ਡਾ. ਠਾਕਰ ਭਾਰਤੀ, ਡਾ. ਮੋਹਨਜੀਤ, ਡਾ. ਹਰਨੇਕ ਸਿੰਘ ਕੋਮਲ, ਉਰਦੂ ਦੇ ਨਾਮਵਰ ਕਵੀ ਪੂਰਨ ਸਿੰਘ ਹੁਨਰ, ਚਰਚਿਤ ਕਹਾਣੀ ਲੇਖਕਾ ਬਚਿੰਤ ਕੌਰ, ਲੇਖਕ ਗੁਰਮੀਤ ਪਲਾਹੀ, ਪ੍ਰਸਿੱਧ ਢਾਡੀ ਦਯਾ ਸਿੰਘ ਦਿਲਬਰ, ਡਾਕਟਰ ਮਾਨ ਸਿੰਘ ਅੰਮ੍ਰਿਤਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ. ਕਵੀ ਹਰਭਜਨ ਸਿੰਘ ਹਾਮੀ, ਕੁਲਦੀਪ ਸਿੰਘ ਬੇਦੀ, ਸੁਖਵੰਤ ਪੱਟੀ ਗ਼ਜ਼ਲਗੋ ਆਦਿ ਦੇ ਨਾਂ ਵਰਣਨਯੋਗ ਹਨ। ਫਰੀਦਕੋਟ ਤੋਂ ਸ. ਮਿਹਰ ਸਿੰਘ ਅਤੇ ਹਰਦੇਵ ਸਿੰਘ ਅਰਸ਼ੀ (ਬੁੱਢਲਾਡਾ) ਐੱਮ.ਐੱਲ.ਏ. ਰਹਿ ਚੁੱਕੇ ਹਨ। ਨੈਸ਼ਨਲ ਕ੍ਰਿਕਟਰ ਸ: ਰਾਜਿੰਦਰ ਸਿੰਘ ਘਈ (ਬਲਿਊ ਸਟਾਰ ਟੇਲਰਜ਼, ਜਲੰਧਰ), ਸ. ਹਰਜੀਤ ਸਿੰਘ ਜੋਤੀ ਇੰਟਰਨੈਸ਼ਨਲ ਹਾਕੀ ਖਿਡਾਰੀ, ਪ੍ਰਸਿੱਧ ਕਾਨੂੰਨਦਾਨ ਸ. ਹਰਬੰਸ ਸਿੰਘ ਦੁਆਬੀਆ ਸਾਬਕਾ ਐਡਵੋਕੇਟ ਜਨਰਲ ਪੰਜਾਬ, ਟਾਂਕ ਕਸ਼ਤਰੀ ਹਨ। ਜਲੰਧਰ ਦੇ ਸ. ਹਰਦਿਆਲ ਸਿੰਘ ਬੋਕੀ, ਜੱਸਲ ਇੰਜੀਨੀਅਰਜ਼ ਲੁਧਿਆਣਾ, ਨੈਸ਼ਨਲ ਕੈਮੀਕਲਜ਼ ਦਿੱਲੀ ਆਦਿ ਸਨਅਤਕਾਰ ਹਨ। ਦੇਵ ਚਿੱਤਰਕਾਰ ਤੇ ਹੋਰ ਵੀ ਅਨੇਕ ਲੋਕ ਹਨ। ਟਾਂਕ ਕਸ਼ੱਤਰੀ ਭਾਈਚਾਰੇ ਵਿਚ ਬੜੇ ਪੜ੍ਹੇ-ਲਿਖੇ ਲੋਕ ਹਨ। ਵੱਡੇ-ਵੱਡੇ ਅਫ਼ਸਰ ਹਨ। ਹਿੰਦੂ ਟਾਂਕ-ਕਸ਼ੱਤਰੀ ਲੋਕ, ਹਿੰਦੂ ਧਰਮ ਦੀਆਂ ਰਹੁ-ਰੀਤਾਂ ਦੇ ਧਾਰਨੀ ਹਨ, ਜਦਕਿ ਦਰਜੀ ਸਿੱਖ ਛੀਂਬੇ ਸਿੱਖ ਧਰਮ ਦੀਆਂ ਰਹੁ-ਰੀਤਾਂ ਦੇ। 1881 ਈ. ਦੀ ਮਰਦਮਸ਼ੁਮਾਰੀ ਵਿਚ ਕਈਆਂ ਨੇ ਧੋਬੀ, ਛੀਂਬੇ, ਰੰਗਰੇਜ਼, ਲਲਾਰੀ, ਚਰੋਆ ਅਤੇ ਦਰਜ਼ੀ ਲਿਖਵਾਇਆ ਸੀ ਅਤੇ ਇਨ੍ਹਾਂ ਦੀ ਕ੍ਰਮਵਾਰ ਸੰਖਿਆ 133215, 103491, 5060, 27699, 34591 ਅਤੇ 32463 ਸੀ।



**ਟਾਂਕ ਕਸ਼ੱਤਰੀ/ ਦਰਜੀ ਸਿੱਖ/ ਛੀਬਾਂ ਭਾਈਚਾਰੇ ਦੇ ਗੋਤ**

**ਉਨ ਅਸਪਾਲ ਅਤਰੀ** : ਇਹ ਗੋਤ ਬ੍ਰਾਹਮਣਾਂ ਦਾ ਵੀ ਹੈ। ਅਚਿੰਤ /ਅਖਤਰ ਅਜੀਮਲ ਅਰਸ਼ੀ ਅਗੋਰੋਇਆ ਔਲਖ : ਇਹ ਗੋਤ ਜੱਟਾਂ ਵਿਚ ਵੀ ਮਿਲਦਾ ਹੈ। ਅਗਰੈ, ਅਕਥਰਾ, ਆਨੰਦ : ਇਹ ਇਕ ਖੱਤਰੀ ਜਾਤ ਵੀ ਹੈ। ਸਾਰਾ, ਸਰਾਂ, ਸਰਾ : ਇਹ ਗੋਤ ਜੱਟਾਂ ਦਾ ਵੀ ਹੈ। ਸੇਠੀ : ਇਹ ਗੋਤ ਅਰੋੜਿਆਂ ਅਤੇ ਖੱਤਰੀਆਂ ਵਿਚ ਵੀ ਮਿਲਦਾ ਹੈ। ਸੰਦਲ : ਇਹ ਗੋਤ ਜੱਟਾਂ ਅਤੇ ਬ੍ਰਾਹਮਣਾਂ ਵਿਚ ਵੀ ਮਿਲਦਾ ਹੈ। ਸਰਨ /ਸਰਪਾਲ ਸਰਾਓ : ਇਹ ਗੋਤ ਜੱਟਾਂ ਵਿਚ ਵੀ ਮਿਲਦਾ ਹੈ। ਸੈਹਸੀ ਸਹਿਗਲ : ਇਹ ਖੱਤਰੀਆਂ ਦਾ ਗੋਤ ਵੀ ਹੈ। ਸੱਪਲ ਜਾਂ ਸਿੱਪਲ ਸਾਰਲੀ /ਸ਼ਰਨ ਸੂਰੀ : ਇਹ ਖੱਤਰੀ ਭਾਈਚਾਰੇ ਵੀ ਗੋਤ ਮਿਲਦਾ ਹੈ। ਸੰਧੂ : ਇਹ ਗੋਤ ਜੱਟਾਂ, ਮਜ਼੍ਹਬੀਆਂ, ਰਵਿਦਾਸੀਆਂ, ਮੋਚੀਆਂ ਅਤੇ ਕਈ ਹੋਰ ਜਾਤਾਂ ਵਿਚ ਵੀ ਮਿਲਦਾ ਹੈ। ਸੰਖਰ, ਧਤਲ, ਸੰਗਾਰੀ ਸੱਗੂ : ਇਹ ਗੋਤ ਜੱਟਾਂ ਅਤੇ ਰਾਮਗੜ੍ਹੀਆਂ ਵਿਚ ਵੀ ਮਿਲਦਾ ਹੈ। ਸਰਮਾਲ, ਸੰਗਾ ਸੰਸਰਾ ਸਾਰਲੀ ਸੋਲੰਕੀ : ਇਹ ਗੁਜਰਾਤ ਦੇ ਰਾਜਪੂਤਾਂ ਦਾ ਗੋਤ ਹੈ। ਹਰੜ, ਹਲਣ, ਹਰਸ : ਇਹ ਗੋਤ ਬ੍ਰਾਹਮਣਾਂ ਤੇ ਕੰਬੋਜਾਂ ਵਿਚ ਮਿਲਦਾ ਹੈ। ਕਰੀਰ ਕੈਂਥ : ਇਹ ਗੋਤ ਜੱਟਾਂ ਅਤੇ ਰਵਿਦਾਸੀਆਂ ਵਿਚ ਮਿਲਦਾ ਹੈ। ਕੈਂਬੇ ਜਾਂ ਕੰਬੋ : ਕੰਬੋਜ ਭਾਈਚਾਰੇ ਦੇ ਲੋਕਾਂ ਨੂੰ ਵੀ ਆਮ ਭਾਸ਼ਾ ਵਿਚ ਕੰਬੋਅ ਕਿਹਾ ਜਾਂਦਾ ਹੈ, ਸ਼ਾਇਦ ਇਸ ਗੋਤ ਦੇ ਲੋਕ ਕੰਬੋਜ ਮੂਲ ਦੇ ਹੋਣ। ਕਨੌਂਜੀਆ : ਇਨ੍ਹਾਂ ਦਾ ਸੰਬੰਧ ਕਨੌਜ ਨਾਲ ਹੈ ਅਤੇ ਇਹ ਸਥਾਨ ਵਾਚਕ ਗੋਤ ਹੈ। ਕੋਹਾਂਸ, ਕੇਰ, ਕੈਸ਼ਪ : ਇਹ ਗੋਤ ਝੀਉਰਾਂ, ਬ੍ਰਾਹਮਣਾਂ ਅਤੇ ਦਲਿਤਾਂ ਵਿਚ ਵੀ ਮਿਲਦਾ ਹੈ। ਕੋਹਾਨਾ, ਕੁਰੀ ਕਰਮਾ ਕਤਾਲ ਕੌਸ਼ਲ : ਇਹ ਬ੍ਰਾਹਮਣਾਂ, ਖੱਤਰੀਆਂ ਦਾ ਵੀ ਗੋਤ ਹੈ। ਕੰਬੋਜਾਂ ਦਾ ਇਕ ਗੋਤ ਕੋਂਸਲੇ ਵੀ ਹੈ। ਕੁਆਸੀਏ, ਕੋਕਚਾ, ਖੁਰਮੇ, ਖੜਪਾਲ ਖੋਖਰ : ਇਹ ਇਕ ਵੱਖਰੀ ਜਾਤ ਵੀ ਹੈ। ਇਹ ਗੋਤ ਜੱਟਾਂ, ਕੰਬੋਜਾਂ, ਰਾਜਪੂਤਾਂ, ਨਾਈਆਂ, ਰਾਮਗੜ੍ਹੀਆਂ ਤੇ ਹੋਰ ਜਾਤਾਂ ਵਿਚ ਮਿਲਦਾ ਹੈ। ਖਰਪਾਲ ਗਾਂਧੀ : ਇਹ ਗੋਤ ਜੱਟਾਂ, ਕੰਬੋਜਾਂ, ਰਾਮਗੜ੍ਹੀਆਂ, ਰਾਜਪੂਤਾਂ, ਅਰੋੜਿਆਂ ਤੇ ਪਾਰਸੀਆਂ ਦਾ ਵੀ ਹੈ। ਗਾਂਜੇ, ਗੋਸਵਾਮੀ : ਇਹ ਬ੍ਰਾਹਮਣਾਂ ਦਾ ਗੋਤ ਵੀ ਹੈ। ਗੁਰੂ : ਇਹ ਰਵਿਦਾਸੀਆਂ ਦਾ ਗੋਤ ਵੀ ਹੈ। ਗਲਰੀ, ਗਲੰਜਰ ਘੁੰਗਰੂ ਗਰਚਾ : ਇਹ ਗੋਤ ਜੱਟਾਂ ਦਾ ਵੀ ਹੈ। ਘਈ : ਇਹ ਗੋਤ ਅਰੋੜਿਆਂ ਦਾ ਵੀ ਹੈ। ਚਾਹਲ : ਇਹ ਗੋਤ ਜੱਟਾਂ ਅਤੇ ਰਾਮਗੜ੍ਹੀਆਂ ਦਾ ਵੀ ਹੈ। ਚਾਵਲਾ : ਇਹ ਗੋਤ ਅਰੋੜਿਆਂ ਦਾ ਹੈ। ਚੋਹਾਨ : ਇਹ ਗੋਤ ਰਾਜਪੂਤਾਂ, ਜੱਟਾਂ ਆਦਿ ਕਈ ਜਾਤਾਂ ਵਿਚ ਮਿਲਦਾ ਹੈ। ਜੰਝੂਆ : ਇਹ ਗੋਤ ਜੱਟਾਂ ਅਤੇ ਰਾਜਪੂਤਾਂ ਆਦਿ ਕਈ ਜਾਤਾਂ ਵਿਚ ਮਿਲਦਾ ਹੈ। ਜੱਸਲ ਜਸਵਾਲ : ਇਹ ਗੋਤ ਰਾਜਪੂਤਾਂ ਵਿਚ ਮਿਲਦਾ ਹੈ। ਜਸਪਾਲ - ਟੈਗੋਰ ਟੋਹਾਨੀ ਡੈਡ ਢੋਕਲ ਢੁਏ ਤੁਹਾਨੀ ਤਗੜ ਤਾਹਿਮ : ਇਹ ਰਾਜਪੂਤ ਗੋਤ ਵੀ ਹੈ। ਤੇਹਨ : ਇਹ ਖੱਤਰੀਆਂ ਦਾ ਗੋਤ ਵੀ ਹੈ। ਤੇਜੀ, ਤੁੰਗੜ, ਤੋਖੀ, ਤਿਹਾਰੀਆ ਥੰਡੇ ਥਰੀਆ ਬੂਏ ਦੱਗਾ ਦੇਗਲ ਦੇਸਲੀ : ਇਹ ਗੋਤ ਗੁਰਦਾਸਪੁਰ ਵਿਚ ਮਿਲਦਾ ਹੈ। ਧਾਮੀ : ਇਹ ਜੱਟਾਂ ਦਾ ਵੀ ਗੋਤ ਹੈ। ਧੀਰ : ਇਹ ਖੱਤਰੀਆਂ ਦਾ ਵੀ ਗੋਤ ਹੈ। ਧਵਨ : ਇਹ ਖੱਤਰੀਆਂ, ਰਾਮਗੜ੍ਹੀਆਂ ਦਾ ਵੀ ਗੋਤ ਹੈ। ਧੰਦਲ ਨਿੱਝਰ : ਇਹ ਗੋਤ, ਜੱਟਾਂ ਅਤੇ ਸੁਨਿਆਰਿਆਂ ਦਾ ਵੀ ਹੈ। ਨਾਗੀ : ਇਹ ਰਾਮਗੜ੍ਹੀਆਂ ਦਾ ਵੀ ਗੋਤ ਹੈ। ਨਾਗਪਾਲ : ਇਹ ਕੰਬੋਜਾਂ ਅਤੇ ਅਰੋੜਿਆਂ ਦਾ ਵੀ ਗੋਤ ਹੈ। ਪੁਰਬਾ, ਪੂਰੀ : ਇਹ ਖੱਤਰੀਆਂ ਦਾ ਵੀ ਗੋਤ ਹੈ। ਪਤਰਾਏ ਪੂਰੇਵਾਲ : ਇਹ ਜੱਟਾਂ ਦਾ ਵੀ ਗੋਤ ਹੈ। ਪਤਿਆਲ : ਇਹ ਰਾਜਪੂਤਾਂ ਦਾ ਵੀ ਗੋਤ ਹੈ। ਪੱਤੀ ਪੰਵਾਰ : ਇਹ ਜੱਟਾਂ ਤੇ ਰਾਜਪੂਤਾਂ ਦਾ ਵੀ ਗੋਤ ਹੈ। ਪਰਮਾਹਾ, ਫਰਮਾਹੇ, ਫਰਵਾਹੇ ਬੇਦੀ : ਇਹ ਖੱਤਰੀਆਂ ਦਾ ਵੀ ਗੋਤ ਹੈ। ਵੱਟੂ ਜੈਦ ਬਬਰਾ ਬਸਰਾ : ਇਹ ਜੱਟ ਗੋਤ ਵਿਚ ਵੀ ਹੈ। ਬਾਗੜੀਆ : ਬਾਗੜ ਖੇਤਰ ਵਿਚ ਰਹਿਣ ਵਾਲੇ ਨੂੰ ਕਹਿੰਦੇ ਹਨ। ਭੱਲਾ ਬਹਿਲ : ਇਹ ਖੱਤਰੀਆਂ ਦਾ ਗੋਤ ਵੀ ਹੈ ਬਜਰੀਆ ਬਾਵਾ : ਇਹ ਭੱਲੇ ਖੱਤਰੀਆਂ ਦੀ ਅੱਲ ਹੈ। ਬੈਂਸ : ਇਹ ਜੱਟਾਂ ਦਾ ਵੀ ਗੋਤ ਹੈ। ਭਾਰਦਵਾਜ : ਇਕ ਬ੍ਰਾਹਮਣ ਵੰਸ਼ ਵੀ ਹੈ। ਭਾਰਦਵਾਜ ਟਾਂਕ ਕਸ਼ੱਤਰੀ ਗੁਰਦਾਸਪੁਰ ਵਿਚ ਮਿਲਦੇ ਹਨ। ਭੋਲਾ, ਭਲਮ ਭੱਟ : ਸੰਭਵ ਹੈ ਕਿ ਇਹ ਬ੍ਰਾਹਮਣ ਮੂਲ ਦਾ ਗੋਤ ਹੋਵੇ। ਟਿਵਾਣਾ -ਇਹ ਗੋਤ ਵੀ ਜੱਟ ਸਿੱਖਾਂ ਵਿਚ ਮਿਲਦਾ ਹੈ। ਪੁਰਬਾ, ਦੇਦ ਢੇਲਡੀ ਢਿੱਲੋਂ ਭੱਟੀ : ਇਹ ਰਾਜਪੂਤਾਂ, ਜੱਟਾਂ, ਰਾਮਗੜੀਆਂ, ਦਲਿਤਾਂ ਵਿਚ ਵੀ ਗੋਤ ਮਿਲਦਾ ਹੈ। ਮਿਨਹਾਸ : ਇਹ ਰਾਜਪੂਤ, ਜੱਟਾਂ ਅਤੇ ਮਹਿਤੋਆਂ ਦਾ ਗੋਤ ਹੈ। ਮੋਛੀ/ਮੋਚੀ : ਇਹ ਗੰਗਾਨਗਰ ਦੇ ਜ਼ਿਲ੍ਹੇ ਵਿਚ ਮਿਲਦੇ ਹਨ। ਮਲਹਾਰੀ, ਮੋਹਲ, ਮੰਗੇਰ ਮਹਿਮਲ ਮਲਹਾਰ ਮੌਖੜ ਮੋਹਰ ਮੁਕਰ ਮਾਨ : ਇਹ ਜੱਟਾਂ ਤੇ ਰਾਮਗੜੀਆਂ ਦਾ ਗੋਤ ਵੀ ਹੈ। ਮਗੀਆ, ਮਾਰਵਾਇਰ ਮਲਨਹੰਸ : ਇਹ ਗੋਤ ਰਾਜਪੂਤਾਂ ਦਾ ਵੀ ਹੈ। ਰਾਏ : ਇਹ ਜੱਟਾਂ ਦਾ ਗੋਤ ਹੈ ਅਤੇ ਇਕ ਵੱਖਰੀ ਜਾਤ ਵੀ ਹੈ। ਰੁਹੀਲਾ ਰਪਰਾ ਰਿਸ਼ੀਰਾਜ ਰਿਖਰਾਏ ਰਾਨੋ ਰਾਣੇ ਰਿਸ਼ੀ ਰਹਿਲੇ ਰੋਲੇ ਰਾਜਪਾਲ : ਇਹ ਅਰੋੜਿਆਂ ਦਾ ਵੀ ਗੋਤ ਹੈ। ਰੂਪਾ ਰਿਥਰੀ ਰਥਰਾ ਰਖਰਾ ਰਤਨ ਲਕਮਰਾ ਲਾਰਲੀ ਲਿਪਲ ਵੀਰਮਾਲ ਵਸੀਰ : ਇਹ ਗੋਤ ਰਾਮਗੜ੍ਹੀਆਂ ਵਿਚ ਵੀ ਮਿਲਦਾ ਹੈ। ਵਾਸੀ ਵਿਠਲ : ਮਹਾਰਾਸ਼ਟਰ ਵਿਚ ਪਟੇਲਾਂ ਨੂੰ ਕਹਿੰਦੇ ਹਨ। ਇਸ ਤੋਂ ਇਲਾਵਾ ਇਨ੍ਹਾਂ ਵਿਚ ਚੌਧਰੀ ਰਿਖੀ ਰਖਰਾ ਸਿੱਧੂ ਮੰਘੇੜਾ ਵਰਿਆਹ ਘਈ, ਮੂਕਰ ਆਦਿ ਵੀ ਇਸ ਭਾਈਚਾਰੇ ਵਿਚ ਪਾਏ ਜਾਂਦੇ ਹਨ। ਵਰਮਾ : ਹਰਿਆਣੇ ਵਿਚ ਜਾਟ, ਹਿੰਦੂ ਕੰਬੋਜ, ਪੰਜਾਬ ਦੇ ਸੁਨਿਆਰੇ ਵੀ ਆਪਣੇ ਨਾਲ ਕਸ਼ੱਤਰੀ ਪਦ ਵਰਮਾ ਲਿਖਦੇ ਹਨ।

## "ਧੀਆਂ ਹਨ ਮਿਸ਼ਰੀ ਦੀਆਂ ਡਲੀਆਂ"

ਧੀਆਂ ਹਨ ਮਿਸ਼ਰੀ ਦੀਆਂ ਡਲੀਆਂ ਤੇ ਪੁੱਤ ਮਿੱਠੜੇ ਮੇਵੇ
ਔਲਾਦ ਦੇ ਨਾਲ ਸੁਲੱਖਣੀਆਂ ਕੁੱਖਾਂ ਰੱਬ ਸਭਨਾਂ ਨੂੰ ਦੇਵੇ
ਪੁੱਤਰਾਂ ਵਾਂਗੂੰ ਧੀਆਂ ਦੀ ਵੀ ਲੋਹੜੀ ਅੱਜ ਮਨਾਈਏ।
ਧੀਆਂ ਤੇ ਪੁੱਤ ਇੱਕ ਬਰਾਬਰ ਦੁਨੀਆਂ ਨੂੰ ਸਮਝਾਈਏ।

ਮਾਪਿਆਂ ਦੀ ਪੁੱਤ ਬਨਣ ਡੰਗੋਰੀ ਧੀਆਂ ਦੁੱਖ ਵੰਡਾਵਣ
ਬਾਬਲ ਦਾ ਰਹੇ ਵਸਦਾ ਵੇਹੜਾ ਵੀਰ ਦੀ ਸੁੱਖ ਮਨਾਵਣ
ਘਰ ਆਈ ਇਹ ਲਛਮੀ ਤਾਈਂ ਦਰ ਤੋਂ ਨਾਂ ਠੁਕਰਾਈਏ।
ਧੀਆਂ ਤੇ ਪੁੱਤ... ... ...।

ਭੈਣ ਹੋਵੇ ਜਾਂ ਭਾਈ ਲੋਕੋ ਇੱਕੋ ਮਾਂ ਦੇ ਜਾਏ
ਬਾਪੂ ਨੇ ਮੋਢਿਆਂ 'ਤੇ ਚੁੱਕ ਕੇ ਕਿੰਨੇ ਲਾਡ ਲਡਾਏ
ਦੋਵਾਂ ਨੂੰ ਬੁੱਕਲ਼ ਵਿਚ ਲੈ ਕੇ ਗੀਤ ਗੁਰਾਂ ਦੇ ਗਾਈਏ।
ਧੀਆਂ ਤੇ ਪੁੱਤ... ... ...।

ਮੁੰਡੇ ਬਣੇ ਪ੍ਰਾਈਮ-ਮਨਿਸਟਰ, ਰਾਸ਼ਟਰਪਤੀ ਨੇ ਕੁੜੀਆਂ
ਦੇਸ਼ ਦੀ ਰਾਖੀ ਕਰਨ ਵਾਸਤੇ ਸਰਹੱਦਾਂ 'ਤੇ ਵੀ ਖੜ੍ਹੀਆਂ
ਪੁੱਤਰਾਂ ਵਾਂਗੂੰ ਧੀਆਂ ਨੂੰ ਵੀ ਵੱਧ ਤੋਂ ਵੱਧ ਪੜ੍ਹਾਈਏ।
ਧੀਆਂ ਤੇ ਪੁੱਤ... ... ...।

ਕੁੱਖਾਂ ਦੇ ਵਿਚ ਮਾਰਨ ਵਾਲਿਓ ਪਾਪ ਨਹੀਂ ਬਖ਼ਸ਼ੇ ਜਾਣੇ
ਪ੍ਰੀਵਾਰ ਦੀ ਸੁੰਦਰ ਬਗੀਚੀ ਦੇ ਵਿਚ ਦੋਨੋਂ ਫੁੱਲ ਸੁਹਾਣੇ
"ਗਿੱਲ ਮਲਕੀਤ" ਆਪਾਂ ਸਭ ਮਿਲ ਕੇ
ਨਵੀਆਂ ਪਿਰਤਾਂ ਪਾਈਏ।
ਧੀਆਂ ਤੇ ਪੁੱਤ ਇੱਕ ਬਰਾਬਰ ਦੁਨੀਆਂ ਨੂੰ ਸਮਝਾਈਏ।

**ਮਲਕੀਤ ਸਿੰਘ ਗਿੱਲ (ਭੱਠਲਾਂ)**
**ਸੰਪਰਕ : 94174-90943**



## ਧੀ ਦੀ ਲੋਹੜੀ

ਧੀ ਪੁੱਤ ਦੀ ਖੁਸ਼ੀ ਵੀ ਸਾਂਝੀ
ਨਵੀਂ ਸਦੀ ਹੀ ਹਵਾ ਨਿਰਾਲੀ
ਉਹ ਕੁੱਖ ਵੀ ਕਰਮਾਂ ਵਾਲੀ ਏ
ਅਸੀਂ ਲੋਹੜੀ ਧੀ ਲਈ ਬਾਲੀ ਹੈ

ਮਾਪਿਆਂ ਲਈ ਹਰ ਬੱਚਾ ਪਿਆਰਾ
ਪੁੱਤ ਬਣੇ ਭਾਵੇਂ ਧੀ ਸਹਾਰਾ
ਉਨ੍ਹਾਂ ਸੋਚ ਸਿਰੇ ਦੀ ਪਾਲੀ ਏ
ਅਸੀਂ ਲੋਹੜੀ ਧੀ ਲਈ ਬਾਲੀ ਹੈ

ਮਿਹਨਤ ਅੱਗੇ ਪਹਾੜ ਵੀ ਟੁੱਟਦਾ
ਬਣਦੀ ਪਾਇਲਟ ਤਾਂ ਅੰਬਰ ਝੁੱਕਦਾ
ਡੀ.ਸੀ. ਬਣਨ ਦੀ ਰੀਝ ਪੁੱਗਾ ਲੀ ਏ
ਅਸੀਂ ਲੋਹੜੀ ਧੀ ਲਈ ਬਾਲੀ ਹੈ

ਜੋ ਕਹਿੰਦੀ ਸੀ ਪੱਥਰ ਆ ਗਏ
ਕਰਨਲ ਬਣਨ ਦੀ ਜਦ ਚਿੱਠੀ ਆਈ
ਉਹਨੇ ਹੰਝੂਆ ਨਾਲ ਭਰਤੀ ਥਾਲੀ ਏ
ਅਸੀਂ ਲੋਹੜੀ ਧੀ ਲਈ ਬਾਲੀ ਹੈ

ਧਾਲੀਵਾਲ ਇਹ ਫਰਕ ਮਿਟ ਜਾਣਾ
ਧੀਆਂ ਨੇ ਵੀ ਮਿੱਠੇ ਮੇਵੇ ਬਣ ਆਣਾ
ਸਬਰ ਰੱਖੀਏ, ਕਾਹਤੋਂ ਕਰਨੀ ਕਾਹਲੀ ਏ
ਅਸੀਂ ਲੋਹੜੀ ਧੀ ਲਈ ਬਾਲੀ ਹੈ

**-ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ,**
**ਪੰਜਾਬ ਹਰਿਆਣਾ ਹਾਈਕੋਰਟ ਚੰਡੀਗੜ੍ਹ**
**ਮੋਬ : 78374-90309**



## ਧੀਆਂ ਦੀ ਲੋਹੜੀ

ਪੁੱਤ ਮੰਗਦੇ ਹੋ ਰੱਬ ਕੋਲੋਂ ਅਰਦਾਸਾਂ ਕਰਕੇ,
ਕਦੇ ਧੀਆਂ ਵੀ ਉਸ ਕੋਲੋਂ ਮੰਗੋ ਮਿੱਤਰੋ।
ਪੁੱਤ ਜੰਮਿਆਂ 'ਤੇ ਬੜੀ ਖੁਸ਼ੀ ਹੋ ਮਨਾਉਂਦੇ,
ਧੀਆਂ ਜੰਮੀਆਂ ਦੀ ਵੀ ਲੋਹੜੀ ਵੰਡੋ ਮਿੱਤਰੋ।
ਕੋਈ ਹੁੰਦਾ ਨਾ ਫਰਕ ਧੀਆਂ ਤੇ ਪੁੱਤਾਂ ਵਿਚ,
ਪੁਰਾਣੇ ਵਿਚਾਰ ਹੁਣ ਛਿੱਕੇ ਟੰਗੋ ਮਿੱਤਰੋ।
ਸਖਤ ਮਿਹਨਤ ਕਰਕੇ ਇਹ ਅੱਗੇ ਵੱਧਣ,
ਧੀਆਂ ਦੀਆਂ ਜਿੱਤਾਂ ਦੱਸਣ ਵੇਲੇ ਨਾ ਸੰਗੋ ਮਿੱਤਰੋ।
ਧੀਆਂ 'ਤੇ ਕਰੜੀ ਨਜ਼ਰ ਰੱਖਣੀ ਠੀਕ ਹੈ,
ਪਰ ਪੁੱਤਾਂ ਨੂੰ ਵੀ ਰੰਬੇ ਵਾਂਗ ਚੰਡੋ ਮਿੱਤਰੋ।
ਤੁਹਾਡੀ ਸੁੱਖ ਮੰਗਣ ਹਰ ਵੇਲੇ ਰੱਬ ਕੋਲੋਂ,
ਤੁਸੀਂ ਵੀ ਧੀਆਂ ਦੀ ਸੁੱਖ ਮੰਗੋ ਮਿੱਤਰੋ।
ਇਹ ਵੰਡਣ ਪਿਆਰ ਸਭ ਕੁੱਝ ਭੁਲਾ ਕੇ,
ਤੁਸੀਂ ਵੀ ਧੀਆਂ ਨੂੰ ਪਿਆਰ ਵੰਡੋ ਮਿੱਤਰੋ।

**-ਮਹਿੰਦਰ ਸਿੰਘ ਮਾਨ, ਨਵਾਂ ਸ਼ਹਿਰ**
**99158-03554**



## ਰੱਬ ਦੀਆਂ ਖੇਡਾਂ

ਜਿੱਤ ਮਿਲਜੇ, ਰਣ ਵਿਚ ਲੜਦੇ ਨੂੰ
ਸਾਹ ਮਿਲਜੇ, ਵਾਧੂ ਮਰਦੇ ਨੂੰ
ਨਿੱਘ ਮਿਲਜੇ ਬੰਦੇ ਠਰਦੇ ਨੂੰ
ਜਾਂ ਮਿਲਜੇ ਆਸਰਾ ਹੜਦੇ ਨੂੰ
ਫਿਰ ਸਮਝੋ ਰੱਬ ਦੀਆਂ ਮਿਹਰਾਂ ਨੇ

ਜਦੋਂ ਪਾਣੀ ਮਿਲੇ ਪਿਆਸੇ ਨੂੰ
ਜਾਂ ਮਿਲਜੇ ਗਰਾਂਟ ਇਲਾਕੇ ਨੂੰ
ਪੁੱਤ ਮਿਲਜੇ ਵਿਛੜੀਆਂ ਮਾਵਾਂ ਨੂੰ
ਟੁੱਕ ਮਿਲਜੇ ਭੁੱਖਿਆਂ ਕਾਵਾਂ ਨੂੰ
ਫਿਰ ਸਮਝੋ ਰੱਬ ਦੀਆਂ ਮਿਹਰਾਂ ਨੇ

ਸੱਪ ਬੱਚਜੇ ਬਾਜ ਦੇ ਪੰਜਿਆਂ 'ਚੋਂ
ਕੋਈ ਬੱਚਜੇ ਸੱਪ ਦੇ ਡੰਗਿਆਂ ਤੋਂ
ਕੋਈ ਬੱਚਜੇ ਸ਼ੇਰ ਦੇ ਮੂੰਹ ਵਿਚੋਂ
ਕੋਈ ਬੱਚਜੇ ਡਿੱਗ ਕੇ ਖੂਹ ਵਿਚੋਂ
ਇਹ ਮਿੱਤਰੋ ਰੱਬ ਦੀਆਂ ਮਿਹਰਾਂ ਨੇ

ਛੜੇ ਨੂੰ ਵਹੁਟੀ ਮਿਲ ਜਾਵੇ
ਨਿੱਤ ਤਾਜ਼ੀ ਰੋਟੀ ਮਿਲ ਜਾਵੇ
ਜਦੋਂ ਰਾਣੀ ਮਿਲਜੇ ਗੋਲੇ ਨੂੰ
ਜਦ ਮੁੰਦੀ ਮਿਲੇ ਵਿਚੋਲੇ ਨੂੰ
ਜਦ ਖੁਸ਼ੀ 'ਚ ਵੱਜਦੀਆਂ ਲੇਰਾਂ ਨੇ
ਫਿਰ ਸਮਝੋ ਰੱਬ ਦੀਆਂ ਮਿਹਰਾਂ ਨੇ

ਜਦ ਡਾਲਰ ਚਾਰ ਕੁ ਜੁੜਦੇ ਆ
ਫਿਰ ਪਿੰਡ ਪਰਦੇਸੀ ਮੁੜਦੇ ਆ
ਜਦ ਘਰਦਾ ਕੁੰਡਾ ਖੁੱਲਦਾ ਏ
ਫਿਰ ਅੱਖ 'ਚੋਂ ਹੰਝੂ ਡੁੱਲਦਾ ਏ
ਗੱਡੀ 'ਚੋਂ ਟੈਚੀ ਲਾਹੁੰਦਾ ਏ
ਘੁੱਟ ਮਾਂ ਨੂੰ ਜੱਫੀ ਪਾਉਂਦਾ ਏ
ਖੇਤਾਂ ਦੀ ਗੇੜੀ ਲਾਉਂਦਾ ਏ
ਬਹਿ ਮੋਟਰ ਉੱਤੇ ਨਾਹੁੰਦਾ ਏ
ਖੜ ਪੈਲੀ ਵੱਲ ਨੂੰ ਤੱਕਦਾ ਏ
ਧਾਹ ਨਿੱਕਲੇ ਕਾਲਜਾ ਮੱਚਦਾ ਏ
ਪੈਲੀ ਨੂੰ ਬੈਠ ਕੇ ਛੋਹ ਲੈਂਦਾ
ਫਿਰ ਡਾਣਸੀਵਾਲੀਆ ਰੋ ਪੈਂਦਾ
ਫਿਰ ਕਹਿੰਦਾ ਹੋ ਗਏ ਧੋਖੇ ਆ
ਸਭ ਰੱਬ ਦੇ ਲੇਖੇ ਜੋਖੇ ਆ
ਸਭ ਰੱਬ ਦੇ ਲੇਖੇ ਜੋਖੇ ਆ

**ਕੁਲਵੀਰ ਸਿੰਘ ਡਾਨਸੀਵਾਲ,**
**ਸਰ੍ਹੀ, ਬੀ.ਸੀ. ਕੈਨੇਡਾ**
**778-863-2472**



## ਪੱਥਰ ਦਿਲ ਕੀ ਜਾਨਣ ਮਨੁੱਖੀ ਪੀੜਾਂ ਨੂੰ

ਬੰਦੇ-ਬੰਦੇ ਵਿਚ ਅੰਤਰ
ਕੋਈ ਫੁੱਲ ਤੇ ਕੋਈ ਕੰਕਰ
There are men and men
but every stone is not a gem.
ਪੱਥਰ ਦਿਲ ਕੀ ਜਾਨਣ
ਭਾਵਨਾਵਾਂ, ਮੁਹੱਬਤ, ਅਹਿਸਾਸਾਂ,
ਹਮਦਰਦੀ, ਦਇਆ, ਜਜ਼ਬਾਤਾਂ,
ਦੁੱਖ-ਦਰਦ ਤੇ ਮਨੁੱਖੀ ਪੀੜਾਂ ਨੂੰ
ਪੱਥਰ ਦਿਲ ਕੀ ਜਾਨਣ, ਬੇਇਨਸਾਫੀਆਂ,
ਧੱਕੇਸ਼ਾਹੀਆਂ,
ਪ੍ਰਾਧੀਨਤਾ, ਬੇਇੱਜ਼ਤੀ, ਗਮ, ਜ਼ਖਮਾਂ ਤੇ ਮਨੁੱਖੀ ਪੀੜਾਂ
ਨੂੰ
ਆਪਣੇ ਪਿਆਰਿਆਂ, ਚਹੇਤਿਆਂ, ਪ੍ਰਸ਼ੰਸਕਾਂ
ਦੇ ਵਿਛੋੜੇ ਦਾ ਹੁੰਦਾ ਏ ਦੁੱਖ, ਦਰਦ ਡਾਢਾ
ਵਿਛੋੜੇ ਵਿਚ ਭੁੱਖਾਂ ਨੀਂਦਰਾ ਸਭ ਉੱਡ ਜਾਵਣ
ਰਾਤਾਂ ਬੀਤ ਜਾਣ ਵਿਛੋੜੇ ਦੀ ਯਾਦ ਵਿਚ
ਦਿਨ ਬੀਤ ਜਾਂਦਾ ਏ ਗਮੀ, ਉਦਾਸੀ,
ਬੇਚੈਨੀਆਂ ਤੇ ਪ੍ਰੇਸ਼ਾਨੀਆਂ ਵਿਚ
ਪਰ ਪੱਥਰ ਦਿਲ ਕੀ ਜਾਨਣ
ਵਿਛੋੜੇ ਦੀਆਂ ਮਨੁੱਖੀ ਪੀੜਾਂ ਨੂੰ
ਜਦੋਂ ਸੱਜਣਾਂ ਦੀ ਯਾਦ ਆਵੇ
ਹੰਝੂਆਂ ਦੀ ਲੱਗ ਜਾਵੇ ਝੜੀ
ਤੇ ਛਮ ਛਮ ਰੋਣ ਅੱਖੀਆਂ
ਪਰ ਪੱਥਰ ਦਿਲ ਕੀ ਜਾਨਣ ਹੰਝੂਆਂ ਦੀ ਕੀਮਤ ਨੂੰ
ਆਪਣਿਆਂ ਤੇ ਯਾਰਾਂ ਬਿਨਾਂ ਨਾ ਦੁੱਖੜੇ ਰੋਏ ਜਾਂਦੇ
ਫੁੱਲਾਂ ਬਿਨਾਂ ਨਾ ਹਾਰ ਪਰੋਏ ਜਾਂਦੇ
ਫੁੱਲ ਵੰਡਦੇ ਮਨੁੱਖ ਨੂੰ ਖੁਸ਼ਬੂ
ਫੁੱਲ ਬਣਦੇ ਨੇ ਪਰਉਪਕਾਰੀ ਵਿਅਕਤੀਆਂ ਦੇ ਗਲੇ
ਦਾ ਹਾਰ
ਪਰ ਪੱਥਰ ਦਿਲ ਕੀ ਜਾਨਣ ਸਾਰ ਫੁੱਲਾਂ ਦੀ
ਜਿਹੜੇ ਤੋੜ ਕੇ ਹੱਥ ਵਿਚ ਫੜ ਲੈਂਦੇ
ਪੱਥਰ ਦਿਲ ਕੀ ਜਾਨਣ ਮਨੁੱਖੀ ਪੀੜਾਂ ਦੇ ਅਹਿਸਾਸ ਨੂੰ

**-ਮਾਸਟਰ ਨਿਰਮਲ ਸਿੰਘ ਲਾਲੀ,**
**ਯੂਬਾ ਸਿਟੀ**
**530-777-0955**



## ਕੁੜੀਆਂ

***ਲੋਹੜੀ ਨੂੰ ਸਮਰਪਿਤ:***

ਮੁੰਡਾ ਜੰਮੇ ਲੱਡੂ ਵੰਡਦੇ, ਕੁੜੀ 'ਤੇ ਕਿਉਂ ਨਹੀਂ ਬਰਫ਼ੀ?
ਕੁੜੀ ਜੰਮਣ 'ਤੇ ਕਿਉਂ ਕੁੜ੍ਹਦੇ, ਮੁੰਡੇ 'ਤੇ ਖੁਸ਼ੀ ਚੌਤਰਫ਼ੀ ?
ਕੁੜੀ ਮਾਰਾਂ ਦਾ ਭੈੜਾ ਫੱਟਾ, ਕਿਉਂ ਪੰਜਾਬ ਦੇ ਮੱਥੇ ਲੱਗੇ?
ਫਿਟਕਾਰਾਂ ਧਰਮ ਭੀ ਮਾਰੇ, ਫਿਰ ਸੁੱਤਾ ਕਿਉਂ ਨਾ ਜਾਗੇ?

ਧੀ ਪੁੱਤ ਵਿਚ ਫਰਕ ਨਾ ਕੋਈ, ਦੋਨੋਂ ਇੱਕੋ ਮਾਂ ਕੁੱਖੋਂ ਜਾਏ।
ਸੀਰ ਚੁੰਘਿਆ ਇੱਕੋ ਮਾਂ ਦਾ, ਇੱਕੋ ਜਿਹੇ ਨੇ ਲਾਡ ਲਡਾਏ।
ਫਿਰ ਕੁੜੀ ਕਿਉਂ ਭੰਡਦੇ ਨੇ, ਜੱਗ ਨੂੰ ਮੂਲੋਂ ਸ਼ਰਮ ਨਾ ਆਏ।
ਖੜੇ ਮੱਥੇ 'ਤੇ ਹੱਥ ਮਾਰਨ, ਪੁੱਤਾਂ ਨਸ਼ਿਆਂ 'ਚ ਚੰਨ ਚੜ੍ਹਾਏ।

ਧੀਆਂ ਪੁੱਤਰ ਤੋਂ ਘੱਟ ਨਹੀਂ, ਵਿਚ ਅਸਮਾਨੀ ਲਾਂਵਣ ਤਾਰੀ।
ਜਹਾਜ਼ ਦੀ ਪਾਇਲਟ ਬਣਗੀ, ਰਾਕਟ ਦੀ ਵੀ ਕਰੇ ਸਵਾਰੀ।
'ਕਲਪਨਾ ਚਾਵਲਾ' ਤੇ 'ਸੁਨੀਤਾ', ਅਕਾਸ਼ਾਂ ਦੀ ਭਰੇ ਉਡਾਰੀ।
ਫਿਰ ਅੱਜਤੱਕ ਕਿਉਂ ਆਖਦੇ, ਨੀਂ ਕੁੜੀਏ ਤੂੰ ਕਿਸਮਤ ਮਾਰੀ?

ਪੁੱਤ ਵਿਆਹੀਏ ਨੂੰਹਾਂ ਆਵਣ, ਧੀ ਵਿਆਹੀਏ ਤਾਂ ਜਵਾਈ।
ਪੋਤੇ ਪੋਤੀਆਂ ਵਿਹੜੇ ਖੇਡਣ, ਰਲ ਦੋਹਤੇ ਦੋਹਤੀਆਂ ਤਾਈਂ।
ਰਸਦਾ ਵਸਦਾ ਪਰਿਵਾਰ ਹੋਵੇ, ਫਿਰ ਲੋਕੀਂ ਸਿਫ਼ਤਾਂ ਕਰਦੇ।
ਖੁਸ਼ੀਆਂ ਖੇੜੇ ਡੁੱਲ੍ਹ ਡੁੱਲ੍ਹ ਪੈਂਦੇ, ਇਕੱਠੇ ਬੈਠ ਠਹਾਕੇ ਵੱਜਦੇ।

ਕੁੜੀਆਂ ਚਿੜੀਆਂ ਚਹਿਕਣ, ਤਾਂ ਚੰਗੀਆਂ ਲੱਗਦੀਆਂ ਨੇ।
ਹੱਸਣ ਖੇਡਣ ਮਹਿਕਣ, ਤਾਂ ਫਿਰ ਉਹ ਜੱਚਦੀਆਂ ਨੇ।
ਮੋਹ ਸਹੁਰੇ ਘਰ ਤੋਂ ਭਾਲਣ, ਤਾਂ ਫਿਰ ਉਹ ਰੱਚਦੀਆਂ ਨੇ।
ਮਾਪਿਆਂ ਨੂੰ ਭੁੱਲ ਜਾਵਣ, ਤਾਂ ਸਦਾ ਸੁਖੀ ਵੱਸਦੀਆਂ ਨੇ।

**-ਸੇਵਾ ਸਿੰਘ "ਨੂਰਪੁਰੀ"**



## ਦਿਨ ਲੋਹੜੀ ਦਾ

ਫਿਰ ਆਇਆ ਦਿਨ ਲੋਹੜੀ ਦਾ।
ਸ਼ਗਨ ਹੈ ਗੁੜ ਦੀ ਰੋੜੀ ਦਾ।

'ਕੱਠੇ ਹੋ ਕੇ ਬੈਠਾਂਗੇ,
ਧੂਣੀ ਦੀ ਅੱਗ ਸੇਕਾਂਗੇ।
ਨਿੱਘ ਸਾਨੂੰ ਵੀ ਲੋੜੀਦਾ।
ਫਿਰ ਆਇਆ ਦਿਨ ਲੋਹੜੀ ਦਾ।

ਬੱਚੇ ਟੋਲੀਆਂ ਵਿਚ ਆਏ,
ਪਾਥੀਆਂ ਮੰਗ ਕੇ ਲੈ ਆਏ।
ਥੋੜ੍ਹਾ-ਥੋੜ੍ਹਾ ਜੋੜੀਦਾ।
ਫਿਰ ਆਇਆ ਦਿਨ ਲੋਹੜੀ ਦਾ।

ਸਾਲ ਹੈ ਮੇਲਾ ਹੈ ਪਹਿਲਾ,
ਗੁੱਜਕ ਦਾ ਭਰਿਆ ਥੈਲਾ।
ਮੂੰਗਫਲੀਆਂ ਨੂੰ ਤੋੜੀਦਾ।
ਫਿਰ ਆਇਆ ਦਿਨ ਲੋਹੜੀ ਦਾ।

ਨੱਚੀਏ ਤੇ ਭੰਗੜੇ ਪਾਈਏ,
ਰਲ਼ 'ਰੂਹੀ' ਨਾਲ਼ ਸਭ ਗਾਈਏ।
'ਕੱਲਿਆਂ ਕਿਸੇ ਨਹੀਂ ਛੋੜੀਦਾ।
ਫਿਰ ਆਇਆ ਦਿਨ ਲੋਹੜੀ ਦਾ।

ਸਾਡੇ ਮੇਲੇ ਤੇ ਤਿਉਹਾਰ,
ਖੇੜਿਆਂ ਦੀ ਮਹਿਕੇ ਗੁਲਜ਼ਾਰ।
ਸੁੱਤਿਆਂ ਨੂੰ ਝੰਜੋੜੀਦਾ।
ਫਿਰ ਆਇਆ ਦਿਨ ਲੋਹੜੀ ਦਾ।

ਆਓ ਸਾਰੇ ਪੁੰਨ ਕਰੀਏ,
ਦੁਖ-ਸੋਗ ਸਭ ਦੇ ਹਰੀਏ।
ਖਾਲੀ ਕੋਈ ਨਹੀਂ ਮੋੜੀਦਾ।
ਫਿਰ ਆਇਆ ਦਿਨ ਲੋਹੜੀ ਦਾ।

**-ਪ੍ਰੋ. ਨਵ ਸੰਗੀਤ ਸਿੰਘ,**
**ਪਟਿਆਲਾ**
**94176-92015**



## ਮਾਘੀ ਦਾ ਤਿਉਹਾਰ

ਆਇਆ ਮਾਘੀ ਦਾ ਤਿਉਹਾਰ,
ਲੈ ਕੇ ਖੁਸ਼ੀਆਂ ਹਜ਼ਾਰ।
ਸਾਰੇ ਮੇਲੇ ਵਿਚ ਆਏ,
ਕਰ ਹਾਰ ਤੇ ਸ਼ਿੰਗਾਰ।

ਆਓ ਮੁਕਤਸਰ ਜਾਈਏ,
ਗੁਰੂ-ਘਰ ਸਿਰ ਝੁਕਾਈਏ।
ਟੁੱਟੀ ਗੰਢੀ ਜਾ ਕੇ ਨ੍ਹਾਈਏ,
ਭਾਵੇਂ ਮੌਸਮ ਠੰਢਾ-ਠਾਰ।

ਇਹ ਸੀ ਢਾਬ ਖਿਦਰਾਣਾ,
ਗੁਰਾਂ ਕੀਤਾ ਆ ਟਿਕਾਣਾ।
ਘੇਰਾ ਮੁਗਲਾਂ ਨੇ ਪਾਇਆ,
ਤੇਗ਼ਾਂ-ਤੀਰਾਂ ਕੀਤੇ ਵਾਰ।

ਸ਼ੀਹਣੀ ਇੱਕ ਭਾਗੋ ਮਾਈ,
ਐਸੀ ਤੇਗ਼ ਉਸ ਚਲਾਈ।
ਤਾਅਨੇ ਸਿੰਘਾਂ ਤਾਈਂ ਦਿੱਤੇ,
ਸਿੰਘ ਹੋਏ ਸ਼ਰਮਸਾਰ।

ਮਹਾਂ ਸਿੰਘ ਦਾ ਬੇਦਾਵਾ,
ਹੁਣ ਕੀਤਾ ਪਛੋਤਾਵਾ।
ਜੰਗ ਜੌਹਰ ਉਹ ਵਿਖਾਏ,
ਦਿੱਤੀ ਵੈਰੀਆਂ ਨੂੰ ਹਾਰ।

ਗੁਰੂ ਟੁੱਟੀ ਏਥੇ ਗੰਢੀ,
ਕੀਤੀ ਮੰਦੀਓਂ ਸੀ ਚੰਗੀ।
ਚਾਲ਼ੀ ਮੁਕਤਿਆਂ ਦਾ ਕੀਤਾ,
ਹੱਥੀਂ ਆਪ ਸਸਕਾਰ।

ਵੇਖੋ ਸਜੀਆਂ ਦੁਕਾਨਾਂ,
ਢਾਲਾਂ ਤੇ ਨੇ ਕਿਰਪਾਨਾਂ।
ਵਿਚ ਰਾਜਸੀ ਇਕੱਠਾਂ,
ਭਾਸ਼ਣ ਹੁੰਦੇ ਧੂੰਆਂਧਾਰ।

ਲੰਗਰ ਕਈ ਥਾਈਂ ਲੱਗੇ,
ਵੱਜੇ ਢੋਲ ਉੱਤੇ ਡੱਗੇ।
ਛਿੰਝਾਂ ਵਿਚ ਕਿਵੇਂ ਉੱਡੇ,
ਧੂੰਆਂ-ਧੂੜ ਤੇ ਗ਼ੁਬਾਰ।

ਸੱਚੇ ਗੁਰੂ ਨੂੰ ਧਿਆਈਏ,
ਗੁਰਬਾਣੀ ਨਿੱਤ ਗਾਈਏ।
'ਰੂਹੀ' ਜਪੁਜੀ ਵੀ ਪੜ੍ਹੇ,
ਨਾਲ਼ੇ ਪੜ੍ਹੇ ਚੰਡੀ-ਵਾਰ।

ਮੰਗੋ ਸਭ ਦੀ ਭਲਾਈ,
ਦਿਲੋਂ ਕੱਢੀਏ ਬੁਰਾਈ।
ਛੱਡੋ ਵੈਰ ਤੇ ਵਿਰੋਧ,
ਕਰੋ ਸਭ ਨੂੰ ਪਿਆਰ।

**-ਪ੍ਰੋ. ਨਵ ਸੰਗੀਤ ਸਿੰਘ,**
**ਪਟਿਆਲਾ**
**94176-92015**





RE/MAX
RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567



Gurjatinder S. Randhawa
REALTOR CA DRE licence # 01490567

## FOR SALE & PURCHASE OF ANY KIND OF PROPERTY

## ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

**Gurjatinder S. Randhawa**

**916-320-9444**

web: www.RealtorRandhawa.com

garysingh123@yahoo.com